# ਵਰਿਆਮ

ਤ੦ਵਾਂ ਸਾਲ

ਫ਼ਰਵਰੀ, ੨੦੦੫




ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਉਤਸਵ ਬਸੰਤ ਪੰਚਮੀ

Namdhari Elibrary NamdhariElibrary@gmail.com



ਸਤਿਗੁਰੂ ਰਾਮ ਸਿੰਘ ਜੀ

ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ ਗਵਨ (ਜਲਾਵਤਨੀ) ਦੇ ਸਮੇਂ

ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਅਤੇ ਵਿਯੋਗਮਈ ਸੰਗਤਾਂ ਤੋਂ ਵਿਦਾ ਹੁੰਦਿਆਂ।

੧੭ ਜਨਵਰੀ ੧੮੭੨ ਈ:

Namdhari Elibrary NamdhariElibrary@gmail.com

# ਵਰਿਆਮ


ਫਰਵਰੀ-੨੦੦੫

ਜਿਲਦ-੩੦

ਅੰਕ-੪



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

Office Address:
Monthly WARIAM
(Punjabi)
Ladowali Road.
Opp. Central Town,
Jalandhar-144001
Ph.: 2222543 (O)
2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਮੈਂ ਇਕ ਭੁੱਲਿਆ ਭਟਕਿਆ ਰਾਹੀ —*ਜਗਦੀਸ਼ ਸਿੰਘ* .......... ੨
ਬਾਬਾ ਨਾਨਕ : —*ਸ.ਸ. ਮੀਸ਼ਾ* .......... ੪
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ —*ਸੁਵਰਨ ਸਿੰਘ ਵਿਰਕ* .......... ੫
ਸੁਨਾਮੀ ਸੁਪਨੇ —*ਲਖਵਿੰਦਰ ਜੌਹਲ* .......... ੧੫
ਨਾਮਧਾਰੀ ਇਤਿਹਾਸ ਦਾ ਭੰਡਾਰ
ਸਤਿਗੁਰੂ ਪ੍ਰਤਾਪ ਸਿੰਘ ਜੀ —*ਸਵਰਨ ਸਿੰਘ ਸਨੇਹੀ* ... ੧੭
ਨਵੇ ਵਰ੍ਹੇ ਦੇ ਸੂਰਜ —*ਕਰਤਾਰ ਸਿੰਘ ਕਾਲੜਾ* .......... ੨੧
ਸੋਹਣਾ ਪੰਜਾਬ —*ਨੀਲਮ ਸੰਜੀਵ* .......... ੨੧
ਗ਼ਜ਼ਲ —*ਮਹਿਮਾ ਸਿੰਘ ਤੂਰ* .......... ੨੧
ਰੁਬਾਈਆਂ —*ਨਵਰਾਹੀ ਘੁਗਿਆਣਵੀ* .. ੨੧
ਆਖ਼ਰ ਆਣ ਸਮਾਵਣਗੇ —*ਦਲਬੀਰ ਸਿੰਘ ਤਰਸ* ... ੨੨
ਗੀਤ— ਪ੍ਰੀਤਮ ਦੀ ਯਾਦ —*ਦਲਬੀਰ ਸਿੰਘ ਤਰਸ* .. ੨੩
ਸਜਦਾ —*ਜੁਗਿੰਦਰ ਸਿੰਘ ਮੁਕਤਾ* ... ੨੪
ਗੀਤ —*ਪੂਰਨ ਸਿੰਘ ਨਿਰਾਲਾ* .......... ੨੬
ਅੱਜ ਕਲ੍ਹ ਦਾ ਬੰਦਾ— *ਪ੍ਰੋ. ਕੁਲਵੰਤ ਸਿੰਘ* .......... ੨੫
ਅਜੋਕੇ ਸਾਹਿਤਕ ਇਨਾਮ —*ਬਲਬੀਰ ਸਿੰਘ ਕੰਵਲ* .... ੨੬
ਗੀਤ —*ਚਰਨ ਸੀਚੇਵਾਲਵੀ* .......... ੨੬
ਯੋਗ ਤੇ ਸਦਾਚਾਰੀ ਸਮਾਜ ਵਿਕਾਸ —*ਕਰਤਾਰ ਸਿੰਘ ਨੀਲਧਾਰੀ* .... ੨੭
ਵਿਜੋਗੇ ਤੇ ਵੈਰਾਗੇ ਲੋਕਾਂ ਦੀ ਦਾਸਤਾਨ —*ਸੁਵਰਨ ਸਿੰਘ ਵਿਰਕ* .......... ੨੯
ਉਸਤਾਦ ਸਲਾਮਤ ਅਲੀ —*ਬਲਬੀਰ ਸਿੰਘ ਕੰਵਲ* .. ੩੩
ਸੁਆਮੀ ਜੀ —*ਮਹਿੰਦਰ ਸਿੰਘ ਮਠਾਰੂ ਚਿਤਾਰ* .......... ੩੫
ਕੀ ਹੋਇਆ —*ਕਰਤਾਰ ਸਿੰਘ ਪੰਛੀ* .......... ੩੭
ਇੰਜ ਦੇ ਵੀ ਹੋਂਦੇ ਨੇ ਲੋਕ —*ਸਾਧੂ ਸਿੰਘ ਕਿਸਾਨ* ..... ੩੮
ਖ਼ਬਰਨਾਮਾ .......... ੩੯
ਪ੍ਰਤੀਕਿਰਿਆ .......... ੪੫





Namdhari Elibrary NamdhariElibrary@gmail.com

# ਮੈਂ ਇਕ ਭੁੱਲਿਆ ਭਟਕਿਆ ਰਾਹੀ

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਹਮੇਸ਼ਾ ਬਸੰਤ ਪੰਚਮੀ ਦੇ ਦਿਨ ਆਉਂਦਾ ਹੈ ਜੋ ਇਸ ਵਾਰ ੧੩ ਫਰਵਰੀ ਨੂੰ ਹੈ। ਹਰ ਸਾਲ ਇਸ ਦਿਨ 'ਤੇ ਅਤੇ ਇਸ ਦੇ ਆਸ-ਪਾਸ ਸਾਰੇ ਨਾਮਧਾਰੀ ਸੰਸਾਰ ਵਿਚ ਇਹ ਦਿਨ ਬਹੁਤ ਚਾਅ ਅਤੇ ਹੁਲਾਸ ਨਾਲ ਮਨਾਇਆ ਜਾਂਦਾ ਹੈ। ਅਸੀਂ ਵੀ ਵਰਿਆਮ ਰਾਹੀਂ ਅਤੇ ਹੋਰ ਵੱਡੀਆਂ ਅਖ਼ਬਾਰਾਂ ਵਿਚ ਜਾਂ ਰੇਡੀਓ ਟੈਲੀਵੀਜ਼ਨ ਰਾਹੀਂ ਇਸ ਦਿਵਸ ਤੇ ਲੇਖ, ਖ਼ਬਰਾਂ ਅਤੇ ਵਿਸ਼ੇਸ਼ ਪ੍ਰੋਗਰਾਮ ਕਰਦੇ ਕਰਵਾਉਂਦੇ ਰਹੇ ਹਾਂ। ਇਸ ਵਾਰ ਵੀ ਇਸ ਵਿਸ਼ੇ ਤੇ ਹਥਲੇ ਅੰਕ ਵਿਚ ਕਾਫੀ ਸਾਮਗਰੀ ਹੈ। ਸੁਵਰਨ ਸਿੰਘ ਵਿਰਕ ਹੋਰਾਂ ਦੇ ਦੋ ਲੇਖ ਹਨ। ਇਕ ਤਾਂ ਸੰਤ ਸੰਤੋਖ ਸਿੰਘ ਨਾਮਧਾਰੀ ਜਿਨ੍ਹਾਂ ਨੇ 'ਸਤਿਗੁਰੂ ਬਿਲਾਸ' ਲਿਖਿਆ ਉਹਨਾਂ ਦੇ ਗ੍ਰੰਥ ਬਾਰੇ ਲੇਖ ਹੈ ਅਤੇ ਦੂਸਰਾ ਸਵਰਗੀ ਮਿਤਰ ਪ੍ਰੀਤਮ ਸਿੰਘ ਪੰਛੀ ਬਾਰੇ ਹੈ। ਬਾਬਾ ਸੰਤੋਖ ਸਿੰਘ ਜੀ ਦਾ ਗ੍ਰੰਥ ਇਕ ਸਦੀ ਪੱਛੜ ਕੇ ਛਪਿਆ ਹੈ। ਜਿਥੇ ਇਸ ਅਹਿਮ ਗ੍ਰੰਥ ਦੀ ਵਾਕਫੀਅਤ ਇਸ ਲੇਖ ਵਿਚ ਹੈ ਉਥੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਜੀਵਨ ਬਾਰੇ ਚਰਚਾ ਹੈ। ਇਸ ਅਵਸਰ ਤੇ ਇਹ ਲੇਖ ਇਸ ਅੰਕ ਵਾਸਤੇ ਇਹ ਢੁਕਵਾਂ ਤੋਹਫਾ ਹੈ। ਉਹਨਾਂ ਦਾ ਦੂਸਰਾ ਲੇਖ ਪ੍ਰੀਤਮ ਸਿੰਘ ਪੰਛੀ ਬਾਰੇ ਹੈ। ਉਸ ਵਿਚ ਵੀ ਨਾਮਧਾਰੀ ਕੂਕਾ ਤਹਿਰੀਕ ਬਾਰੇ ਜਾਣਕਾਰੀ ਮਿਲਦੀ ਹੈ। ਸੁਵਰਨ ਸਿੰਘ ਦੀ ਕਲਮ ਵਿਚ ਸ਼ਕਤੀ ਵੀ ਹੈ ਅਤੇ ਰਵਾਨੀ ਵੀ। ਸਚਮੁਚ ਉਹ ਸੁਵਰਨ (ਸੋਨਾ) ਵੀ ਹਨ ਅਤੇ ਸਿੰਘ (ਸ਼ੇਰ) ਵੀ। ਇਸ ਲੇਖ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਹੁੰਦੇ ਹਨ। ਸ. ਸਵਰਨ ਸਿੰਘ ਸਨੇਹੀ ਦੇ ਅੱਗੇ ਚਲਦੇ ਰਹੇ ਲੇਖ ਦੀ ਟੁੱਟੀ ਲੜੀ ਇਕ ਵਾਰ ਫੇਰ ਜੁੜੀ ਹੈ। ਨਾਮਧਾਰੀ ਇਤਿਹਾਸ ਅਤੇ ਇਸ ਦੇ ਲੇਖਕਾਂ ਬਾਰੇ ਬੇਬਾਕ ਟਿਪਣੀਆਂ ਕਰਦਾ ਇਤਿਹਾਸ ਦੇ ਰਚੇਤਿਆਂ ਨੂੰ ਯਾਦ ਕਰਦਾ ਇਹ ਲੇਖ ਨਾਮਧਾਰੀ ਤਹਿਰੀਕ ਦੇ ਪਸਾਰਾਂ ਦੀ ਗੱਲ ਵੀ ਕਰਦਾ ਹੈ। ਸ. ਦਲਬੀਰ ਸਿੰਘ ਤਰਸ ਆਸਟ੍ਰੇਲੀਆ ਵਿਚ ਰਹਿੰਦੇ ਹਨ। ਉਹਨਾਂ ਦੀਆਂ ਤਿੰਨ ਕਾਵਿ ਪੁਸਤਕਾਂ 'ਸੋਹਲੜੇ' 'ਪਰਦੇਸਣ' ਅਤੇ 'ਲਹਿਰਾਂ' ਦਾ ਸੈਟ ਸਾਨੂੰ ਹੁਣੇ ਹੁਣੇ ਹੀ ਪ੍ਰਾਪਤ ਹੋਇਆ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ ਇਹ ਪੰਜਾਬੀ ਕਵਿਤਾ ਦੀ ਨਵ-ਅਧਿਆਤਮਵਾਦੀ ਪਰੰਪਰਾ ਦਾ ਅਗਲਾ ਵਿਸਥਾਰ ਹੈ। ਸ. ਦਲਬੀਰ ਸਿੰਘ ਤਰਸ ਬਹੁਤ ਸਮਾਂ ਪਹਿਲਾਂ ਸਤਿਜੁਗ ਵਿਚ ਛਪਦੇ ਰਹੇ ਹਨ। ਫੇਰ ਕੁਝ ਸਮੇਂ ਦੀ ਛੁੱਟੀ ਬਾਦ ਉਹ ਵਰਿਆਮ ਰਾਹੀਂ ਮੁੜ ਦ੍ਰਿਸ਼ਟਮਾਨ ਹੋਏ ਹਨ। ਇਹਨਾਂ ਸੁੰਦਰ ਪੁਸਤਕਾਂ ਰਾਹੀਂ ਉਹਨਾਂ ਆਪਣੇ ਮਨ ਦੀ ਵੇਦਨਾ, ਬ੍ਰਿਹਾ, ਪੀੜਾ ਅਤੇ ਸ਼ਰਧਾ ਦੇ ਬੁੱਕ ਭਰ ਭਰ ਕੇ ਵੰਡੇ ਹਨ। ਵਰਿਆਮ ਦਾ ਇਹ ਅੰਕ ਮੁਕੰਮਲ ਹੋ ਚੁੱਕਾ ਸੀ, ਪਰ ਅਸੀਂ ਛਪਦੇ ਛਪਦਿਆਂ ਕੁਝ ਰਚਨਾਵਾਂ ਤਰਸ ਜੀ ਦੇ ਧੰਨਵਾਦ ਸਹਿਤ ਲਾ ਦਿੱਤੀਆਂ ਹਨ। ਸਾਡੇ ਇਸ ਪਿਆਰੇ ਲੇਖਕ ਅਤੇ ਪਾਠਕ ਦਾ ਵੀ ਇਸ ਤਰ੍ਹਾਂ ਇਸ ਅੰਕ ਵਿਚ ਹਿਸਾ ਪੈ ਗਿਆ ਹੈ।

ਅਸੀਂ ਜਦੋਂ ਪਰਚਾ ਤਿਆਰ ਕਰਦੇ ਹਾਂ ਤਾਂ ਸੰਪਾਦਕ ਦੇ ਲਿਖਣ ਦੇ ਵਾਸਤੇ ਜੋ ਜਗਹ ਬਚਦੀ ਹੈ ਉਹ ਵੇਖ ਕੇ ਆਖਰ ਵਿਚ ਲਿਖਦੇ ਹਾਂ। ਇਸ ਵਾਰੀ ਬਾਰ-ਬਾਰ ਬਿਜਲੀ ਦੇ ਤੋੜ ਵਿਛੋੜੇ ਕਾਰਨ ਸਭ ਕੁਝ ਏਨਾ ਅਨਿਸਚਿਤ ਹੈ ਕਿ ਪਤਾ ਨਹੀਂ ਇਹ ਅੰਕ ਵਕਤ ਸਿਰ ਤੁਹਾਡੇ ਹੱਥਾਂ ਵਿਚ ਪੁੱਜਦਾ ਵੀ ਹੈ ਕਿ ਨਹੀਂ। ਬਿਜਲੀ ਗਈ ਨਹੀਂ ਕਿ ਕੰਪਿਊਟਰ ਸਾਹਿਬ ਵਿਟਰ ਗਏ। ਜਦੋਂ ਕੰਪਿਊਟਰ ਵੇਹਰ ਜਾਵੇ ਤਾਂ ਭਾਵੇਂ ਸਾਰੇ ਕੁਝ ਦਾ ਸਫਾਇਆ ਕਰ ਦੇਵੇ ਅਤੇ ਹੋਰ ਵੀ ਬਹੁਤ ਕੁਝ ਕਰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਏਨੀ ਵਿਸਤ੍ਰਿਤ ਹੈ ਕਿ ਬੜਾ ਕੁਝ ਲਿਖਣ ਦੇ ਬਾਵਜੂਦ ਵੀ ਉਹਨਾਂ ਦਾ ਇਤਿਹਾਸ ਕਲਾਵੇ 'ਚ ਨਹੀਂ ਆ ਰਿਹਾ। ਯੁਗ ਪੁਰਸ਼ਾਂ ਦੀ ਇਹ ਹੀ ਸਿਫਤ ਹੁੰਦੀ ਹੈ ਕਿ ਯੁਗਾਂ ਤੱਕ ਉਹਨਾਂ ਦੀ ਸਿਫਤਾਂ ਦੇ ਨਵੇਂ ਤੋਂ ਨਵੇਂ ਦਿਸਹੱਦੇ ਕਾਇਮ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਭਾਵੇਂ ਪੰਜਾਬ ਦੇ ਇਕ ਗੁੰਮਨਾਮ ਪਿੰਡ ਵਿਚ ਪੈਦਾ ਹੋਏ ਪਰ ਸਾਧਾਰਨ ਕਿਰਤੀ ਦਾ ਸਪੁੱਤਰ ਦੁਨੀਆ ਦੀ ਬੰਦ-ਖਲਾਸ ਦਾ ਜੁਗ ਪਲਟਾਊ ਰਹਿਬਰ ਬਣਿਆ। ਸੱਚੀ ਗੱਲ ਤਾਂ ਇਹ ਹੈ ਕਿ ਅਜੇ ਤਕ ਸਹੀ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ



Namdhari Elibrary NamdhariElibrary@gmail.com

ਇਤਿਹਾਸ ਨੂੰ ਉਹਨਾਂ ਦੀ ਦੇਣ ਦਾ ਸਹੀ ਅਤੇ ਸਟੀਕ ਮੁਲਾਂਕਣ ਨਹੀਂ ਹੋਇਆ। ਉਹਨਾਂ ਦੇ ਜੀਵਨ ਦਰਸ਼ਨ ਦੀਆਂ ਕਿਰਨਾਂ ਸੂਰਜ ਵਾਂਗ ਹਰ ਪਾਸੇ ਚਮਕੀਆਂ ਹਨ। ਹੁਣ ਸੂਰਜ ਦੀਆਂ ਕਿਰਨਾਂ ਦਾ ਹਿਸਾਬ ਕੌਣ ਕਰੇ।

ਉਹਨਾਂ ਦੇ ਕਾਰਨਾਮੇ ਉਂਗਲਾਂ ਤੇ ਗਿਣ ਗਿਣ ਕੇ ਵਿਦਵਾਨ ਅਤੇ ਪਰਚਾਰਕ ਦਸਦੇ ਹਨ। ਹਰ ਪਾਸੇ ਨਵੇਂ ਤੋਂ ਨਵੇਂ ਦਿਸਹੱਦੇ ਉਹਨਾਂ ਕਾਇਮ ਕੀਤੇ ਹਨ। ਪੈਰ ਪੈਰ ਤੇ ਉਹਨਾਂ ਨੇ ਸੰਘਰਸ਼ ਕੀਤਾ ਹੈ। ਸਰਕਾਰ ਵਲੋਂ, ਭਾਈਚਾਰੇ ਵੱਲੋਂ ਨਿਤ ਨਵੀਆਂ ਰੋਕਾਂ ਨਿਤ ਨਵੇਂ ਪਾਏ ਬਖੇੜੇ ਦਾ ਉਹਨਾਂ ਕੋਲ ਹੱਲ ਸੀ। ਉਹਨਾਂ ਲੋਕਾਂ ਨੂੰ ਸਦਾ ਹੀ ਚੱੜ੍ਹਦੀ ਕਲਾ ਵਿਚ ਰਹਿਣ ਦੇ ਪੂਰਨੇ ਪਾਏ। ਸੱਚ ਆਜ਼ਾਦੀ ਤੇ ਪਹਿਰਾ ਦਿੰਦਿਆ ਉਹਨਾਂ ਦੇ ਪੈਰੋਕਾਰਾਂ ਨੇ ਫਾਂਸੀਆਂ ਦੇ ਰੱਸੇ ਵੀ ਚੁੰਮੇ ਅਤੇ ਤੋਪਾਂ ਅਗੇ ਵੀ ਛਾਤੀਆਂ ਡਾਹੀਆਂ।

ਉਹਨਾਂ ਸੱਚਾ ਸੁਚਾ ਪਹੁੰਚਿਆ ਹੋਇਆ ਅਧਿਆਤਮਕ ਚਿੰਤਨ ਕਰਦਿਆਂ ਸਦਾਚਾਰ ਦੇ ਵੀ ਅਜਿਹੇ ਪੂਰਨੇ ਪਾਏ ਕਿ ਉਹਨਾਂ ਦੇ ਪੈਰੋਕਾਰਾਂ ਨੇ ਉਹਨਾਂ ਆਖੇ ਲੱਗ ਕੇ ਅਦਾਲਤਾਂ ਵਿਚ ਆਪ ਪੇਸ਼ ਹੋ ਕੇ ਦੋਸ਼ ਕਬੂਲ ਕੇ ਫਾਂਸੀਆਂ ਤੇ ਝੂਟ ਜਾਣਾ ਮਨਜ਼ੂਰ ਕੀਤਾ। ਉਹਨਾਂ ਸਿਆਸਤ ਦੀਆਂ ਉਹ ਪੈੜਾਂ ਪਾਈਆਂ ਕਿ ਉਹਨਾਂ ਪੈੜਾਂ ਤੇ ਹੀ ਚਲ ਕੇ ਕੇਵਲ ਭਾਰਤ ਦੀ ਬੰਦ ਖਲਾਸ ਹੀ ਨਹੀਂ ਹੋਈ ਸਗੋਂ ਹੋਰਨਾ ਮਹਾਦੀਪਾਂ ਵਿਚ ਵੀ ਗੁਲਾਮੀ ਦੇ ਸੰਗਲ ਟੁੱਟੇ।

ਧਾਰਮਕ ਸਮਾਜਕ ਖੇਤਰ ਦੇ ਉਹ ਸਿਰਮੌਰ ਮਾਰਗ ਦਰਸ਼ਕ ਸਨ। ਭਰੂਣ ਹੱਤਿਆ ਦਾ ਤਾਂ ਅੱਜ ਰੌਲਾ ਹੈ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਡੇਢ ਸਦੀ ਪਹਿਲਾਂ ਹੀ ਜਮਦੀਆਂ ਕੁੜੀਆਂ ਮਾਰਨ ਵਿਰੁੱਧ ਸੰਘਰਸ਼ ਕੀਤਾ। ਤੋਪਾਂ ਫਾਂਸੀਆਂ ਅਤੇ ਜਲਾਵਤਨੀਆਂ ਉਹਨਾਂ ਦੇ ਪੈਰ ਡਗਮਗਾ ਨਾ ਸਕੀਆਂ। ਭਾਰਤ ਦੇ ਮੱਥੇ ਤੋਂ ਗੁਲਾਮੀ ਦਾ ਕਲੰਕ ਧੋਣ ਵਾਸਤੇ ਉਹਨਾਂ ਕੀ ਕੁਝ ਨਹੀਂ ਕੀਤਾ ? ਇਹ ਵੱਖਰੀ ਗੱਲ ਹੈ ਕਿ "ਬਰਦਾ ਸੈਆਂ ਦਰਖਤਾਂ ਦੀ ਕਰੇ ਰਾਖੀ। ਮੇਵਾ ਪੱਕੇ ਤੇ ਖਾਣ ਨਸੀਬ ਵਾਲੇ।" ਜਿਹੜੇ ਵਤਨ ਦੀ ਆਬਰੂ ਵਾਸਤੇ ਮਰ ਮਿੱਟ ਗਏ ਉਹਨਾਂ ਤੋਂ ਦੇਸ਼ ਭਗਤੀ ਦੇ ਸਬੂਤ ਨੌਕਰ ਸ਼ਾਹੀ ਮੰਗਦੀ ਹੈ।

ਐਸੀ ਸਿਖਰਲੀ ਸੂਰਜੀ ਹਸਤੀ ਉਤੇ ਅਸੀਂ ਅਗੇ ਵੀ ਕਾਫੀ ਲੇਖ ਲਿਖੇ ਹਨ। ਹੁਣ ਜਦੋਂ ਲਿਖਣ ਬੈਠੇ ਤਾਂ ਖਿਆਲ ਆਇਆ ਕਿ ਗਲੀਂ ਤਾਂ ਅਸੀਂ ਬਹੁਤ ਚੰਗੀਆਂ ਹਾਂ ਪਰ ਆਚਾਰੀਂ ਬੁਰੀਆਂ ਹਾਂ। ਮਨੋ ਕਾਲੀਆਂ ਅਤੇ ਬਾਹਰੋਂ ਚਿਟਵੀਆਂ ਹਾਂ। ਫੇਰ ਚੇਤਾ ਆਇਆ ਆਪਣੇ ਸਵਰਗੀ ਮਿਤਰ ਸੋਹਨ ਸਿੰਘ ਮੀਸ਼ਾ ਦਾ ਜਿਸ ਨੇ ਗੁਰੂ ਨਾਨਕ ਦੇਵ ਸ਼ਤਾਬਦੀ ਦੇ ਇਕ ਕਵਿਤਾ ਲਿਖੀ ਸੀ "ਬਾਬਾ ਨਾਨਕ।" ਇਹ ਪੂਰੀ ਕਵਿਤਾ ਇਸੇ ਹੀ ਅੰਕ ਵਿਚ ਹੋਵੇਗੀ ਜਿਸਦੀਆਂ ਅੰਤਲੀਆਂ ਸਤਰਾਂ ਹਨ :

ਮੈਂ ਇਕ ਭੁਲਿਆ ਭਟਕਿਆ ਰਾਹੀ
ਤੈਨੂੰ ਚੇਤੇ ਕਰ ਲੈਂਦਾ ਹਾਂ
ਰਸਮੋ ਰਸਮੀਂ
ਸ਼ਰਮੋਂ ਸ਼ਰਮੀਂ
ਕਦੀ ਕਦਾਈ ਵਰ੍ਹੇ ਛਿਮਾਹੀ
ਉਂਜ ਮੇਰਾ ਰਾਹ
ਤੇਰੇ ਦੱਸੇ ਹੋਏ ਰਾਹ ਤੋਂ
ਬੜਾ ਅਲੱਗ ਹੈ
ਮੈਂ ਹਥਿਆਰ ਵਿਹੂਣਾ ਬਾਬਰ
ਮੇਰੇ ਅੰਦਰ ਕੌਡਾ ਰਾਖਸ਼
ਮੇਰੇ ਅੰਦਰ ਸਜਣ ਠੱਗ ਹੈ।

ਇਹੋ ਜਿਹੀ ਹੀ ਮਨੋ ਦਸ਼ਾ ਸਾਡੀ ਵੀ ਹੈ।

—ਜਗਦੀਸ਼ ਸਿੰਘ



Namdhari Elibrary NamdhariElibrary@gmail.com

# ਬਾਬਾ ਨਾਨਕ

—ਸਵ ਸ. ਸ. ਮੀਸ਼ਾ

ਮੈਂ ਇਕ ਭੁਲਿਆ ਭਟਕਿਆ ਰਾਹੀ
ਤੈਨੂੰ ਚੇਤੇ ਕਰ ਲੈਂਦਾ ਹਾਂ
ਕਦੀ ਕਦਾਈਂ ਵਰ੍ਹੇ ਛਿਮਾਹੀਂ
ਉਂਜ ਮੇਰਾ ਰਾਹ
ਤੇਰੇ ਦੱਸੇ ਹੋਏ ਰਾਹ ਤੋਂ ਬੜਾ ਅਲੱਗ ਹੈ
ਆਪਣੇ ਨਿੱਕੇ ਜਿਹੇ ਘਰ ਵਿਚ
ਮੈਂ ਹਥਿਆਰ-ਵਿਹੂਣਾ ਬਾਬਰ
ਮੇਰੇ ਅੰਦਰ ਕੌਡਾ ਰਾਕਸ਼
ਮੇਰੇ ਅੰਦਰ ਸੱਜਣ ਠਗ ਹੈ
ਮੈਨੂੰ ਤੇਰੀ ਲੋੜ ਰਹੀ ਹੈ
ਮੈਨੂੰ ਤੇਰੀ ਖੋਜ ਰਹੀ ਹੈ
ਵੱਖੋ ਵੱਖ ਵਰਗਾਂ ਦੇ
ਕਈ ਕਲੰਡਰਾਂ ਉੱਤੇ
ਤੇਰੀਆਂ ਕੁਝ ਤਸਵੀਰਾਂ ਤੱਕੀਆਂ
ਉਨ੍ਹਾਂ ਤਸਵੀਰਾਂ 'ਚੋਂ ਇਹ ਚੁੰਧਿਆਈਆਂ ਅੱਖੀਆਂ
ਤੇਰਾ ਕੋਈ ਸੁਨੇਹਾ ਲੱਭ ਨਾ ਸਕੀਆਂ
ਉਹਨਾਂ ਕਲੰਡਰਾਂ ਵਿਚ ਤਾਂ ਹੈਸਨ
ਥਿੱਤਾਂ, ਵਾਰ ਅਤੇ ਤਿਉਹਾਰ
ਤੇ ਜਾਂ ਕਈ ਮਿਲਾਵਟ ਭਰੀਆਂ ਵਸਤਾਂ ਦਾ ਪ੍ਰਚਾਰ
ਤੇਰੇ ਨਾਂ ਤੇ
ਵੱਡੀਆਂ ਵੱਡੀਆਂ ਮਿੱਲਾਂ ਚਲਣ
ਰੋਜ਼ ਜਿਨ੍ਹਾਂ ਵਿਚ
ਭਾਈ ਲਾਲੋਆਂ ਦੇ ਹੱਡ ਪਿਸਦੇ
ਅਤੇ ਜਿਨ੍ਹਾਂ ਦੇ ਮਾਲਕ ਭਾਗੋ
ਆਪਣੇ ਨਿੱਕੇ ਜਿਹੇ ਘੇਰੇ ਵਿਚ
ਪਸਚਾਤਾਪ ਨਾ ਕਰਦੇ ਦਿਸਦੇ

ਇਕ ਦਿਨ ਮੈਂ
ਇਕ ਤੀਰਥ ਜਾ ਕੇ ਸੀਸ ਨਿਵਾਇਆ
ਉਸ ਤੀਰਥ ਦਾ ਭਾਈ
ਤੇਰੀ ਬਾਣੀ ਪੜ੍ਹ ਕੇ
ਆਪਣਾ ਪੇਟ ਪਾਲਦਾ
ਤੇ ਲੋਕਾਂ ਦੇ ਪਾਪ ਟਾਲਦਾ
ਸਾਧਾਰਣ ਆਖੰਡ ਪਾਠ ਦੇ
ਵੱਖੋ ਵੱਖਰੇ ਭਾ ਦਸਦਾ ਸੀ
ਉਸ ਨੇ ਤੇਰੇ ਸ਼ਬਦਾਂ ਦਾ ਪਰ
ਪਾਰਵਾਰ ਕਦੀ ਨਾ ਪਾਇਆ
ਮੈਂ ਉਸ ਤੀਰਥ ਸੀਸ ਨਿਵਾਇਆ
ਪਰ ਤੂੰ ਮੈਨੂੰ
ਉਥੇ ਵੀ ਨਜ਼ਰੀਂ ਨਾ ਆਇਆ

ਮੇਰੀਆਂ ਚੁੰਧਿਆਈਆਂ ਅੱਖੀਆਂ ਦੇ ਅੱਗੇ
ਉੱਚੇ ਉੱਚੇ ਧਾਮ ਖੜ੍ਹੇ ਨੇ
ਕਈ ਕਲੰਡਰ ਤੇ ਮਿੱਲਾਂ ਦੇ ਨਾਮ ਖੜ੍ਹੇ ਨੇ
ਏਸੇ ਲਈ ਹੁਣ ਮੈਂ ਇਕ ਭੁਲਿਆ ਭਟਕਿਆ ਰਾਹੀ
ਤੈਨੂੰ ਚੇਤੇ ਕਰ ਲੈਂਦਾ ਹਾਂ
ਰਸਮੋਂ ਰਸਮੀਂ
ਸ਼ਰਮੋਂ ਸ਼ਰਮੀਂ
ਕਦੀ ਕਦਾਈਂ ਵਰ੍ਹੇ ਛਿਮਾਹੀ
ਉਂਜ ਮੇਰਾ ਰਾਹ
ਤੇਰੇ ਦੱਸੇ ਹੋਏ ਰਾਹ ਤੋਂ ਬੜਾ ਅਲੱਗ ਹੈ
ਮੈਂ ਹਥਿਆਰ-ਵਿਹੂਣਾ ਬਾਬਰ
ਮੇਰੇ ਅੰਦਰ ਕੌਡਾ ਰਾਖਸ਼
ਮੇਰੇ ਅੰਦਰ ਸੱਜਣ ਠਗ ਹੈ।



Namdhari Elibrary NamdhariElibrary@gmail.com

*ਭਾਈ ਸੰਤੋਖ ਸਿੰਘ ਕ੍ਰਿਤ 'ਸਤਿਗੁਰੂ ਬਿਲਾਸ' ਵਿਚ*

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ

*—ਸੁਵਰਨ ਸਿੰਘ ਵਿਰਕ*

ਨਾਮਧਾਰੀ ਲਿਖਾਰੀ ਭਾਈ ਸੰਤੋਖ ਸਿੰਘ ਨੇ, ਨਾਮਧਾਰੀ ਪੰਥ ਦੇ ਪ੍ਰਵਰਤਕ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਛੋਟੇ ਭਾਈ ਤੇ ਜਾਨਸ਼ੀਨ ਗੁਰੂ ਹਰੀ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਅਤੇ ਹੋਰ ਸਬੰਧਿਤ ਸਮਾਚਾਰਾਂ ਨੂੰ ਬਿਆਨਣ ਲਈ ਉਨ੍ਹੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਦੇ ਉਦੈਕਾਲ ਵਿੱਚ ਇਕ ਵਾਰਤਕ ਗ੍ਰੰਥ "ਸਤਿਗੁਰੂ ਬਿਲਾਸ" ਦੀ ਰਚਨਾ ਕੀਤੀ ਹੈ। ਇਸ ਰਚਨਾ ਨੂੰ ਨਾਮਧਾਰੀ ਇਤਿਹਾਸ ਦਾ ਮੂਲਸ੍ਰੋਤ ਹੋਣ ਦਾ ਮਾਣ ਹਾਸਲ ਹੈ। ਕੂਕਿਆਂ ਜਾਂ ਨਾਮਧਾਰੀਆਂ ਬਾਰੇ ਲਿਖਣ ਵਾਲੇ ਕਿਸੇ ਵੀ ਸੱਜਣ ਨੇ ਇਸ ਪੁਸਤਕ ਦੇ ਹਵਾਲੇ ਨਾਲ ਆਪਣੀ ਲਿਖਤ ਨੂੰ ਸ਼ਿੰਗਾਰਿਆ ਹੈ। ਆਪਣੇ ਰਚਨਾ ਕਾਲ ਤੋਂ ਤਕਰੀਬਨ ਇਕ ਸਦੀ ਤੱਕ ਇਸ ਕਿਤਾਬ ਨੂੰ ਛਾਪੇ ਦਾ ਜਾਮਾ ਨਸੀਬ ਨਹੀਂ ਹੋਇਆ। ਹੁਣ ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਅਨੁਸਾਰ, ਸ. ਜਸਵਿੰਦਰ ਸਿੰਘ 'ਹਿਸਟੋਰੀਅਨ' ਨੇ ਇਸ ਨੂੰ ਸੰਪਾਦਿਤ ਕਰਨ ਦੀ ਸੇਵਾ ਨਿਭਾਈ ਹੈ ਅਤੇ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਵੱਲੋਂ ਅਕਤੂਬਰ ੨੦੦੨ ਈ. ਵਿੱਚ ਇਸ ਦਾ ਪ੍ਰਿਥਮ ਭਾਗ ਸਾਹਿਤ ਖੋਜੀਆਂ, ਇਤਿਹਾਸ ਪ੍ਰੇਮੀਆਂ ਅਤੇ ਸ਼ਰਧਾਲੂ ਪਾਠਕਾਂ ਦੇ ਹੱਥਾਂ ਵਿੱਚ ਪੁੱਜਦਾ ਕੀਤਾ ਗਿਆ ਹੈ। ਪਹਿਲਾ ਭਾਗ ਸਤਿਗੁਰੂੰ ਰਾਮ ਸਿੰਘ ਜੀ ਦੇ ਅਵਤਾਰ ਧਾਰਨ (੧੮੧੬ ਈ.) ਤੋਂ ਪ੍ਰਦੇਸ਼ ਗਵਨ (੧੮੭੨ ਈ.) ਤੱਕ ਫੈਲਿਆ ਹੈ। ਦੂਜੇ ਹਿੱਸੇ ਵਿੱਚ ਗੁਰੂ ਹਰੀ ਸਿੰਘ ਜੀ ਦੁਆਰਾ ਨਾਮਧਾਰੀ ਸੰਗਤ ਦੀ ਅਗਵਾਈ ਸੰਭਾਲਣ ਤੋਂ ਲੈ ਕੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ (੧੯੦੬ ਈ.) ਤੱਕ ਦੇ ਸਮਾਚਾਰ ਕਲਮਬੱਧ ਹਨ।

ਛਾਪੇ ਤੋਂ ਪਹਿਲਾਂ ਇਸ ਗ੍ਰੰਥ ਦੀ ਮਹਿਮਾ ਤੋਂ ਨਾਮਧਾਰੀ ਸੰਗਤ ਤਾਂ ਭਲੀ ਭਾਂਤ ਪਰੀਚਿਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ (੧੮੯੦-੧੯੫੦ ਈ.) ਨੇ ਇਸ ਨੂੰ "ਕਾਫੀ ਸਿਲਸਿਲੇਵਾਰ ਅਤੇ ਠੀਕ ਕਰਵਾਇਆ, ਸਾਫ਼ ਸੁਥਰਾ ਲਿਖਵਾਇਆ ਅਤੇ ਫੇਰ ਸਾਰੇ ਨੂੰ ਟਾਈਪ ਕਰਵਾਇਆ। ਉਨ੍ਹਾਂ ਦੇ ਸਮੇਂ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ (੧੯੨੦ ਈ.) ਦੇ ਸਮੇਂ ਵਿੱਚ ਨਾਮਧਾਰੀ ਦੀਵਾਨਾਂ ਹੋਲਿਆਂ, ਮੇਲਿਆਂ ਸਮੇਂ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਇਸ ਪੁਸਤਕ ਦੀ ਕਥਾ ਕੀਤੀ ਜਾਂਦੀ। ਗੁਰੂ ਭਗਤੀ ਅਤੇ ਅਥਾਹ ਸ਼ਰਧਾ ਵਿੱਚ ਗੁੱਝੇ ਪਰਸੰਗ ਸੁਣ ਕੇ ਜਿਥੇ ਸੰਗਤ ਭਾਵ ਵਿਭੋਰ ਹੋ ਉਠਦੀ ਉਥੇ ਨਾਮਧਾਰੀ ਮਸਤਾਨਿਆਂ ਤੇ ਮਸਤੀ ਦਾ ਆਲਮ ਅਤੇ ਵਜਦ ਤਾਰੀ ਹੋ ਜਾਂਦਾ। ਇਸ ਗੱਲ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਸੰਪਾਦਕ ਦੀ ਸੇਵਾ ਜ਼ਿੰਮੇ ਲਗਣ ਬਾਅਦ ਭਾਈ ਜਸਵਿੰਦਰ ਸਿੰਘ ਹੋਰਾਂ ਨੇ ਇਸ ਦਾ ਪਾਠ ਅਰੰਭਿਆ ਤਾਂ ਕੁਝ ਐਸੇ ਪਰਸੰਗਾਂ ਦੇ ਪਾਠ ਸਮੇਂ ਉਨ੍ਹਾਂ ਤੇ ਵੀ ਮਸਤਾਨੀ ਬ੍ਰਿਤੀ ਹਾਵੀ ਹੋ ਜਾਂਦੀ। ਉਹ ਘੰਟਿਆਂ ਦੇ ਘੰਟੇ ਅਤੇ ਪਹਿਰਾਂ ਦੇ ਪਹਿਰ ਇਸੇ ਬ੍ਰਿਤੀ ਵਿੱਚ ਰਹਿੰਦੇ। ਕਾਫੀ ਤਰੱਦਦ ਤੋਂ ਬਾਅਦ ਉਨ੍ਹਾਂ ਤੇ ਗੁਰੂ ਕਿਰਪਾ ਹੋਈ ਤੇ ਉਹ ਇਸ ਦੇ ਸੰਪੂਰਨ ਪਾਠ ਦੇ ਸਮਰਥ ਬਣੇ। ਪਰਦੇਸੀ ਪ੍ਰੀਤਮ ਦੀ ਯਾਦ ਵਿੱਚ ਕਿਰਦੇ ਹੰਝੂ, ਇਸ ਅਮੁੱਲ ਨਿਧੀ ਦਾ ਪਾਠ ਕਰਦਿਆਂ, ਅੱਜ ਵੀ ਬ੍ਰਿਹੋਂ ਕੁੱਠੇ ਕੂਕਿਆਂ ਦੇ ਜਿਗਰ ਦੇ ਫਫੋਲਿਆਂ ਨੂੰ ਸ਼ਾਂਤ ਕਰਨ ਦਾ ਕਾਰਜ ਕਰਦੇ ਹਨ।

ਅਜੇਹੀ ਕਰਤਾਰੀ ਰਚਨਾ ਦਾ ਲੇਖਕ ਭਾਈ ਸੰਤੋਖ ਸਿੰਘ ਕੌਣ ਸੀ, ਕਿੱਥੋਂ ਸੀ ? ਇਸ ਦੀ ਬਹੁਤ ਘੱਟ ਜਾਣਕਾਰੀ ਸਾਨੂੰ ਉਪਲਬਧ ਹੁੰਦੀ ਹੈ। ਬੱਸ ਏਨਾ ਕੁ ਪਤਾ ਲਗਦਾ ਹੈ ਕਿ ਉਹ ਜਾਤੀ ਦਾ ਕਲਾਲ (ਆਹਲੂਵਾਲੀਆ) ਅਤੇ ਪਿੰਡ ਬਾਹੋਵਾਲ ਜੋ ਹੁਸ਼ਿਆਰਪੁਰ ਨਗਰ ਤੋਂ ਤਿੰਨ ਕਿਲੋਮੀਟਰ ਤੇ ਵਾਕਿਆ ਸੀ, ਦਾ ਰਹਿਣ ਵਾਲਾ ਸੀ। ਸ੍ਰੀ ਭੈਣੀ ਸਾਹਿਬ ਨਿਵਾਸੀ ਇਕ ਬਜ਼ੁਰਗ ਬਖਸ਼ੀ ਹਰਦੇਵ ਸਿੰਘ ਨੇ ਨਖਸ਼ਿਖ ਇਉਂ ਵਰਣਨ ਕੀਤੇ : "ਸੰਤੋਖ ਸਿੰਘ ਦਾ ਕੱਦ ਲਗਪਗ ੫ ਫੁੱਟ ੬ ਇੰਚ, ਰੰਗ ਸਾਫ, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ।"[2] ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿੱਚ ਡੇਰੇ ਸ੍ਰੀ ਭੈਣੀ ਸਾਹਿਬ ਆਉਣ ਦੀ ਵਿਥਿਆ ਲੇਖਕ ਨੇ ਗ੍ਰੰਥ ਦੇ ਦੂਸਰੇ ਭਾਗ ਵਿੱਚ ਇਉਂ ਬਿਆਨ ਕੀਤੀ ਹੈ, "ਰਾਮਦਾਸਪੁਰੇ ਸਾਹਿਬ ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਇਹ ਨਿਸ਼ਚਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ।....ਸੰਤੋਖ ਸਿੰਘ ਨੇ ਕਈ ਭੇਖ ਦੇਖੇ ਸ਼ਾਂਤ ਨਾ ਆਈ। ਸੁਥਰਾ ਪਰਮਹੰਸ ਨਾਂਗਾ ਭੀ ਹੋਇਆ, ਮੋਨ ਭੀ ਧਾਰਿਆ। ਫੇਰ ਨਿਰਮਲਿਆਂ ਦਾ ਉਪਦੇਸ਼ ਮਹਾਂਵਾਕ ਦਾ ਭੀ ਲਿਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ।ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਲਿਆ ਚੇਤ ਚੌਦੇ ਪਰ ਸੰਮਤ ੧੯੩੯ (੧੮੮੨ ਈ.) .... ਜਾਂ ਸਤਿਗੁਰੂ ਜੀ ਦਾ ਭਜਨ ਲਿਆ ਤਾਂ ਸ਼ਾਂਤ ਆਈ।"[3]



Namdhari Elibrary NamdhariElibrary@gmail.com

ਜਸਵਿੰਦਰ ਸਿੰਘ ਹੋਰਾਂ ਦੀ ਲਿਖਤ ਮੁਤਾਬਿਕ ਭਾਈ ਸੰਤੋਖ ਦਾ ਜਨਮ ੧੮੪੫ ਈ. ਵਿੱਚ ਤੇ ਅੰਤ ਸਮਾਂ ੧੯੦੯ ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਹੀ ਆਇਆ। ਉਹ ਡੇਰੇ ਆਉਣ ਸਮੇਂ ਨਿਹੰਗ ਸਿੰਘਾਂ ਦੇ ਬਾਣੇ ਵਿੱਚ ਸੀ ਫਿਰ ਸਿੱਧੀ ਗੁਰਮੁਖੀ ਦਸਤਾਰ ਧਾਰਨ ਕਰ ਲਈ। ਜਗਿਆਸੂ ਸੁਭਾ ਨੇ ਉਸ ਨੂੰ ਨਾ ਘਰ ਤੇ ਨਾ ਹੋਰਨਾਂ ਭੇਖਾਂ ਵਿੱਚ ਕਿਤੇ ਵੀ ਇਕ ਥਾਂ ਟਿਕਣ ਦਿੱਤਾ। ਲਗਾਤਾਰ ਸਤਾਈ ਵਰ੍ਹੇ ਉਸ ਦੇ ਸ੍ਰੀ ਭੈਣੀ ਸਾਹਿਬ ਬਤੀਤ ਹੋਵੇ ਸਿੱਧ ਕਰਦੇ ਹਨ ਕਿ ਉਹ ਆਪਣੇ ਇਤਿਹਾਸ ਦੇ ਅੱਤ ਕਠਿਨ ਦੌਰ ਵਿੱਚੋਂ ਲੰਘ ਰਹੇ, ਕੂਕਾ ਰੰਗ ਵਿੱਚ ਪੂਰੀ ਤਰ੍ਹਾਂ ਰੰਗਿਆ ਗਿਆ ਸੀ। ਇਹ ਸਮਾਂ ਦੇਸੀ ਅਤੇ ਬਦੇਸੀ ਤਾਕਤਾਂ ਵੱਲੋਂ ਨਾਮਧਾਰੀਆਂ ਦੀ ਤਿੱਖੀ ਘੇਰੇ ਬੰਦੀ ਦਾ ਸਮਾਂ ਸੀ। ਉਨ੍ਹਾਂ ਦਾ ਇਕ ਇਸ਼ਟ, ਸਤਿਗੁਰੂ ਰਾਮ ਸਿੰਘ, ਸਾਗਰ ਪਾਰ ਬ੍ਰਿਟਿਸ਼ ਬਰ੍ਹਮਾ ਦੀ ਜਿਹਲ ਵਿੱਚ ਕੈਦ ਸੀ ਅਤੇ ਦੂਜਾ ਗੁਰੂ ਹਰੀ ਸਿੰਘ, ਆਪਣੇ ਘਰ ਸ੍ਰੀ ਭੈਣੀ ਸਾਹਿਬ ਵਿਖੇ ਹੀ ਪੁਲਿਸ ਪਹਿਰੇ ਹੇਠ ਨਜ਼ਰਬੰਦ ਸੀ। ਨਾ ਦੋਹਾਂ ਭਾਈਆਂ ਵਿਚਾਲੇ ਅਤੇ ਨਾ ਬਰਮਾ ਵਾਲੇ "ਸ਼ਾਹੀ ਕੈਦੀ" ਅਤੇ ਉਸ ਦੇ ਲੱਖਾਂ ਪਿਆਰਿਆਂ ਵਿਚਾਲੇ ਕਿਸੇ ਕਿਸਮ ਦੇ ਪੱਤਰਾਚਾਰ ਦੀ ਖੁੱਲ੍ਹ ਸੀ। ਅੱਠੀਂ ਪਹਿਰੀਂ ਪਹਿਲਾਂ ਪੰਜ ਅਤੇ ਫਿਰ ਦਸਾਂ ਗੁਰਸਿੱਖਾਂ ਨੂੰ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦੀ ਖੁੱਲ੍ਹ ਮਿਲਦੀ ਸੀ ਇਸ ਦੌਰਾਨ ਉਹ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਜੂਹ ਵਿੱਚ ਲੁੱਕਛਿੱਪ ਕੇ ਆਪਣੀ ਵਾਰੀ ਦੀ ਇੰਤਜ਼ਾਰ ਕਰਦੇ। ਅਜਿਹੇ ਸਮੇਂ ਗੁਰਦੁਆਰੇ ਵਿੱਚ ਰਹਿਣ ਵਾਲੇ ਸਿੰਘਾਂ ਨੂੰ ਵੀ ਆਨੇ ਬਹਾਨੇ ਪ੍ਰੇਸ਼ਾਨ ਕਰਨ ਵਿਚ ਹਾਕਮ ਕੋਈ ਕਸਰ ਨਹੀਂ ਸਨ ਛੱਡਦੇ। ਸੰਤੋਖ ਸਿੰਘ ਲੰਮਾ ਸਮਾਂ ਅਵੈਧ ਰੂਪ ਵਿੱਚ ਡੇਰੇ ਵਿੱਚ ਰਿਹਾ। ਫਿਰ ਉਹ ਰਤਾ ਨੇੜੇ ਆ ਕੇ ਰਹਿਣ ਲੱਗ ਪਏ ਅਕਾਲ ਬੁੰਗੇ ਤੋਂ ਖਰਾਸ ਵਾਲੇ ਕੋਠੇ ਤੱਕ। ਪ੍ਰਸਿੱਧ ਖਾੜਕੂ ਨਾਮਧਾਰੀ ਭਗਵਾਨ ਸਿੰਘ ਅੜਬੰਗੀ ਦਾ ਅੰਤ ਸਮਾਂ ਵੀ, ਇਸੇ ਖਰਾਸ ਵਾਲੇ ਕੋਠੇ ਵਿੱਚ ੧੯੧੨ ਈ. ਵਿੱਚ ਬਤੀਤ ਹੋਇਆ ਸੀ। ਭਗਵਾਨ ਸਿੰਘ ਹੋਰਾਂ ਦੇ ਜੀਵਨ ਦੇ ਵਚਿੱਤਰ ਨਾਟਕ ਦਾ ਅਵਲੋਕਨ, ਭਾਈ ਸੰਤੋਖ ਸਿੰਘ ਨੇ ਨੇੜਿਉਂ ਹੋ ਕੇ ਕੀਤਾ ਸੀ ਇਸ ਲਈ ਉਨ੍ਹਾਂ ਨਾਲ ਸਬੰਧਿਤ ਘਟਨਾਵਾਂ ਦਾ ਬੜਾ ਸਜੀਵ ਵਰਣਨ ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚ ਵੀ ਮਿਲਦਾ ਹੈ। ਸੰਤੋਖ ਸਿੰਘ ਦੇ ਭੈਣੀ ਸਾਹਿਬ ਵਾਲੇ ਜੀਵਨ ਬਾਰੇ ਉਹ ਆਪ ਆਪਣੀ ਅਮਰ ਰਚਨਾ ਵਿੱਚ ਲਿਖ ਗਏ ਹਨ, ਜਿਸ ਦੇ ਆਧਾਰ 'ਤੇ ਗ੍ਰੰਥ ਦਾ ਸੰਪਾਦਕ ਲਿਖਦਾ ਹੈ: "ਸੰਤ ਸੰਤੋਖ ਸਿੰਘ ਜੀ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਸਥਾਈ ਤੌਰ 'ਤੇ ਰਹਿਣ ਵਾਲਿਆਂ ਦੀ ਸੂਚੀ ਵਿੱਚ ਨਹੀਂ ਸਨ। ਪਹਿਲਾਂ ਉਹ ਅਕਾਲ ਬੁੰਗੇ ਕੋਲ ਇਕ ਛੋਟੇ ਜਿਹੇ ਝੋਂਪੜੇ ਵਿੱਚ ਰਹਿੰਦੇ ਸੀ ਅਤੇ ਫਿਰ ਖਰਾਸ ਦੇ ਕੋਲ ਆ ਕੇ ਰਹਿਣ ਲੱਗ ਪਏ। ਡੇਰੇ ਵਿੱਚ "ਲਿਹਾਜ਼" ਨਾਲ ਰਹਿਣ ਵਾਲਿਆਂ ਵਿੱਚ ਉਹ ਸ਼ਾਮਿਲ ਸਨ। ਗੋਹੇ ਕੂੜੇ ਦੀ ਸੇਵਾ ਕਰਨੀ ਅਤੇ ਡੇਰੇ ਦੀ ਸਫਾਈ ਕਰ ਦੇਣੀ। ਪੁਲਿਸ ਵਾਲੇ ਵੀ ਉਨ੍ਹਾਂ ਨੂੰ ਦੇਖ ਕੇ ਅਣਡਿੱਠ ਕਰ ਛੱਡਦੇ ਸਨ ਕਿਉਂਕਿ ਉਨ੍ਹਾਂ ਨੂੰ ਡੇਰੇ 'ਚੋਂ ਰਸਦ, ਦੁੱਧ, ਘਿਓ ਅਤੇ ਹੋਰ ਵਸਤ ਮਿਲ ਜਾਣੀ। ਫੇਰ ਵੀ ਕਈ ਐਸੇ ਸਮੇਂ ਆਏ ਜਦੋਂ ਪੁਲਿਸ ਵਾਲਿਆਂ ਲੇਖਕ ਨੂੰ ਡੇਰੇ ਵਿੱਚੋਂ ਕੱਢ ਦਿੱਤਾ ਅਤੇ ਉਨ੍ਹਾਂ ਨਾਲ ਲੜਾਈ ਝਗੜਾ ਕੀਤਾ। ਇਕ ਐਸੇ ਝਗੜੇ ਵਿੱਚ ਪੁਲਿਸ ਵਾਲਿਆਂ ਝੂਠੇ ਗੁਆਹ ਬਣਾ ਕੇ ਸੰਤੋਖ ਸਿੰਘ ਨੂੰ ਛੇ ਮਹੀਨੇ ਦੀ ਕੈਦ ਕਰਵਾ ਦਿੱਤੀ ਸੀ, ਪਰ ਇਹ ਗੁਰੂ ਦੇ ਪਿਆਰੇ ਜੇਲ੍ਹ ਖਾਨੇ 'ਚੋਂ ਛੁੱਟ ਕੇ ਫੇਰ ਸਿੱਧੇ ਡੇਰੇ ਸ੍ਰੀ ਭੈਣੀ ਸਾਹਿਬ ਆ ਆਪਣੇ ਨਿਤਾ ਪ੍ਰਤੀ ਕੰਮ ਵਿਚ ਲੱਗ ਗਏ। ਇਹੀ ਗੁਰੂ ਭਗਤੀ ਹੈ"[4] ਇਸ ਭੈਣੀ ਸਾਹਿਬ ਨਿਵਾਸ ਨੇ ਲੇਖਕ ਨੂੰ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਸਮੱਗਰੀ ਤੋਂ ਜਾਣੂ ਕਰਵਾਇਆ, ਜਿਸ ਦੀ ਵਰਤੋਂ ਉਹ ਆਪਣੀ ਲਿਖਤ ਵਿੱਚ ਸੁਚੱਜ ਨਾਲ ਕਰਨ ਦੇ ਸਮਰੱਥ ਹੋ ਸਕਿਆ ਹੈ। ਇਤਿਹਾਸ ਦੇ ਜਿਊਂਦੇ ਪਾਤਰਾਂ ਨਾਲ ਨਿੱਜੀ ਮੁਲਾਕਾਤਾਂ ਉਨ੍ਹਾਂ ਦੇ ਮਨ ਮਸਤਕ ਬਾਰੇ ਜਾਨਣ ਦਾ ਮੌਕਾ ਲੇਖਕ ਨੂੰ ਪ੍ਰਦਾਨ ਕੀਤਾ।

ਇਸ ਤੋਂ ਫੌਰਨ ਪਹਿਲਾਂ ਦੇ ਸਿੱਖ ਇਤਿਹਾਸ ਗ੍ਰੰਥ ਕਵਿਤਾ ਵਿੱਚ ਸਨ ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਸ੍ਰੀ ਗੁਰੂ ਸਿੰਘ ਸੋਭਾ ਇਤਿਆਦਕ। ਸਤਿਗੁਰੂ ਬਿਲਾਸ ਦਾ ਕਰਤਾ ਕਹਿੰਦਾ ਹੈ ਕਿ ਹੁਣ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸਾਨੂੰ ਪ੍ਰਾਪਤ ਹੋਏ ਹਨ ਤਾਂ ਉਹ ਪੰਜਾਬੀ ਬੋਲੀ ਵਿੱਚ ਹਨ ਤਾਂ ਤੇ ਜਾਣਿਆ ਜੋ ਗੁਰੂ ਬਾਹਰਵੇਂ ਕੀ ਬਾਣੀ ਪੰਜਾਬੀ ਬੋਲੀ ਵਿੱਚ ਹੋਵੇਗੀ। ਕਿਉਂਕਿ ਦੇਸਾਂ ਪ੍ਰਦੇਸਾਂ ਮੇਂ ਜਾਣੀ ਹੈ ਇਹ ਬਾਣੀ ਪੰਜਾਬੀ ਸਿੱਖ ਜਾਨਣਗੇ। ਕਵਿਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ, ਜੇ ਪੜ੍ਹੇ ਭੀ ਤਾਂ ਅਰਥ ਨਹੀਂ ਸਮਝਦੇ ਜਾਂਦੇ ਹੈਂ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ। ਇਸ ਗ੍ਰੰਥ ਦਾ ਰਚਨ ਕਾਲ ੧੮੯੨ ਈ. ਤੋਂ ੧੯੦੬ ਈ. ਤੱਕ ਦਾ ਹੈ। ਇਸ ਤਰ੍ਹਾਂ ਇਹ ਗ੍ਰੰਥ ਉਨ੍ਹੀਵੀਂ ਸਦੀ ਦੇ ਅਖੀਰ ਦੇ ਪੰਜਾਬੀ ਵਾਰਤਕ ਦਾ ਸ਼ਾਨਦਾਰ ਨਮੂਨਾ ਹੈ।"[3]

ਜਨਮ ਸਾਖੀ ਸ਼ੈਲੀ ਵਿੱਚ ਲਿਖਿਆ ਗਿਆ ਇਹ ਗ੍ਰੰਥ ਜਿਥੇ ਸਾਡੇ ਸੁਤੰਤਰਤਾ ਸੰਗਰਾਮ ਦੀ ਗੌਰਵ ਗਾਥਾ ਬਿਆਨ ਕਰ ਕੇ ਇਤਿਹਾਸਕ ਦਸਤਾਵੇਜ਼ ਜਹੀ ਮਹੱਤਤਾ ਰੱਖਦਾ ਹੈ, ਉਥੇ ਗੁਰੂ ਤੇ ਸਿੱਖਾਂ ਦੇ ਸਬੰਧਾਂ ਨੂੰ ਮਜ਼ਬੂਤੀ ਪ੍ਰਦਾਨ ਕਰ ਕੇ, ਸਤਿਗੁਰੂ ਦੀ ਕੇਂਦਰੀ ਸੱਤਾ ਦਾ ਨਿਰੂਪਣ ਵੀ ਕੀਤਾ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਬਹੁ ਆਯਾਮੀ ਜੀਵਨ ਅਨੁਭਵ, ਗੁਰੂ ਹਰੀ ਸਿੰਘ ਦਾ ਸੰਕਟ ਕਾਲ ਨਾਲ ਮੱਥਾ



Namdhari Elibrary NamdhariElibrary@gmail.com

ਲਾਉਣਾ, ਇਸ ਪੁਸਤਕ ਦੇ ਕਲੇਵਰ ਵਿੱਚ ਆਉਂਦੇ ਹਨ।ਬੁੱਧ ਦੀਆਂ ਜਾਤਕ ਕਥਾਵਾਂ ਅਤੇ ਇਸਲਾਮੀ ਸਾਹਿਤ ਦਾ ਜਨਮ ਸਾਖੀ ਸਾਹਿਤ ਉੱਤੇ ਵਿਸ਼ੇਸ਼ ਪ੍ਰਭਾਵ ਪਿਆ ਹੈ। ਕਿਸੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਪਰਾਭੌਤਿਕ ਸ਼ਕਤੀਆਂ ਨੂੰ ਵੰਗਾਰਿਆ ਜਾਂਦਾ ਸੀ। ਲੇਖਕ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਭਰਾਤਾ ਗੁਰੂ ਹਰੀ ਸਿੰਘ ਨੂੰ ਅਵਤਾਰੀ ਪੁਰਖਾਂ ਦੀ ਸ਼੍ਰੇਣੀ ਵਿਚ ਰੱਖ ਕੇ ਉਨ੍ਹਾਂ ਦਾ ਸਤੁਤੀਗਾਨ ਕਰਦਾ ਹੈ। ਕਿਸੇ ਵੀ ਲਹਿਰ ਦੇ ਨਾਇਕ ਦਾ ਪ੍ਰਭਾ ਮੰਡਲ ਹੀ ਅਸੰਖਾਂ ਲੋਕਾਂ ਨੂੰ ਉਸ ਵੱਲ ਆਕਰਸ਼ਿਤ ਕਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨਾ ਕੇਵਲ ਪੰਜਾਬ, ਸਗੋਂ ਵਿਸ਼ਵ ਇਤਿਹਾਸ ਦੀ ਬੇਜੋੜ ਸ਼ਖਸੀਅਤ ਹਨ ਜਿਨ੍ਹਾਂ ਦੀ ਅਗਵਾਈ ਸਦਕਾ, ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਕੂਕਾ ਲਹਿਰ ਲੋਕ ਲਹਿਰ ਵਿੱਚ ਪਰਵਰਤਿਤ ਹੋ ਗਈ। ਕੂਕਿਆਂ ਦੇ ਸਾਰੇ ਵਿਸ਼ਵਾਸ ਨਰੋਏ ਸਨ, ਸਾਰੀਆਂ ਰੀਤਾਂ ਭਾਵੇਂ ਪਰੰਪਰਾ ਨਾਲ ਵੀ ਨਹੀਂ ਸਨ ਟਕਰਾਉਂਦੀਆਂ। ਇਕ ਨਵੇਂ ਸ਼ੋਸ਼ਣ ਮੁਕਤ ਮਨੁੱਖ ਦੀ ਸਿਰਜਨਾ ਹੋ ਰਹੀ ਸੀ। ਬਸਤੀਵਾਦ ਨਾਲ ਸਿੱਝਣ ਦੀ ਭਾਰਤੀ ਲੋਕਾਂ ਦੀ ਤਤਪਰਤਾ ਦਾ ਵੀ ਮੁਲੰਕਣ ਇਹ ਰਚਨਾ ਕਰਦੀ ਹੈ। ਪੰਜਾਬ ਦੀ ਜਗੀਰਦਾਰ ਅਤੇ ਪੁਰੋਹਿਤ ਸ਼੍ਰੇਣੀ ਦੀ ਪਿੱਛਲ ਖੁਰੀ ਸੋਚ ਨਾਲ ਸਿੱਝਣ ਲਈ ਜੁਗ ਗਰਦਾਂ ਦੀਆਂ ਟੋਲੀਆਂ ਉੱਠ ਰਹੀਆਂ ਸਨ। ਕਦੇ ਕੂਕੇ ਬਣ ਕੇ, ਕਦੇ ਕਾਮਾਗਾਟਾਮਾਰੂ ਵਾਲੇ ਬਣ ਕੇ ਤੇ ਕਦੇ ਕਿਰਤੀ ਕਿਸਾਨ ਬਣ ਕੇ। ਸੰਤੋਖ ਸਿੰਘ ਨਰੋਈ ਸੋਚ ਤੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਪਰਸੰਸਕ ਹੈ।

ਸੰਤੋਖ ਸਿੰਘ ਨੂੰ ਉਸ ਦੇ ਗ੍ਰੰਥ ਦੀ ਮਾਨਤਾ, ਰੋਜ਼ ਇਸਦਾ ਪਾਠ ਸੁਣਨ ਵਾਲੇ, ਸੁਣ ਕੇ ਸੋਧਣ ਵਾਲੇ ਗੁਰੂ ਹਰੀ ਸਿੰਘ ਜੀ ਤੋਂ ਮਿਲ ਗਈ, ਜਿਨ੍ਹਾਂ ਇਸ ਨੂੰ 'ਗੁਰਬਿਲਾਸ' ਹੋਣ ਦਾ ਵਰ ਦੇ ਕੇ ਨਿਵਾਜਿਆ ਸੀ। ਬ੍ਰਿਟਿਸ਼ ਸਰਕਾਰ ਤੇ ਪੰਜਾਬ ਦੀ ਰਜਵਾੜਾਸ਼ਾਹੀ, ਪੁਰੋਹਿਤ ਸ਼੍ਰੇਣੀ ਨੇ ਵੀ ਮਾਮੂਲੀ ਅਪਵਾਦ ਛੱਡ ਕੇ ਕੂਕਿਆਂ ਤੇ ਜੋ ਸਖਤੀਆਂ ਕੀਤੀਆਂ 'ਸਤਿਗੁਰੂ ਬਿਲਾਸ' ਉਨ੍ਹਾਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਲੇਖਕ ਦੀ ਵਿਸ਼ੇਸ਼ ਪ੍ਰਤਿਭਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਗੁਰੂ ਹਰੀ ਸਿੰਘ ਜੀ ਨੇ ਆਪਣੇ ਵੱਡੇ ਸਾਹਬਜ਼ਾਦੇ (ਸਤਿਗੁਰੂ) ਪਰਤਾਪ ਸਿੰਘ ਹੋਰਾਂ ਦੀ ਗੁਰਮੁਖੀ ਅੱਖਰਾਂ ਨਾਲ ਪਹਿਲੀ ਜਾਣ-ਪਛਾਣ ਕਰਵਾਉਣ ਦੀ ਸੇਵਾ ਵੀ ਭਾਈ ਸੰਤੋਖ ਸਿੰਘ ਦੇ ਜ਼ਿੰਮੇ ਲਾਈ ਸੀ। ਸਰਕਾਰੀ ਰਿਕਾਰਡ ਵਿੱਚ ਕੂਕਾ ਗਤੀਵਿਧੀਆਂ ਦਾ ਜ਼ਿਕਰ ੧੮੬੩ ਈ.ਤੋਂ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਦਾ ਗੁਰੂ ਰਾਮ ਸਿੰਘ ਜੀ ਦਾ ਜੀਵਨ ਵਿਵਰਣ ਅਤੇ ਨਾਮਧਾਰੀ ਅਕੀਦੇ ਅਨੁਸਾਰ ਗਿਆਰ੍ਹਵੇਂ ਗੁਰੂ ਬਾਲਕਸਿੰਘ ਜੀ ਦੇ ਕੁਝ ਸਮਾਚਾਰਾਂ ਲਈ, ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਪਨ, ਅਵਤਾਰ ਧਾਰਨ ਦੀਆਂ ਸਾਖੀਆਂ ਅਤੇ ਗੁਰਤਾ ਤੇ ਬਿਰਾਜਮਾਨ ਹੋਣ ਦੇ ਪਰੰਸਗਾਂ ਲਈ ਵੀ ਅਸੀਂ ਭਾਈ ਸੰਤੋਖ ਸਿੰਘ ਹੋਰਾਂ ਦੀ ਇਸ ਵੱਡਮੁੱਲੀ ਲਿਖਤ ਤੇ ਹੀ ਨਿਰਭਰ ਰਹਿੰਦੇ ਹਾਂ। ਭਾਵੇਂ ਬਹੁਤ ਸਾਰੇ ਕੌਤਕ ਸਾਖੀਆਂ, ਸਤਿਗੁਰੂ ਸਾਹਿਬਾਨ ਨਾਲ ਸਬੰਧਿਤ ਅਜਿਹੀਆਂ ਮਿਲਦੀਆਂ ਹਨ ਜੋ ਤਰਕ ਤੇ ਵਿਗਿਆਨਿਕ ਸੋਚ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ, ਫਿਰ ਵੀ ਸਮਕਾਲੀ ਘਟਨਾਵਾਂ, ਵਿਅਕਤੀਆਂ, ਵਰਤਾਰਿਆਂ ਅਤੇ ਸਮਾਜਿਕ ਆਰਥਿਕ ਸਿਆਸੀ ਢਾਂਚੇ ਦੀਆਂ ਬਰੀਕੀਆਂ ਨੂੰ ਬੀਜ ਰੂਪ ਵਿੱਚ ਸਮਝਣ ਲਈ ਇਹ ਪੌਰਾਣਿਕ ਸਾਹਿਤ ਵੀ ਚੋਖਾ ਮੁੱਲਵਾਨ ਹੁੰਦਾ ਹੈ। ਇਸੇ ਲਈ "ਸਤਿਗੁਰੂ ਬਿਲਾਸ" ਵਿੱਚ ਛਿਪੇ ਇਸ ਬੇਸ਼ਕੀਮਤੀ ਖਜ਼ਾਨੇ ਨੂੰ ਜਦੋਂ ਵੀ ਜੌਹਰੀਆਂ ਦੀ ਨਜ਼ਰ ਪਈ, ਮਾਲਾਮਾਲ ਹੋ ਜਾਣਗੇ।

ਬਾਰਾਂ ਗੁਰਾਂ ਕਾ ਮੰਗਲਾ ਚਰਣ, ਜਿਵੇਂ ਪ੍ਰੇਮਸਰ ਜੀ ਸ੍ਰਿਸ਼ਟੀ ਰਚੀ, ਚਹੁੰ ਵੇਦਾਂ ਕੇ ਮਹਾਂਵਾਕ, ਸਤਿਪ੍ਰਸ਼ਨ, ਗੋਸ਼ਟ ਆਤਮੇ ਪਰਮਾਤਮੇ ਕੀ, ਜੁਗਾਵਾਲੀ, ਕਰਨੀ ਨਾਮਾ, ਗੁਰਿਡ ਨਾਂਮਾ, ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ 'ਗੋਸ਼ਟਿ ਅੱਜੋਂਤੇ ਰੰਧਾਵੇ ਨਾਲ', ਸਤਿਗੁਰੂ ਬਿਲਾਸ ਦੇ ਅਰੰਭ ਵਿੱਚ ਨਾਮਧਾਰੀ ਮਨਾਉਂਤਾਂ ਨਾਲ ਸਬੰਧਿਤ ਇਹ ਲਿਖਤਾਂ ਦਰਜ ਕਰਕੇ ਇਕ ਥਾਂ ਸੰਕਲਿਤ ਕਰਨ ਦਾ ਕਾਰਜ ਵੀ ਭਾਈ ਹੋਰਾਂ ਨੇ ਕਰ ਦਿੱਤਾ ਹੈ।

ਸਤਿਗੁਰੂ ਜੀ ਦਾ ਪਰਕਾਸ਼ ੧੮੭੨ ਬਿਕਰਮੀ ਦੀ ਮਾਘ ਸੁਦੀ ਪੰਜਵੀਂ ਤੇ ਛੇਵੀਂ ਦੀ ਵਿਚਕਾਰਲੀ ਰਾਤ ਅੱਧੀ ਰਾਤ ਤੋਂ ਬਾਅਦ ਰਾਈਆਂ ਨਗਰ ਵਿੱਚ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ। ਸਤਿਗੁਰੂ ਜੀ ਦੇ ਨਾਨਕੇ ਨੰਗਲ ਪਿੰਡ ਵਿੱਚ ਸਨ। ਬਾਬਾ ਜੱਸਾ ਸਿੰਘ ਰਾਮ-ਰਾਮ ਦਾ ਜਾਪ ਕਰਨ ਵਾਲਾ ਮਿਹਨਤੀ, ਤਿਆਗੀ, ਸੰਜਮੀ, ਮਿਲਣਸਾਰ ਅਤੇ ਉਦਾਰ ਸੁਭਾਉ ਦਾ ਸੀ। ਸਤਿਗੁਰੂ ਜੀ ਦੇ ਪ੍ਰਗਟ ਹੋਣ ਤੋਂ ਛੇਤੀ ਬਾਅਦ ਬਾਬਾ ਜੱਸਾ ਸਿੰਘ ਪਰਿਵਾਰ ਸਹਿਤ ਰਾਈਆਂ ਤੋਂ ਭੈਣੀ ਸਾਹਿਬ ਆ ਗਏ ਸਨ। ਗੁਰੂ ਹਰੀ ਸਿੰਘ ਜੋ ਆਪ ਤੋਂ ਚਾਰ ਵਰ੍ਹੇ ਛੋਟੇ ਸਨ ਉਨ੍ਹਾਂ ਦਾ ਅਵਤਾਰ ਭੈਣੀ ਸਾਹਿਬ ਵਿਖੇ ਹੀ ਹੋਇਆ ਸੀ। ਪੰਜਾਂ ਵਰਿਆਂ, ਦੀ ਉਮਰ ਵਿੱਚ ਧੂੜਾਂ ਪਿੰਡ ਦੇ ਸਾਹਿਬ ਸਿੰਘ ਮਿਸਤਰੀ ਨੇ ਆਪਣੀ ਪੁੱਤਰੀ ਦਾ ਰਿਸ਼ਤਾ ਦੇ ਕੇ ਮੰਗਣਾ ਕਰ ਦਿੱਤਾ। ਸੱਤਾਂ ਵਰ੍ਹਿਆਂ ਦੀ ਉਮਰ ਵਿਚ ਵੇਦ ਰੀਤੀ ਨਾਲ ਵਿਆਹ ਹੋ ਗਿਆ। ਪੰਜਾਂ ਸਾਲਾਂ ਦੀ ਆਯੂ ਵਿੱਚ ਹੀ ਆਪ ਨੇ ਪੈਂਤੀ ਅੱਖਰੀ ਲਿਖਣੀ ਸ਼ੁਰੂ ਕਰ ਦਿੱਤੀ। ਅੱਠਾਂ ਸਾਲਾਂ ਦੀ ਉਮਰ ਵਿੱਚ ਪਸ਼ੂ ਚਾਰਨ ਲੱਗ ਪਏ। ਬਾਹਰ ਖੇਤਾਂ ਵਿੱਚ ਸਮਾਧੀ ਲਾ ਛੱਡਣੀ। ਗੱਭਰੂ ਹੋਏ ਭਜਨ ਬਾਣੀ ਕਰਨ ਲੱਗ ਪਏ। ਭਾਈ



Namdhari Elibrary NamdhariElibrary@gmail.com

ਸੰਤੋਖ ਸਿੰਘ ਦੇ ਸ਼ਬਦਾਂ ਵਿੱਚ ਇਉਂ ਦਰਸ਼ਨ ਹੁੰਦੇ ਹਨ।

"ਨਾਮ ਕੀ ਮਸਤੀ ਮੈਂ ਮਸਤ ਰੈਂਹਦੇ ਹੈਂ। ਸ੍ਰੀ ਸਤਿਗੁਰੂ ਜੀ ਕੇ ਮੁਖ ਪਰ ਲਾਲੀ, ਮਸਤਕ ਚੌੜਾ, ਭਵਾਂ ਕਮਾਨ ਨਿਆਈਂ, ਨੇਤ੍ਰ ਮਾਨੋਂ ਚੰਦਰਮਾ, –ਸੂਰਜ ਚੜ੍ਹੇ ਹੈ। ਕਵਲਾਂ ਕੀ ਤਰ੍ਹਾਂ ਖਿੜੇ ਹੈਂ। ਸੁੰਦਰ ਕਪੋਲ, ਨੱਕ ਤਿੱਖਾ ਖੰਡੇ ਕੀ ਨਿਆਈਂ ਬਿੰਬ ਫਲ ਸਮਾਨ, ਦੋਨੋਂ ਹੋਠ ਪਤਲੇ ਲਾਲ, ਕਰਨ ਸੇਵਕਾਂ ਕੋ ਨਿਹਾਲ, ਦੰਦ ਮੋਤੀਆਂ ਕੀਆਂ ਪੰਗਤੀਆਂ ਲੱਗੀਆਂ ਹੋਈਆਂ ਹੈਂ। ਠੋਡੀ ਸੇਬ ਕੇ ਸਮਾਨ ਹੈ। ਛਾਤੀ ਚੌੜੀ ਲੱਕ ਪਤਲਾ ਕੇਹਰ ਕੀ ਨਿਆਈਂ। ਆਜਾਨੁ ਬਾਹੁ, ਲੰਬੀਆਂ ਭੁਜਾਂ ਹੈਨ। ਗਰਦਨ ਹੰਸ ਕੀ ਮਾਨਿੰਦ ਲੰਬੀ, ਲੱਤਾਂ ਕੇਲੇ ਕੀ ਤਰ੍ਹਾਂ ਹੈਨ। ਚਰਨ ਕੰਵਲ ਮੇਂ ਪਦਮ ਹੈ। ਭ੍ਰਿਗਲਤਾ ਹੈ ਪਿੱਠ ਪਰ। ਸੱਜੇ ਗੋਡੇ ਉੱਤੇ ਲਾਲ ਲਸਨ ਹੈ ਨਿੰਮ ਕੇ ਪੱਤੇ ਕੀ ਤਰ੍ਹਾਂ। ਸਰੀਰ ਪਤਲਾ ਸਰੂ ਵਾਂਗੂੰ।ਦੇਖ ਕੇ ਧੀਰਜ ਆਇ ਜਾਂਦੀ ਹੈ। ਜੀਆਂ ਵਾਂਗੂ ਸਰੀਰ ਮੈਂ ਗੰਧ ਨਹੀਂ ਹੈ।"

ਆਪ ਦਾ ਬਹਿਨੋਈ ਕਾਬਲ ਸਿੰਘ ਪਿੰਡ ਰਾਇਪੁਰ (ਲੁਧਿਆਣਾ) ਦਾ ਵਸਨੀਕ, ਖਾਲਸਾ ਫੌਜ ਵਿੱਚ ਲਾਹੌਰ ਜਮਾਂਦਾਰ ਸੀ। ਬਾਈ ਸਾਲ ਦੀ ਉਮਰ ਵਿੱਚ ਨੌ ਨਿਹਾਲ ਸਿੰਘ ਵਾਲੀ ਪਲਟਣ ਵਿੱਚ ਭਰਤੀ ਹੋ ਗਏ। ਤਕਰੀਬਨ ੮-੯ ਸਾਲ ਫੌਜ ਵਿੱਚ ਰਹੇ। ਰਣਜੀਤ ਸਿੰਘ ਤੱਕ ਤਾਂ ਸੰਤੋਖ ਸਿੰਘ ਦੇ ਲਿਖਣ ਦੇ ਮੁਤਾਬਿਕ ਧਰਮ ਦਾ ਰਾਜ ਰਿਹਾ ਜਿਸ ਵਿੱਚ ਨਿਹੰਗਾਂ ਤੇ ਨਿਰਮਲਿਆਂ ਦਾ ਜ਼ੋਰ ਸੀ। ਰਣਜੀਤ ਸਿੰਘ ਤੋਂ ਬਾਅਦ 'ਖ਼ਾਲਸਾ ਕੁਬੁੱਧੀ ਹੋਇਆ।' 'ਕਲਿਜੁਗ ਕਾ ਜ਼ੋਰ ਹੋਇਆ।' ਫੌਜ ਕਿਸੇ ਸਰਕਾਰੀ ਕੰਮ ਲਾਹੌਰ ਤੋਂ ਪਿਸ਼ਾਵਰ ਜਾ ਰਹੀ ਸੀ। ਹਜ਼ਰੋਂ ਸਾਹਿਬ ਵਿਚ ਰੁਕਣਾ ਪਿਆ। ਇਥੇ ਹੀ ਭਾਈ ਜਮੀਅਤ ਸਿੰਘ ਗਿੱਲਾਂ ਵਾਲੇ, ਗੁਰੂ ਬਾਲਕ ਸਿੰਘ ਤੋਂ ਭਜਨ ਚੌਅੱਖਰੇ ਦੀ ਦਾਤ ਲੈ ਆਏ ਸਨ ਜੋ ਫੌਜੀ ਜੀਵਨ ਦੇ ਸਾਥੀ ਸਨ, ਕਾਹਨ ਸਿੰਘ ਚੱਕ ਧਿਆਨ ਸਿੰਘ ਮਲਵਈ, ਦੂਲਾ ਸਿੰਘ ਰਾਜੇਆਣਾ, ਜੀਤ ਸਿੰਘ ਠਾਠ, ਰਾਜਾ ਸਿੰਘ ਤਰਾਂਡੀ ਆਦਿ ਜਿਉਂ ਸੋਅ ਸੁਣ ਕੇ ਜਦੋਂ ਆਪ ਗੁਰੂ ਬਾਲਕ ਸਿੰਘ ਦੇ ਪਾਸੋਂ ਭਜਨ ਲੈਣ ਗਏ ਤਾਂ ਉਨ੍ਹਾਂ ਭਜਨ ਦੇ ਕੇ ਫੁਰਮਾਇਆ : "ਠਾਕੁਰੋ ਅਸੀਂ" ਤਾਂ ਰਾਖੇ ਈ ਬੈਠੇ ਹਾਂ,ਤੁਹਾਨੂੰ ਉਡੀਕਦੇ ਸੇ। ਸੋ ਤੁਸੀਂ ਆਇ ਗਏ ਹੋ। ਏਓਂ ਨਾਮ ਕਾ ਗੱਫਾ ਤੁਸੀਂ ਹੀ ਵਰਤਾਵਣਾ ਹੈ। ਨਾਮ ਦੇ ਖਜ਼ਾਨੇ ਨੂੰ ਕੁੰਜੀ ਤੁਸੀ ਹੀ ਲਾਵਣੀ ਹੈ। ਏਹ ਕੜਛਾ ਤੁਸਾਂ ਦੇ ਹੱਥੋਂ ਈ ਵਰਤਣਾ ਹੈ।... ਕਲੂ ਕਾਲ ਮੈਂ ਨਾਮ ਹੀ ਸੁਖ ਹੈ। ਰਸਨਾ ਕਰਕੇ ਜਪੋ ਤਾਂ ਮਹਾਤਮ ਹੈ।" ਗੁਰੂ ਬਾਲਕ ਸਿੰਘ ਜੀ ਨੇ ਫਿਰ ਉਪਦੇਸ਼ ਕੀਤਾ।

"ਨਾਮ ਕਾ ਰਸ ਤਾਂ ਆਉਂਦਾ ਹੈ ਜੇਕਰ ਕਿਸੇ ਕੀ ਅੰਸ ਨਾ ਖਾਏ। ਜੇ ਕਿਸੇ ਸਿੱਖ ਦੇ ਜਾਵੇ ਤਾਂ ਆਪਣਾ ਖਰਚਾ ਲੈ ਜਾਵੇ।ਪ੍ਰਸਾਦਾ ਲੂਣ ਨਾਲ ਅੱਠੀਂ ਪਹਿਰੀਂ ਭਾਵੇਂ ਛਕੇ, ਸਿਆਲ ਉੱਨ ਕੀ ਟਾਕੀ ਨਾਲ ਕੱਟ ਲਵੇ। ਹੁਨਾਲ ਕੱਪੜੇ ਦੀ ਟਾਕੀ ਨਾਲ ਕਟ ਲਵੇ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਔਂਦਾ ਹੈ।" ਜਨਮ ਸਾਖੀ ਸ਼ੈਲੀ ਵਿੱਚ ਭਾਈ ਸਾਹਿਬ ਨੇ ਫੌਜੀ ਜੀਵਨ ਨਾਲ ਸਬੰਧਿਤ ਬਹੁਤ ਸਾਰੀਆਂ ਸਾਖੀਆਂ ਦਰਜ ਕੀਤੀਆਂ ਹਨ। ਸਤਿਗੁਰੂ ਜੀ ਦੀ ਮਸਤਾਨੀ ਬਿਰਤੀ ਬਾਰੇ ਭੀ ਅਨੇਕ ਸਾਖੀਆਂ ਦਰਜ ਹਨ।ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਮਸਤਾਨੀ ਬਿਰਤੀ ਤਾਂ ਸਾਨੂੰ ਆਦਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਮਿਲੀ ਹੋਈ ਹੈ। ਨਵੇਂ ਪੰਥ, ਨਵੇਂ ਰਾਹ, ਦਾਨਿਆਂ ਤੋਂ ਨਹੀਂ, ਮਸਤਾਨਿਆਂ ਤੋਂ ਹੀ ਚੱਲੇ ਹਨ। ਫੌਜ ਵਿੱਚ ਆਪ ਦੇ ਰਹਿਣ ਕਾਰਨ ਆਪ ਵਾਲੀ ਸਾਰੀ ਫੌਜ "ਭਗਤਾਂ ਦੀ ਫੌਜ" ਹੀ ਅਖਵਾਉਂਦੀ ਸੀ। ਸਿੱਖ ਸੈਨਾ ਅਤੇ ਲਾਹੌਰ ਦਰਬਾਰ ਦੇ ਆਗੂਆਂ ਦੇ ਅੰਗਰੇਜ਼ਾਂ ਨਾਲ ਰਲੇ ਹੋਣ ਦਾ ਭੇਦ ਸ੍ਰੀ ਸਤਿਗੁਰੂ ਜੀ ਦੀ ਪਾਰਖੂ ਅੱਖ ਨੇ ਤਾੜ ਲਿਆ ਸੀ। ਇਸ ਲਈ ਮੁਦਕੀ ਦੀ ਲੜਾਈ ਸਮੇਂ (੧੮ ਦਸੰਬਰ ੧੮੪੫ ਈ.) ਨੂੰ ਸਤਿਲੁਜ ਦਾ ਪੱਤਣ ਲੰਘਣ ਸਮੇਂ ਬੰਦੂਕ ਦਰਿਆ ਵਿੱਚ ਸੁੱਟ ਦਿੱਤੀ। "ਸਿੰਘਾਂ ਪੁੱਛਿਆ ਏਹ ਕੀ ਸਾਂਗ ਹੈ ? ਬਚਨ ਕੀਤਾ ਗੁਰੂ ਜੀ ਧੁਆਡੇ ਸਰਦਾਰ ਫਰੰਗੀ ਨਾਲ ਮਿਲੇ ਹੋਏ ਹਨ। ਤੁਸੀਂ ਸਾਰੇ ਏਥੇ ਡੁੱਬ ਗੇ ਸਣੇ ਸ਼ਸਤਰੀਂ। ਤਾਂ ਤੇ ਮੈਂ ਅੱਗੇ ਈ ਸੁੱਟ ਦਿੱਤੀ ਹੈ ਬੰਦੂਕ।" ਇਹ ਬਚਨ ਠੀਕ ਸਿੱਧ ਹੋਏ। ਲੁਧਿਆਣੇ ਮਾਮੇ ਹਰੀ ਸਿੰਘ ਦੇ ਘਰ ਆਇਆਂ ਪਤਾ ਲੱਗਾ ਕਿ ਆਪਦੇ ਮਹਿਲ ਬੀਬੀ ਜੱਸਾਂ ਦੇ ਲੜਕਾ ਪੈਦਾ ਹੋ ਕੇ ਅੱਠਾਂ ਦਿਨਾ ਬਾਦ ਚੜ੍ਹ ਗਿਆ। ਆਪ ਦੀ ਭੈਣ ਰੂਪਾਂ ਢੰਢਾਰੀ ਪਿੰਡ ਵਿਖੇ ਵਿਆਹੀ ਸੀ। ਉਸ ਨੂੰ ਰਾਤ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਮਾਮੀ ਰਾਮੀ ਨਾਲ ਗਏ ਅਤੇ ਨਗਰ ਦੀ ਜੂਹ ਵਿੱਚ ਦਾਖਲ ਹੁੰਦਿਆਂ ਲੋਕਾਚਾਰ ਨੂੰ ਮੁੱਖ ਰੱਖ ਕੇ ਧਾਹ ਵੀ ਮਾਰੀ ਕਿਉਂਕਿ ਮਾਮੀ ਨੂੰ ਕਿਹਾ ਸੀ "ਜੇ ਘਰ ਚੁੱਪ ਕੀਤੇ ਗਏ ਤਾਂ ਜੱਸਾਂ ਕਹੇ ਗੀ ਨੁਪੱਤੇ ਨੂੰ ਮੋਹ ਨਾ ਸੀ।" ਦਾਣੇ ਭਾਵੇਂ ਘਰ ਖਾਣ ਜੋਗੇ ਵੀ ਨਾ ਹੁੰਦੇ ਆਏ ਸੁਆਲੀ ਨੂੰ ਚੁਕਾ ਦਿੰਦੇ। ਆਪ ਦੀ ਭੂਆ ਜਿੰਦਾਂ ਮੁੰਡੀਆਂ ਪਿੰਡ ਵਿੱਚ ਵਿਆਹੀ ਸੀ। ਉਥੇ ਵੀ ਕਈ ਦਿਨ ਰਹਿ ਆਉਂਦੇ।

ਫੌਜ ਵਿਚੋਂ ਆ ਕੇ ਕਿ ਵਰ੍ਹਾ ਮਸਤਾਨੇ ਹੀ ਰਹੇ। ਫਿਰ ਮਾਤਾ ਜੱਸਾਂ ਦੇ ਗਹਿਣੇ ਵੇਚ ਕੇ ਦੋ ਬੈਲ ਖਰੀਦ ਲਏ। ਪਹਿਲੇ ਦੋ ਬਰਸ ਸੁੱਖੂ, ਜੋ ਪਿੰਡ ਦਾ ਲੰਬੜਦਾਰ ਸੀ, ਉਸ ਨਾਲ ਖੇਤੀ ਕੀਤੀ। ਫਿਰ ਖੇਮੇ ਨਾਲ ਕੀਤੀ। ਕਮਾਦ ਦੀ ਸੱਕਰ ਵੀ ਪਾਈ ਬੂਰੇ ਵਰਗੀ ਅਤੇ ਚਰਸ ਫੜ ਕੇ ਖੂਹ ਤੋਂ ਸਿੰਚਾਈ ਵੀ ਕੀਤੀ। ਫਿਰ ਰਾਈਆਂ ਦੇ ਜਿਉਣ ਸਿੰਘ ਨੰਬਰਦਾਰ ਨਾਲ ਖੇਤੀ ਕਰਨ ਦਾ ਜ਼ਿਕਰ ਵੀ ਆਉਂਦਾ ਹੈ, ਮੁੱਢਲੇ ਪਿੰਡ ਜਾ



Namdhari Elibrary NamdhariElibrary@gmail.com

ਕੇ। ਬਾਲ ਸਖਾਈ ਮਿੱਤਰ ਲਹਿਣਾ ਸਿੰਘ ਦੇ ਕਹਿਣ ਤੇ ਫਿਰ ਵਾਪਸ ਭੈਣੀ ਸਾਹਿਬ ਆ ਗਏ। ਖੇਮਾ ਤੇ ਬੁੱਗ ਵੀ ਸੱਦਣ ਗਏ ਸਨ ਕਿ ਸਾਡੇ ਨਾਲ ਖੇਤੀ ਸਾਂਝੀ ਕਰ ਲਓ। ਲਹਿਣਾ ਸਿੰਘ ਦੁਆਰਾ ਪ੍ਰਦਾਨ ਕੀਤੀ ਗਈ ਭੂਮੀ ਤੇ, ਜੋ ਉਸ ਦੇ ਘਰਾਂ ਪਿੱਛੇ ਸ਼ਾਮਲਾਟ ਸੀ! ਦੋਵਾਂ ਭਾਈਆਂ ਨੇ ਇੱਟਾਂ ਪੱਥਕੇ ਸਤਿਗੁਰੂ ਜੀ ਦੇ ਬਿਰਾਜਮਾਨ ਹੋਣ, ਲਈ ਤਖਤ ਵੀ ਰਚਿਆ ਅਤੇ ਡੇਰੇ ਦੇ ਹੋਰ ਮਕਾਨਾਂ ਦੀ ਰਚਨਾ ਵੀ ਕੀਤੀ। ਜਿਤਨਾ ਚਿਰ ਭਵਨ ਤਿਆਰ ਨਾ ਹੋਏ ਓਨਾ ਚਿਰ ਖੇਮੇ ਜੱਟ ਦੇ ਘਰ ਨਿਵਾਸ ਵੀ ਕੀਤਾ। ਖੇਮੇ ਅਤੇ ਗੁਰੂ ਹਰੀ ਸਿੰਘ ਜੀ ਦਾ ਜਨਮ ਇੱਕੋ ਰਾਤ ਦਾ ਹੀ ਸੀ।

ਸੰਤਾਨ ਦੇ ਤੌਰ 'ਤੇ ਹਜ਼ੂਰ ਦੀਆਂ ਦੋ ਪੁੱਤਰੀਆਂ ਹੀ ਸਨ। ਵੱਡੀ ਬੀਬੀ ਨੰਦਾਂ ਖਟੜੇ (ਲੁਧਿਆਣਾ) ਅਤੇ ਛੋਟੀ ਬੀਬੀ ਦਇਆ ਕੌਰ ਨਾਰੰਗਵਾਲ (ਲੁਧਿਆਣਾ) ਵਿਆਹੀਆਂ ਸਨ। ਵੱਡੀ ਦੇ ਤਿੰਨ ਪੁੱਤਰ ਸਨ ਜਿਨ੍ਹਾਂ ਵਿੱਚੋਂ ਸੂਰਤ ਸਿੰਘ ਵੈਦ ਅਤੇ ਕਵੀ ਵੀ ਸੀ। ਉਸ ਦਾ ਸਾਰਾ ਜੀਵਨ ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੋਇਆ। ਛੋਟੀ ਪੁੱਤਰੀ ਦੇ ਘਰ ਵਾਲਾ ਗੁਰ ਸਿੱਖੀ ਧਾਰਨ ਨਹੀਂ ਸੀ ਕਰਦਾ ਜਿਸ 'ਤੇ ਬੀਬੀ ਉਸ ਨਾਲ ਜਾਂਦੀ ਨਹੀਂ ਸੀ। ਇਸੇ ਦੁਬਿਧਾ ਵਿਚ ਬੀਬੀ ਉਸ ਹੱਥੋਂ ਕਤਲ ਹੋ ਗਈ ਅਤੇ ਉਹ ਫਾਹੇ ਲੱਗ ਗਿਆ। ਫਿਰੋਜ਼ਪੁਰ ਛਾਉਣੀ ਸੜਕਾਂ ਬਣ ਰਹੀਆਂ ਸਨ। ਆਪ ਦੇ ਮਾਮੇ ਹਰੀ ਸਿੰਘ ਦਾ ਪੁੱਤਰ ਪਜ਼ਾਨ ਸਿੰਘ ਉਥੇ ਚਿਣਾਈ ਦਾ ਕੰਮ ਕਰਦਾ ਕਰਵਾਉਂਦਾ ਸੀ। ਸਤਿਗੁਰੂ ਜੀ ਕੁਝ ਸਮਾਂ ਉਥੇ ਜਾ ਕੇ ਰਾਜਗੀਰੀ ਕਰਦੇ ਰਹੇ। ਫਿਰ ਦੇਵਨੋਤ ਮਾਮਾ ਅਤੇ ਉਸ ਦਾ ਪੁੱਤਰ ਥੋਹੜੇ ਵਕਫੇ ਬਾਅਦ ਚਲਾਣਾ ਕਰ ਗਏ। ਮਾਮੀ ਨੇ ਆਪਣੇ ਵੱਲੋਂ ਕੁਝ ਮਾਇਆ ਦੇ ਕੇ ਵਣਜ ਵਿਓਪਾਰ ਕਰਨ ਲਈ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਪਿੰਡ ਵਿੱਚ ਹੱਟੀ ਸ਼ੁਰੂ ਹੋ ਗਈ। ਜਿਸ ਦੇ ਮੁਨਾਫੇ ਨਾਲ ਆਈ ਸਾਧ ਸੰਗਤ ਦਾ ਲੰਗਰ ਪਾਣੀ ਚੱਲਣ ਲੱਗ ਪਿਆ। ਖੇਤੀ ੧੮੫੨ ਈ. ਤੱਕ ਕੀਤੀ ੬ ਸਾਲ। ਫਿਰੋਜ਼ਪੁਰ ਤਿੰਨ ਸਾਲ ੧੮੫੫ ਈ. ਤੱਕ ਰਹੇ।

੧੯੧੪ ਬਿਕ੍ਰਮੀ (੧੮੫੭ ਈ.) ਦੀ ਵੈਸਾਖੀ ਦੇ ਦਿਨ ਸ੍ਰੀ ਭੈਣੀ ਸਾਹਿਬ ਪੰਜ ਸਿੰਘਾਂ ਨੂੰ ਸ੍ਰੀ ਦਸਮੇਸ਼ ਜੀ ਦੀ ਰੀਤੀ ਅਨੁਸਾਰ ਅੰਮ੍ਰਿਤ ਛਕਾਇਆ ਅਤੇ ਇਸ ਤਰ੍ਹਾਂ 'ਸੰਤ ਖਾਲਸਾ' ਪ੍ਰਗਟ ਕਰ ਦਿੱਤਾ। ਇਹ ਸਿੰਘ ਸਨ ਕਾਹਨ ਸਿੰਘ ਨਿਹੰਗ ਪਿੰਡ ਚੱਕ ਰਿਆਸਤ ਮਾਲੇਰਕੋਟਲਾ, ਲਾਭ ਸਿੰਘ ਰਾਗੀ ਨਿਵਾਸੀ ਨਵਾਂਸ਼ਹਿਰ, ਆਤਮਾ ਸਿੰਘ ਆਲੋਮੁਹਾਰ (ਸਿਆਲਕੋਟ), ਨੈਣਾ ਸਿੰਘ ਵਰਿਆਂਹ (ਅੰਮ੍ਰਿਤਸਰ) ਅਤੇ ਸੁੱਧ ਸਿੰਘ ਦੁਰਗਾਪੁਰ (ਜਲੰਧਰ)। ਸਿੱਖੀ ਜੀਵਨ ਵਿੱਚ ਕਿਰਤ ਦੀ ਕਿੰਨੀ ਮਹੱਤਤਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਨਾ ਸਤਿਗੁਰੂ ਜੀ ਆਪ ਵਿਹਲੇ ਰਹਿੰਦੇ ਸਨ ਅਤੇ ਨਾ ਪਰਿਵਾਰ ਦੇ ਜੀਆਂ ਨੂੰ ਰਹਿਣ ਦਿੰਦੇ ਸਨ। ਭਾਈ ਸਾਹਿਬ ਲਿਖਦੇ ਹਨ "ਚੱਕੀਆਂ ਨਾਲ ਈ ਗੁਜ਼ਾਰਾ ਹੁੰਦਾ ਸੀ। ਮਾਤਾ ਜੱਸਾਂ ਜੀ ਭੀ ਪੀਂਹਦੇ ਸੇ। ਬੀਬੀ ਦਇਆ ਕੌਰ ਭੀ ਪੀਸਿਆ ਕਰੇ। ਇਕ ਦਿਨ ਸ੍ਰੀ ਸਤਿਗੁਰੂ ਜੀ ਜੱਸਾਂ ਨਾਲ ਪਿਸਾਵਣ ਲੱਗੇ। ਫੇਰ ਸੁੱਧ ਸਿੰਘ ਭੀ ਆਇ ਲੱਗਾ, ਸਤਿਗੁਰੂ ਜੀ ਹਟਾਇ ਦਿੱਤੇ। ਕੋਈ ਪ੍ਰੇਮ ਨਾਲ ਕੰਮ ਕਰੇ ਤਾਂ ਕਰੇ ਨਹੀਂ ਤਾਂ ਕਹਿਣਾ ਨਹੀਂ। ਬੀਬੀ ਦਇਆ ਕੌਰ ਪਹਿਲੇ ਪੀਸਿਆ ਕਰੇ, ਫੇਰ ਦੁੱਧ ਰਿੜਕਣਾ, ਫੇਰ ਘਾਸ ਕੀ ਪੰਡ ਲਿਆਵਣੀ। ਪ੍ਰਸ਼ਾਦ ਭੀ ਬਣਾਉਣਾ. ਫੇਰ ਪਾਣੀ ਅਕਾਲ ਬੁੰਗੇ ਵਾਲੇ ਖੂਹ ਤੋਂ ਭਰਨਾ, ਫੇਰ ਪੰਜ ਗ੍ਰੰਥੀ ਬਾਣੀ ਭੀ ਪੜ੍ਹਨੀ।" ਸਤਿਗੁਰੂ ਰਾਮ ਸਿੰਘ ਜੀ ਉਚ ਨੀਚ ਦੀਆਂ ਸਾਰੀਆਂ ਵਿੱਥਾਂ ਮਿਟਾ ਕੇ ਉਦੋਂ ਆਸਤ ਲੋਂ ਸਾਰੀ ਲੁਕਾਈ ਨੂੰ ਨਾਮ ਦੇ ਰੰਗ ਵਿੱਚ ਰੰਗੀ ਹੋਈ ਵੇਖਣ ਦੇ ਇਛੁੱਕ ਹਨ। ਮੁੰਡੀਆਂ ਦੇ ਇਕ ਸੁਜਾਨ ਸਿੰਘ ਨੂੰ ਭਜਨ ਲੈਣ ਦਾ ਹੁਕਮ ਕੀਤਾ। ਉਸ ਕਿਹਾ ਜੀ ਮੈਂ ਗਰੀਬ ਹਾਂ ਆਏ ਸਿੱਖ ਸਾਧ ਦੀ ਸੇਵਾ ਨਹੀਂ ਕਰ ਸਕਦਾ, "ਗੁਰੂ ਜੀ ਬਚਨ ਕੀਤਾ ਜੇਕਰ ਪਰਸ਼ਾਦਾ ਨਾ ਹੋਵੇ ਆਏ ਸਿੰਘ ਕੋ ਆਦਰ ਸੇ ਜਲ ਕਾ ਛੰਨਾ ਲੈ ਕੇ ਹੀ ਮਿਲ ਪਈਏ, ਜਗ੍ਹਾ ਦੇ ਦਈਏ ਤਾਂ ਪਰਸ਼ਾਦੇ ਨਾਲੋਂ ਭੀ ਜ਼ਿਆਦਾ ਫਲ ਹੈ। ਆਏ ਸਿੰਘ ਕੋ ਉਠਾਵੇ ਨਾ, ਮਿੱਠਾ ਬੋਲਾ ਕਰੇ ਤਾਂ ਭੀ ਸਿਖੀ ਰਹਿ ਆਉਂਦੀ ਹੈ। ਸੁਜਾਨ ਸਿੰਘ ਨੇ ਭਜਨ ਲੈ ਲਿਆ। ਮਾੜੇ ਕਰਮਾਂ ਦਾ ਤਿਆਗ ਕੀਤਾ।"

੧੮੫੮ ਈ. ਮੁਤਾਬਿਕ ੧੯੧੫ ਬਿਕ੍ਰਮੀ ਨੂੰ ਪੰਜੀ ਸਿੰਘਾਂ ਨੂੰ ਨਾਲ ਲੈ ਕੇ ਹਜ਼ਰੋ ਸਾਹਿਬ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਗਏ। ਗੁਰੂ ਬਾਲਕ ਸਿੰਘ ਜੀ ਨੇ ਕਈ ਦਿਨ ਰੱਖ ਕੇ ਹਜ਼ਰੋ ਸਾਹਿਬ ਦੇ ਇਕ ਇਕ ਸਿੱਖ ਦੇ ਘਰ ਆਪਦੇ ਚਰਨ ਲੰਗਰ ਦੇ ਬਹਾਨੇ ਪੁਆਏ। ਭਾਈ ਵਸਤੀ ਰਾਮ ਸਿਰਫ ਬਾਣੀ ਹੀ ਪੜ੍ਹਦਾ ਸੀ। ਕੰਠਾਗਰ ਸੀ ਕਾਫੀ ਬਾਣੀ। ਉਸ ਨੂੰ ਫੁਰਮਾਇਆ ਕਿ ਭਜਨ ਵੀ ਕਰਿਆ ਕਰ। ਖੰਡ ਘਿਓ ਰਲਾ ਕੇ ਛਕਣਾ ਚਾਹੀਦਾ ਹੈ। ਮੁੜਦਿਆਂ ਮੁੱਠਡੇ ਨਗਰ ਵਿੱਚ ਵਜ਼ੀਰੇ ਲੁਹਾਰ ਨੂੰ ਸਭ ਤੋਂ ਪਹਿਲਾਂ ਭਜਨ ਦਿੱਤਾ। ੧੮੫੯-੬੦ ਈ. ਵਿੱਚ ਹੀ ਬਾਬਾ ਸਾਹਿਬ ਸਿੰਘ (ਬਾਅਦ ਵਿੱਚ ਬਣਿਆ ਪ੍ਰਮੁੱਖ ਸੂਬਾ) ਹਜ਼ੂਰੀ ਸੂਬਾ ਵਿਚ ਆਇਆ। ਪਹਿਲਾਂ ਮੱਝਾਂ ਚਾਰਦਾ ਰਿਹਾ, ਫਿਰ ਬੱਚਿਆਂ ਨੂੰ ਵਿੱਦਿਆ ਦਾਨ ਦੇਣ ਲੱਗਾ। ੧੯੧੭ ਦੇ ਕਾਲ ਸਮੇਂ ਭਾਉ ਨਾਲੋਂ ਦੋ ਸੇਰ ਦਾਣੇ ਆਪਣੀ ਦੁਕਾਨ ਤੋਂ ਵਧ ਦੇਣੇ ਅਤੇ ਲੰਗਰ ਵਿਚੋਂ ਪਰਸ਼ਾਦਾ ਵੀ ਛਕਾਉਣਾ।

ਭਾਈ ਸੰਤੋਖ ਸਿੰਘ ਭਾਵੇਂ ਵਾਰਤਕ ਲਿਖਾਰੀ ਹੈ ਪਰ ਕਵਿਤਾ ਵੀ ਉਸਦੇ ਵੱਸ ਵਿੱਚ ਹੈ।ਸਤਿਗੁਰੂ ਜੀ ਦੇ ਦਰਸ਼ਨਾਂ



Namdhari Elibrary NamdhariElibrary@gmail.com

ਦਾ ਵਰਣਨ ਇਸ ਕਬਿੱਤ ਵਿੱਚ ਬੜਾ ਮਨਮੋਹਕ ਹੈ:

"ਮੁੱਖ ਬੜਾ ਆਬ ਹੈ ਜਿਉਂ ਕਮਲ ਗੁਲਾਬ ਹੈ।
ਸਰੀਰ ਖਾਸ ਭਾਗ ਹੈ ਜੋ ਆਪ ਨਿਰੰਕਾਰ ਹੈ।
ਸੰਗਤ ਕੇ ਬੀਚ ਬੈਠੇ ਸੋਭਤੇ ਹੈਂ ਏਸ ਤੌਰ,
ਤਾਰਿਆਂ ਕੇ ਬੀਚ ਜੈਸੇ ਸਸੀ ਕਾ ਅਕਾਰ ਹੈ।
ਸੋਹਦੀ ਗ੍ਰੀਵਾ ਉੱਚੀ ਜੈਸੇ ਸਰੂ ਬਾਗ ਵਿੱਚ,
ਕੋਮਲ ਸੇ ਅੰਗ ਰੰਗ ਕਨਕ ਸਮਾਰ ਹੈ।
ਕੱਟੇ ਜਾਂਦੇ ਪਾਪ ਕਈ ਜਨਮਾਂ ਦੇ ਕਵੀ ਸਿੰਘਾ,
ਜੇੜ੍ਹਾ ਨੈਨੀ ਦੇਖੇ ਇਕ ਵਾਰ ਹੀ ਨਿਹਾਰ ਹੈ।"[12]

ਅਪ੍ਰੈਲ ੧੮੬੧ ਈ. ਵਿੱਚ ਅੱਧ ਕੁੰਭੀ ਦਾ ਮੇਲਾ ਹਰਿਦੁਆਰ ਵਿਖੇ ਸੀ। ਭਾਈ ਸੰਤੋਖ ਸਿੰਘ ਦੇ ਕਥਨਾਨੁਸਾਰ ਸਤਿਗੁਰੂ ਜੀ ਗੰਗਾ ਦੀ ਸੌਂਤਿਆ ਕੱਢ ਸ੍ਰੀ ਭੈਣੀ ਸਾਹਿਬ ਵਿਖੇ ਬਣੇ ਸਰੋਵਰ, ਰਾਮ ਸਰ ਵਿਖੇ ਪਾ ਦੇਣਗੇ।ਪੁਰਾਣੇ ਸੰਕਲਪਾਂ ਦੀ ਥਾਂ 'ਤੇ ਨਵੇਂ ਸੰਕਲਪ ਇਸ ਤਰ੍ਹਾਂ ਹੀ ਉਸਰਦੇ ਹਨ।ਨਵੇਂ ਮਨੁੱਖ ਦੀ ਸਿਰਜਣਾ ਦੇ ਆਹਰ ਹੋ ਰਹੇ ਹਨ। ਗੰਗਾ ਲੋਕ ਮਨ ਵਿੱਚ ਕਿੰਨੀ ਡੂੰਘੀ ਉੱਤਰੀ ਹੋਈ ਸੀ:

"ਮਿੱਤਰਾ ਧਰਮ ਕਰੀਂ,
ਮੇਰੇ ਫੁੱਲ ਗੰਗਾਂ ਵਿੱਚ ਪਾਉਂਣੇ।" -ਲੋਕਗੀਤ

ਪੁਰਾਣੀਆਂ ਦੀ ਥਾਂ ਹੁਣ ਨਵੀਆਂ ਮਨਾਉਤਾਂ ਦਾ ਸਮਾਂ ਆ ਗਿਆ ਹੈ। ਪੁਨਰ ਜਾਗਰਣ ਵੀ ਇਸੇ ਨੂੰ ਕਹਿੰਦੇ ਹਨ। ਸਤਿਗੁਰੂ ਜੀ ਸੌ ਡੇਢ ਸੌ ਸਿੰਘਾਂ ਦੇ ਵਹੀਰ ਸਮੇਤ ਗੰਗਾ 'ਤੇ ਪਹੁੰਚੇ। ਭਾਈ ਨੈਣਾ ਸਿੰਘ ਵਰਿਆਂਹ ਵਾਲੇ ਦੇ ਪੈਰਾਂ 'ਤੇ ਕੁਹਾੜਾ ਮਾਰ ਕੇ ਫੱਟੜ ਕਰਨਾ, ਪੱਧਰੀ ਵਾਲੀ ਮਾਈ ਸਾਹਿਬੋ ਤੇ ਉਸ ਦੇ ਪੁੱਤਰ ਲਾਲ ਸਿੰਘ ਦੀ ਅਗਨੀ ਪ੍ਰੀਖਿਆ , ਛੋਟੇ ਭਾਈ ਬੁੱਧ ਸਿੰਘ ਨੂੰ ਨਾਲ ਲਾ ਕੇ ਦਿਆਰ ਦੀ ਭਾਰੀ ਗੇਲੀ ਦੋਵਾਂ ਭਰਾਵਾਂ ਚੁੱਕ ਕੇ, ਨਾਮਧਾਰੀ ਪੰਥ ਦੀ ਭਾਰੀ ਕਾਰ ਚੁੱਕਣ ਦੇ ਦੋਹਾਂ ਦੇ ਹੀ ਸਮਰੱਥ ਹੋਣ ਦਾ ਦ੍ਰਿਸ਼ਟਾਂਤ ਆਦਿਕ ਪਰਸੰਗ ਗੰਗਾ ਯਾਤਰਾ ਸਮੇਂ ਹੀ ਵਾਪਰੇ ਹਨ। ਸਤਿਗੁਰੂ ਜੀ ਦੀ ਕੌਮਾਂਤਰੀ ਦ੍ਰਿਸ਼ਟੀ ਦੇ ਦਰਸ਼ਨ ਵੀ ਇਸ ਗ੍ਰੰਥ ਵਿਚੋਂ ਹੁੰਦੇ ਹਨ। ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਪ੍ਰਭੂਸੱਤਾ ਸੰਪਨ ਰੂਸੀ ਸਰਕਾਰ ਦਾ ਸਹਿਯੋਗ ਕੂਕਿਆਂ ਦੇ ਏਜੰਡੇ 'ਤੇ ਰਿਹਾ ਹੈ। ਸਤਿਗੁਰੂ ਜੀ ਮਸਤਾਨੀ ਬਿਰਤੀ ਵਿੱਚ ਡੱਬੂ-ਕਾਲੂ ਦਾ ਯੁੱਧ ਕਰਦੇ ਹਨ। "ਡੱਬੂ ਨਾਮ ਫਰੰਗੀਆਂ ਕਾ ਹੈ ਤੇ ਕਾਲੂ ਨਾਮ ਰੂਸਾਂ ਕਾ ਹੈ।" ਹਜ਼ਰੋ ਸਾਹਿਬ ਕੀ ਸੰਗਤ ਵੀ ਗੰਗਾ ਤੇ ਪੁੱਜੀ। ਸਤਿਕਾਰ ਵਜੋਂ ਉਨ੍ਹਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਸਤਿਗੁਰੂ ਜੀ ਨੇ ਮੰਗ ਕੇ ਲਈ। ਹਰਨਾਮ ਸਿੰਘ ਛੂਤੀਏ ਨੂੰ ਦੱਸਿਆ ਕਿ ਮੈਂ ਆਪਣੀ ਕ੍ਰਿਆ ਆਪ ਕਰਨ ਦੇ ਸਮਰੱਥ ਹਾਂ ਤਾਂ ਫਿਰ ਤੇਰੇ ਦੁਆਰਾ ਕੱਢੇ ਗੜਵੇ ਦੇ ਜਲ ਨਾਲ ਇਸ਼ਨਾਨ ਨਹੀਂ ਕਰਾਂਗਾ। ਉਹ ਪਾਣੀ ਡੋਹਲ ਕੇ ਆਪ ਕੱਢ ਕੇ ਇਸ਼ਨਾਨ ਕੀਤਾ। ਆਪ ਹੱਥੀਂ ਕੰਮ ਕਰਨ ਨੂੰ ਸਦਾ ਵਡਿਆਉਂਦੇ ਰਹੇ ਹਨ। ਵਿਹਲੜਾਂ ਤੇ ਨੱਖਟੂਆਂ ਤੋਂ ਆਪਣੇ ਪੰਥ ਨੂੰ ਮੁਕਤ ਰੱਖਿਆ।

ਸੰਮਤ ਬਿਕ੍ਰਮੀ ੧੯੧੮ ਮੁਤਾਬਿਕ ਜਨਵਰੀ ੧੮੬੨ ਈ. ਨੂੰ ਮੁਕਤਸਰ ਮਾਘੀ ਦਾ ਮੇਲਾ ਵੇਖਣ ਚੱਲੇ। ਫਰੀਦਕੋਟ ਦੇ ਰਾਜੇ ਨੇ ਲੰਗਰ ਵਾਸਤੇ ਬਰਤਨ ਵੀ ਨਾ ਦਿੱਤੇ ਅਤੇ ਇਕ ਮੁਖਬਰ ਨਾਈ ਭੇਜ ਕੇ ਸੰਗਤ ਦੇ ਕਛਿਹਰੇ ਪੈਸੇ ਉਸ ਤੋਂ ਚੁਰਵਾ ਲਏ। "ਸਿੰਘ ਸੁਣ ਸੁਣ ਕੇ ਦੂਰੋਂ ਦੂਰੋਂ ਆਏ। ਬਹੁਤ ਖਾਲਸਾ ਇਕੱਠਾ ਹੋਇਆ। ਸਿੰਘਾ ਕੋ ਦੇਖ ਕੇ ਫ਼ਰੰਗੀਆਂ ਕੋ ਭੀ ਭੈ ਪ੍ਰਾਪਤ ਹੂਆ। ਨਯਾ ਪੰਥ ਪੈਦਾ ਹੋਇਆ ਹੈ। ਬਿਨਾਂ ਦਮਾਂ ਥੀਂ ਆਇਕੇ ਸੀਸ ਵੇਚਦੇ ਹੈਂ। ਐਸੇ ਹਮਾਰੇ ਨੌਕਰ ਨਹੀਂ ਕਹਾ ਮੰਨਦੇ ਜੈਸੇ ਇਹ ਮੰਨਦੇ ਹੈਂ। ਤੇਜ ਪ੍ਰਤਾਪ ਸਭ ਪਰ ਛਾਇ ਗਿਆ ਹੈ। ਜੈਸੇ ਸੂਰਜ ਕੇ ਚੜ੍ਹੇ ਤੇ ਚਾਨਣਾ ਹੋ ਆਉਂਦਾ ਹੈ।"[13]

੧੮੬੨ ਈ. ਵਾਲੇ ਮੱਘਰ ਦੀ ਪੁੰਨਿਆ ਨੂੰ ਗੁਰੂ ਬਾਲਕ ਸਿੰਘ ਜੀ ਜੋਤੀ ਜੋਤਿ ਸਮਾ ਗਏ। ਸਮਾਵਣ ਤੋਂ ਪਹਿਲਾਂ ਇਕ ਅਰਦਾਸ ਸਤਿਗੁਰੂ ਰਾਮ ਸਿੰਘ ਜੀ ਵੱਲ ਭੇਜੀ ਸੀ, "ਅਰਦਾਸ ਮੇਂ ਇਹ ਲਿਖਾ ਸੀ ਕਿ ਠਾਕੁਰੋ ਅਸਾਂ ਤਾਂ ਚੜ੍ਹਾਈ ਕੀ ਤਿਆਰੀ ਕੀਤੀ ਹੈ, ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ, ਬਾਢੀ ਜਾਤ ਹੋ, ਐਸੀ ਚੂਨੇ ਇਟ ਲਾਉਣੀ ਜੇਹੜੀ ਫੇਰ ਨਾ ਉੱਖੜੇ। ਅਸੀਂ ਧੁਆਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖਸ਼ੀ ਹੈ। ਕੁੰਜੀ ਲਾਵੋ ਖਜ਼ਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਧਾਰੀ ਖਾਲਸਾ ਵਧਾਓ।ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ।" ਸਤਿਗੁਰੂ ਜੀ ਇਸ ਅਵਸਰ 'ਤੇ ਹਜ਼ੂਰੋ ਸਾਹਿਬ ਨੂੰ ਚੱਲੇ। ਵਜ਼ੀਰਾਬਾਦ ਦੇ ਪੱਤਣ ਤੇ ਹਜ਼ਰੋ ਸਾਹਿਬ ਦੀ ਸੰਗਤ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਗੰਗਾ ਵਿੱਚ ਪਾਉਣ ਲਈ ਆਉਂਦੀ ਮਿਲੀ। ਇਥੋਂ ਆਪ ਵੀ ਗੁਰੂ ਬਾਲਕ ਸਿੰਘ ਦੇ ਫੁੱਲਾਂ ਦੇ ਸਤਕਾਰ ਵਿੱਚ ਵਾਪਸ ਆ ਗਏ। ਗਿੱਲਾਂ ਦੀ ਸੰਗਤ ਨੇ ਬਾਬੇ ਜਮੀਅਤ ਸਿੰਘ ਹੋਰਾਂ ਦੀ ਅਗਵਾਈ ਵਿੱਚ ਸੇਵਾ ਕੀਤੀ ਅਤੇ ਗੁਰੂ ਬਾਲਕ ਸਿੰਘ ਜੀ ਦੀ ਦਸਤਾਰ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਬੰਧਾਈ।

੧ ਜੂਨ ੧੮੬੩ ਈ. ਨੂੰ ਸਿਆਹੜ ਪਿੰਡ ਵਿਖੇ ਸਤਿਗੁਰੂ ਜੀ ਨੇ ਮਾਈਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਕਛਿਹਰੇ ਵੀ ਪੁਆਏ। ਫਿਰ ੩ ਜੂਨ ੧੮੬੩ ਈ. ਨੂੰ ਖੋਟੇ ਪਿੰਡ ਵਿਖੇ ਗੁਰੂ ਰੀਤੀ ਅਨੁਸਾਰ ਅੰਤਰ ਜਾਤੀ ੬ ਜੋੜਿਆਂ ਦੇ ਅਨੰਦ ਕਾਰਜ ਕਰ ਕੇ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਿਆ। ਪੰਡਿਤਾਂ ਦੇ ਵਿਰੋਧ ਕਰਨ ਤੇ ਸਤਿਗੁਰੂ ਜੀ ਨੂੰ ਠਾਣਿਉਂ ਠਾਣੀ ਬਾਘੇ ਪੁਰਾਣੇ ਤੋਂ ਭੈਣੀ ਸਾਹਿਬ ਪੁਚਾਇਆ



Namdhari Elibrary NamdhariElibrary@gmail.com

ਗਿਆ। ਇਸ ਰੀਤੀ ਦੁਆਰਾ ਤੀਸਰੇ ਪੰਥ ਖਾਲਸੇ ਦਾ ਨਿਆਰਾਪਣ ਵੀ ਪ੍ਰਗਟ ਕਰ ਦਿੱਤਾ, ਪਹਿਲੇ ਦੋਵਾਂ ਪੰਥਾਂ ਤੋਂ! ਜੂਨ ੧੮੬੩ ਈ. ਤੋਂ ਮਾਰਚ ੧੮੬੭ ਈ. ਤੱਕ ਸਤਿਗੁਰੂ ਜੀ ਸਰਕਾਰੀ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਰਹੇ। ਛੁੱਟੀ ਲੈ ਕੇ ਲੁਧਿਆਣੇ ਜ਼ਿਲ੍ਹੇ ਦਾ ਦੌਰਾ ਕੀਤਾ ਗਿਆ। ਸੂਬਾ ਪਹਾੜਾ ਸਿੰਘ ਨੇ ਖੂਹ 'ਤੇ ਇਸ਼ਨਾਨ ਕਰਦੇ ਸਮੇਂ ਕਿਸੇ ਦੂਜੇ ਸਿੰਘ ਨੂੰ ਜਲ ਨਾ ਛਕਾਇਆ ਕਿ ਗੜਵਾ ਫਿਰ ਮਾਂਜਣਾ ਪਵੇਗਾ। ਸਤਿਗੁਰੂ ਜੀ ਨੇ ਗੰਭੀਰਤਾ ਨਾਲ ਇਸ ਅਵੱਗਿਆ ਨੂੰ ਲਿਆ ਅਤੇ ਸੂਬਾ ਜੀ ਨੂੰ ਸਵਾ ਮਣ ਕਣਕ ਪੀਹਣ ਦੀ ਸਜ਼ਾ ਲਾਈ।

ਮਾਰਚ ੧੮੬੭ ਈ. ਦਾ ਹੋਲਾ ਮੁਹੱਲਾ ਆਨੰਦਪੁਰ ਵਿਖੇ ਮਨਾਇਆ ਗਿਆ। ਸਤਿਗੁਰੂ ਜੀ ਦੀ ਚੜ੍ਹਦੀ ਕਲਾ ਵੇਖ ਕੇ, ਪਹਿਲਾਂ ਨਾਂਹ ਨੁੱਕਰ ਕਰਦੀ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸੰਗਤ ਸਮੇਤ ਅਨੰਦਪੁਰ ਸਾਹਿਬ ਜਾਣ ਦੀ ਆਗਿਆ ਦੇ ਦਿੱਤੀ।ਖਮਾਣੋ ਪਹਿਲਾ ਪੜਾਅ ਕੀਤਾ। ਸਰਦਾਰ ਪਰਤਾਪ ਸਿੰਘ ਨੂੰ ਤਿੰਨ ਸੌ ਰੁਪੈ ਭੇਟਾ ਕਰਨ ਤੇ ਕਿਹਾ ਕਿ ਭੇਟਾ ਕਾਹਨੂੰ ਲਿਆਉਣੀ ਸੀ "ਕਹਿਣੇ ਲਗਾ ਜੀ ਅਜੇ ਤਾਂ ਹੋਰ ਲਿਆਵਣ ਕਾ ਸੰਕਲਪ ਸੀ। ਏਸ ਤੋਂ ਤਾਂ ਮੈਂ ਜ਼ਿਆਦਾ ਦੀ ਸ਼ਰਾਬ ਪੀ ਜਾਂਦਾ ਸੀ।ਪਰ ਹੁਣ ਤੁਹਾਡੀ ਕ੍ਰਿਪਾ ਹੋ ਗਈ ਹੈ। ਦੀਵਾਨ ਲੱਗਾ ਤੇ ਕਿਤਨੇ ਹੀ ਸਿੰਘ ਸਜੇ ਅੰਮ੍ਰਿਤ ਛਕ ਕੇ।"[14] ਖੋਟੇ ਕਰਮ ਕਰਨ ਵਾਲਿਆਂ ਨੂੰ ਸੰਗਤ ਵਿੱਚ ਭੁੱਲ ਮੰਨ ਕੇ ਅੱਗੇ ਤੋਂ ਸੁਚੇਤ ਰਹਿਣ ਲਈ ਕਿਹਾ ਜਾਂਦਾ। ਅਨੰਦਪੁਰ ਸਾਹਿਬ ਤੱਕ ਪੁੱਜਦਿਆਂ ਨਾਮਧਾਰੀ ਸਿੰਘਾਂ ਦੇ ਵਿਸ਼ਾਲ ਇਕੱਠ ਨੂੰ ਵੇਖ ਕੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ (ਮਿ. ਪਰਕਿਨਜ਼) ਨੇ ਕਿਹਾ ਜੀ ਬੜਾ ਇਕੱਠ ਕਰਕੇ ਲਿਆਏ ਹੋ। ਉਹ ਪੁਜਾਰੀਆਂ ਨਿਹੰਗਾਂ ਵੱਲੋਂ ਨਾਮਧਾਰੀ ਸਿੰਘਾਂ ਨਾਲ ਕਿਸੇ ਸੰਭਾਵੀ ਭਿੜੰਤ ਤੋਂ ਚਿੰਤਾਤੁਰ ਸੀ ਕਿ ਜੇ ਦੰਗਾ ਹੋ ਗਿਆ ਤਾਂ ਲੰਦਨ ਤੋੜੀ ਸਾਡੀ ਬਦਨਾਮੀ ਹੋਵੇਗੀ। "ਸਤਿਗੁਰੂ ਜੀ ਬਚਨ ਕੀਤਾ ਸਾਡੀ ਤਾਂ ਦੰਗੇ ਦੀ ਮਨਸ਼ਾ ਬਿਲਕੁਲ ਨਹੀਂ ਹੈ। ਤੁਸੀਂ ਭਾਵੇਂ ਸਾਨੂੰ ਛੇੜਖਾਨੀ ਕਰੋ ਪਰ ਅਸੀ ਹੱਥ ਬਿਲਕੁਲ ਨਹੀਂ ਖੜਾ ਕਰਨਾ, ਸਾਡੀ ਸਾਰੀ ਸੰਗਤ ਤਾਂ ਨਹੀਂ ਆਈ, ਸਿਰਫ ਕਿਸੇ ਕਿਸੇ ਨਗਰ ਤੇ ਇਕ ਇਕ ਆਦਮੀ ਆਇਆ ਹੈ।[15] ਡੀ. ਸੀ.ਦੀ ਮੇਮ ਦਰਸ਼ਨਾਂ ਲਈ ਆਪਣੇ ਤੰਬੂ ਵਿੱਚ ਲੈ ਗਈ। ਪੰਜੀ ਮੋਹਰਾਂ ਰੱਖ ਕੇ ਉਸ ਮੱਥਾ ਟੇਕਿਆ ਅਤੇ ਕਿਹਾ ਕਿ "ਆਪ ਤਾਂ ਸਾਨੂੰ ਈਸਾ ਕੇ ਸਮਾਨ ਹੋ।" ਮੋਹਰਾਂ ਨਾ ਰੱਖੀਆਂ। ਜਦੋਂ ਚੀਨੀ ਘੋੜੀ 'ਤੇ ਸਵਾਰ ਹੋ ਕੇ, ਸੋਢੀ ਜੋ ਹਾਥੀਆਂ 'ਤੇ ਸਵਾਰ ਸਨ ਉਨ੍ਹਾਂ ਨਾਲ ਮੁਹੱਲਾ ਖੇਡਣਾ ਸੀ ਤਾਂ ਦੋਵਾਂ ਧਿਰਾਂ ਵਿਚਾਲੇ ਜ਼ਾਬਤਾ ਬਣਾਈ ਰੱਖਣ ਲਈ ਪੰਜ ਫਰੰਗੀ ਅਧਿਕਾਰੀ ਘੁੜ ਸਵਾਰ ਮੌਜੂਦ ਸਨ। ਹੁਣ ਸੱਚੇ ਪਾਤਸ਼ਾਹ ਨੇ ਵਿਸ਼ਾਲ ਸਿੱਖ ਪਰਿਵਾਰ ਦੀ ਏਕਤਾ ਦਰਸਾਉਣ ਲਈ ਫਰੰਗੀ ਹਾਕਮਾਂ ਨੂੰ ਕਿਹਾ ਕਿ ਤੁਸੀਂ ਵਿਚਾਲਿਓਂ ਹਟ ਜਾਓ। "ਅਸੀਂ ਸਾਰਾ ਇਕੋ ਟੱਬਰ ਹਾਂ" ਨਾਮਧਾਰੀ ਸਰੋਤਾਂ ਅਨੁਸਾਰ ਇਸ ਸਮੇਂ ੨੪੦੦੦ ਸੰਤ ਖਾਲਸਾ ਹਾਜ਼ਰ ਸੀ।

੧੯੨੪ ਬਿਕ੍ਰਮੀ ਮੁਤਾਬਿਕ ਅਕਤੂਬਰ ੧੮੬੭ ਈ. ਦੀ ਦੀਪਮਾਲਾ ਸਮੇਂ ਅੰਮ੍ਰਿਤਸਰ ਫਿਰ ਸੰਗਤਾਂ ਦੇ ਵਿਸ਼ਾਲ ਸਮੂਹ ਵਿੱਚ ਦਰਸ਼ਨ ਦਿੱਤੇ। ਅਕਾਲ ਬੁੰਗੇ ਦੇ ਪੁਜਾਰੀਆਂ ਨੇ ਅਰਦਾਸ ਨਾ ਕੀਤੀ ਇਸ ਬਹਾਨੇ ਕਿ ਤੁਹਾਡੇ ਸਿੰਘਾਂ ਦੀ ਦਸਤਾਰ ਦੀਵਾਨ ਵਿਚ ਲਹਿ ਜਾਂਦੀ ਹੈ ਅਤੇ 'ਤੁਸਾਂ ਭੈਣੀ ਮੇਂ ਆਪਣਾ ਨਿਆਰਾ ਪੰਥ ਪੈਦਾ ਕੀਤਾ ਹੈ।" ਸਤਿਗੁਰੂ ਜੀ ਆਪੇ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇ ਦਿੱਤਾ। ਬਚਨ ਕੀਤਾ ਅਸੀਂ ਤਿੰਨ ਵੇਲੇ ਸਣੇ ਕੇਸੀ ਇਸ਼ਨਾਨ ਕਰਦੇ ਹਾਂ ਤੇ ਬਾਣੀਆਂ ਪੜ੍ਹਦੇ ਹਾਂ। ਤੁਸੀਂ ਸਾਨੂੰ ਤਨਖਾਹੀਏ ਕਹਿੰਦੇ ਹੋ ? ਹਰਿਮੰਦਿਰ ਸਾਹਿਬ ਦੇ ਪੁਜਾਰੀਆਂ ਨੇ ਅਰਦਾਸ ਕਰਕੇ ਭੇਟਾ ਸਵੀਕਾਰ ਲਈ ਅਤੇ ਸਤਿਗੁਰੂ ਜੀ ਨੂੰ ਸਿਰੋਪਾਓ ਵੀ ਦਿੱਤਾ। ਗੁਰਦੁਆਰੇ ਦੇ ਸਰਬਰਾਹ ਸ. ਮੰਗਲ ਸਿੰਘ ਰਾਮਗੜ੍ਹੀਏ ਅਤੇ ਰਾਜਾ ਸਾਂਸੀ ਦੇ ਸਰਦਾਰ ਸ਼ਮਸ਼ੇਰ ਸਿੰਘ ਸੰਧਾਂਵਾਲੀਏ ਨੇ ਅਕਾਲ ਬੁੰਗੇ ਦੇ ਪੁਜਾਰੀਆਂ ਦਾ ਨਾਮਧਾਰੀ ਸੰਗਤ ਨਾਲ ਵਿਰੋਧ ਪਸੰਦ ਨਾ ਕੀਤਾ। ਇਸੇ ਮੇਲੇ ਸਮੇਂ ਰਾਇਕੋਟ ਵਾਲੇ ਰਾਏ ਕੱਲ੍ਹੇ ਪਠਾਣ ਦੇ ਵੰਸ਼ਜ ਨੇ ਜਿਸ ਪਾਸ ਦਸ਼ਮੇਸ਼ ਜੀ ਦਾ ਬਖਸ਼ਿਆ ਸ੍ਰੀ ਸਾਹਿਬ ਸੀ,ਅੰਮ੍ਰਿਤਸਰ ਆ ਕੇ ਹਜ਼ੂਰ ਦੇ ਚਰਨ ਪਰਸੇ ਅਤੇ ਇਤਿਹਾਸਕ ਸ੍ਰੀ ਸਾਹਿਬ ਦੇ ਦਰਸ਼ਨ ਵੀ ਸੰਗਤ ਨੂੰ ਕਰਵਾਏ।ਇਸੇ ਮੇਲੇ ਸਮੇਂ ਸੰਗਤ ਦੀ ਭਾਰੀ ਭੀੜ ਵੇਖ ਕੇ ਬਚਨ ਕੀਤਾ ਕਿ ਹੁਣ ਤਾਂ ਮੈਨੂੰ ਤੁਸੀਂ ਇਕੱਲੇ ਨੂੰ ਚੀਤਾ ਭੀ ਨਹੀਂ ਛੱਡਣ ਦਿੰਦੇ। ਯਾਦ ਰੱਖਿਓ ਇਕ ਦਿਨ ਤੁਹਾਡੇ ਵਿਚੋਂ ਹੀ ਨਿਕਲ ਕੇ ਪਾਸੇ ਜਾ ਬਹਾਂਗਾ। ਲੱਭਿਆਂ ਨਹੀਂ ਲੱਭਾਗਾਂ। 'ਫੇਰ ਉੱਚੀ ਆਵਾਜ਼ ਸੇ ਬੋਲਾ ਕੀਤਾ, ਅਬ ਰਾਮ ਸਿੰਘ ਸਸਤਾ ਹੈ ਕਿਸੇ ਦਿਨ ਕੋ ਮਹਿੰਗਾ ਹੋ ਜਾਊਗਾ। ਫੇਰ ਨਾ ਆਖਿਓ ਕਿ ਪੈਹਲੇ ਨਾ ਸੀ ਖਬਰ ਕੀਤੀ।"[16] ਏਥੇ ਹੀ ਬਾਬੇ ਜਵਾਹਰ ਸਿੰਘ ਨੂੰ ਕਿਹਾ, "ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਦਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀਂ ਹੱਥ ਕਿਉਂ ਲਾਉਂਦੇ ਹੈਂ ?ਏਨਾ ਕੋ ਹੱਥ ਲਾਵਣ ਸੇ ਤੁਸੀਂ ਹਟਾਂਵਦੇ ਨਹੀਂ ਹੋ। ਬਾਬੇ ਜਵਾਹਰ ਸਿੰਘ ਜੀ ਬੇਨਤੀ ਕੀਤੀ ਜੀ ਆਪ ਮੁੜ ਚੱਲੋ ਹੁਣ ਅਸੀਂ ਹਟਾਵਾਂਗੇ।"[17] ਲੁਧਿਆਣੇ ਵਾਇਸਰਾਏ ਹਿੰਦ ਦੇ ਸੱਦੇ ਤੇ ਗਏ ਉਸ ਨੂੰ ਕਿਹਾ ਕਿ ਸ਼ਾਹੂਕਾਰ ਗਰੀਬਾਂ ਤੋਂ ਵਿਆਜ ਨਾ ਲੈਣ, ਲੋਕ ਕੁੜੀਆਂ ਦਾ ਪੈਸਾ ਨਾ ਲੈਣ, ਮਿਰਗ ਆਦਿਕ ਵਣ ਜੀਵਾਂ ਨੂੰ ਸ਼ੰਰਕਸ਼ਣ ਦਿੱਤਾ ਜਾਏ। ਤੁਸੀਂ ਗਊਬੰਧ ਨਾ



Namdhari Elibrary NamdhariElibrary@gmail.com

ਕਰੋ। ਫਿਰ ਵਰਖਾ ਵੀ ਹੋਵੇਗੀ ਤੇ ਪਰਜਾ ਵੀ ਸੁਖੀ ਵੱਸੇਗੀ। ਸਭ ਰਾਜੇ ਵੇਖਦੇ ਰਹੇ ਕਿ "ਸਾਡੀ ਤਾਂ ਅਜੇ ਮਿਲਣੀ ਵੀ ਨਹੀਂ ਹੋਈ ਅਤੇ ਗੁਰੂ ਰਾਮ ਸਿੰਘ ਜੀ ਮਿਲਕੇ ਚਲੇ ਭੀ ਗਏ।"[18]

੧੯੨੪ ਬਿਕ੍ਰਮੀ (ਜਨਵਰੀ ੧੮੬੮ ਈ.) ਦੀ ਮਾਘੀ ਤੇ ਮੁਕਤਸਰ ਗਏ। ਇੱਥੇ ਤੰਬੂ ਸਾਹਿਬ ਦੇ ਨਿਹੰਗਾਂ ਨੀਲੀ ਦਸਤਾਰ ਭੇਟ ਕੀਤੀ ਜੋ ਉੱਪਰ ਦੀ ਸਜਾ ਲਈ। ਪੁਜਾਰੀਆਂ ਦੇ ਕਹਿਣ ਤੇ ਕਿ ਪਹਿਲਾਂ ਤਨਾਹ ਲੁਆਓ ਜੋੜਿਆਂ ਵਾਲੀ ਜਗ੍ਹਾ ਵਿਚ ਖਲੋ ਗਏ। ਨਿਹੰਗ ਪੁਜਾਰੀਆਂ ਨੇ ਤਲਾ ਦੀ ਇਕ ਬਾਹੀ ਬਨਵਾਉਣ ਲਈ ਕਿਹਾ ਤਨਖਾਹ ਵਜੋਂ। "ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਤਾਂ ਗ਼ਰੀਬ ਤਰਖਾਣ ਹਾਂ। ਇਹ ਜੋ ਸਿਘ ਤੁਹਾਨੂੰ ਦਿਖਦੇ ਹੈਂ ਸੋ ਇਨ ਕੋ ਆਏ ਗਏ ਸਿਘ ਕੋ ਪ੍ਰਸ਼ਾਦ ਛਕਾਉਣ ਦੀ ਸਮਰਥਾ ਹੈ ਜ਼ਿਆਦਾ ਨਹੀਂ ਹੈ। ਮੈਂ ਏਨ੍ਹਾਂ ਕੋ ਕੈਹ ਭੀ ਕੁਝ ਨਹੀਂ ਸਕਦਾ। ਫੇਰ ਪੁਜਾਰੀਆਂ ਨੇ ਆਖਿਆ ਅੱਛਾ ਅਕੋਤ੍ਰ ਸੋ ਰੁਪਯਾ ਦੇ। ਬਚਨ ਕੀਤਾ ਕਿਸ ਤਰ੍ਹਾਂ ਦਾ ਰੁਪਯਾ ਤੁਸੀਂ ਮੰਗਦੇ ਹੋ। ਪੁਜਾਰੀਆਂ ਨੇ ਆਖਿਆ ਤਨਖਾਹ ਕਾ। ਗੁਰੂ ਜੀ ਤੇਜੀ ਮੇਂ ਹੋਇਕੇ ਬਚਨ ਕੀਤਾ ਤਨਖਾਹ ਤਾਂ ਚੋਰਾਂ ਯਾਰਾਂ ਨੂੰ ਲਾਈਦੀ ਹੈ। ਜੋ ਨੀਲੀ ਦਸਤਾਰ ਸੀ ਸੋ ਝੱਟ ਪਟ ਲਾਹ ਕੇ ਲੀਰਾਂ ਕਰ ਦਿੱਤੀ ਅਤੇ ਗੱਜ ਕੇ ਬਚਨ ਕੀਤਾ ਤੁਸਾਂ ਮੈਨੂੰ ਕੀ ਜਾਣਿਆ ਹੈ, ਡੇਢ ਸੌ ਬਰਸ ਹੋਏ ਹਨ ਥੁਆਨੂੰ ਪੂਜਾ ਖਾਂਦਿਆਂ ਨੂੰ ਅਤੇ ਥੁਆਡੇ ਤੇ ਤਲਾਅ ਭੀ ਨਹੀਂ ਬਣਿਆ ?"[19]

ਸਤਿਗੁਰੂ ਜੀ ਨੂੰ ਆਪਣੀ ਬਿੰਦੀ ਉਲਾਦ ਨਾਲੋਂ ਨਾਦੀ ਉਲਾਦ ਸੰਤ ਖਾਲਸੇ ਨਾਲ ਬਹੁਤ ਸਨੇਹ ਸੀ। ਆਪ ਦੇ ਮਹਿਲ ਮਾਤਾ ਜੱਸਾਂ ਨੇ ਜਿਸ ਦੇ ਲੜਕਾ ਕੋਈ ਨਹੀਂ ਸੀ ਇਕ ਵੇਰ ਪੁੱਤਰ ਲਈ ਅਰਜ ਕੀਤੀ। "ਬਚਨ ਕੀਤਾ ਜੇ ਲੜਕਾ ਹੁੰਦਾ ਤਾਂ ਬੜਾ ਦੁੱਖ ਪਾਉਂਦੀ। ਉਸ ਨੇ ਤੇਰਾ ਬਚਨ ਨਹੀਂ ਸੀ ਮੰਨਣਾ। ਖੋਟਿਆਂ ਪੁਰਖਾਂ ਦਾ ਸੰਗ ਕਰਨਾ ਸੀ। ਅਸੀਂ ਉਸ ਕੋ ਕਹਿਣਾ ਸੀ, ਉਸ ਨੇ ਮੰਨਣਾ ਨਹੀਂ ਸੀ। ਸਗੋਂ ਹੋਰ ਦੁੱਖ ਖੜਾ ਹੋਇ ਜਾਣਾ ਸੀ। ਹੁਣ ਖ਼ਾਲਸਾ ਸਾਡਾ ਬਚਨ ਮੰਨਦਾ ਹੈ ਜਿਵੇਂ ਅਸੀਂ ਆਖਦੇ ਹਾਂ। ਏਹ ਸਾਡੇ ਪੁੱਤਰ ਹੈਨ। ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ ਖ਼ਾਲਸਾ ਦੇਵੇਗਾ।"[20]

ਸਤਿਗੁਰੂ ਜੀ ਦਾ ਉਪਦੇਸ਼ ਸੀ ਕਿ ਸੇਵਾ ਕਰਨੀ ਭਜਨ ਬਾਣੀ ਤੋਂ ਵੀ ਉਤਮ ਹੈ। ਇਕ ਸਿਘ ਨੇ ਖੁੱਲ੍ਹੇ ਹੋ ਜਾਣ ਦੇ ਡਰੋਂ ਦੂਜੇ ਖੁੱਲ੍ਹੇ ਸਿਘ ਨੂੰ ਜਲ ਨਾ ਛਕਾਇਆ ਕਿ ਗੜਵਾ ਫਿਰ ਮਾਂਜਣਾ ਪਵੇਗਾ। ਸਤਿਗੁਰੂ ਜੀ ਨੇ ਉਸ ਦੇ ਦਰਿੱਦਰੀ ਸੁਭਾਉ ਦੀ ਖਿੱਲੀ ਉਡਾਈ। ਸੂਬਿਆਂ ਨੂੰ ਵੀ ਸ਼ੁੱਧ ਬਾਣੀ ਦੇ ਪਾਠ ਦੀ ਆਪ ਸੰਥਿਆ ਦਿੰਦੇ ਸਨ। ਸ. ਹਰੀ ਸਿਘ ਨਲਵੇ, ਪ੍ਰਸਿੱਧ ਸਿੱਖ ਜਰਨੈਲ ਦੇ ਜੁਆਈ ਲਹਿਣਾ ਸਿਘ ਪਿੰਡ ਘਰ ਜਾਖ (ਗੁਜਰਾਂਵਾਲਾ), ਜਮੀਅਤ ਸਿੰਘ ਕਾਹਨਾ ਕਾਛਾ (ਲਾਹੌਰ) ਦੋ ਪੂਰੇ ਅਤੇ ਜਮੀਅਤ ਸਿਘ ਗਿੱਲ (ਸਿਆਲਕੋਟ) ਅੱਧਾ, ਇਹ ਢਾਈ ਸਿੱਖ ਆਪ ਨੂੰ ਗੁਰੂ ਗੋਬਿੰਦ ਸਿਘ ਜੀ ਦੀ ਸਿੱਖੀ ਵਿੱਚੋਂ ਮਿਲੇ। ਬਾਕੀ ਸਾਰੇ ਨਵੇਂ ਬਣਾਏ। ਬਾਬਾ ਗਿੱਲ ਅੱਧਾ ਤਾਂ ਉਹ ਵਿਆਜ ਲੈ ਲੈਂਦਾ ਸੀ। ਇਸਲਾਮ ਦਾ ਵਿਆਜ ਨਾਂ ਲੈਣ ਦਾ ਅਸੂਲ ਸਤਿਗੁਰੂ ਜੀ ਨੇ ਵੀ ਪ੍ਰਚਲਿਤ ਕੀਤਾ। ਸਿੰਘਾਂ ਨੂੰ ਬਚਨ ਕਰਨਾ ਤੁਹਾਨੂੰ ਪਰਮ ਸੁਖ ਦੇਵਾਂਗੇ। ਵਰਨ (ਸ਼ੇਖੂਪੁਰਾ) ਪਿੰਡ ਗਏ ਤਾਂ ਇਕ ਰਾਗੀ ਮਾੜਚੂ ਜਿਹਾ ਦੋਤਾਰਾ ਵਜਾ ਕੇ ਸ਼ਬਦ ਪੜ੍ਹਦਾ ਸੀ। ਉਸ ਨੂੰ ਦੋ ਰੁਪਏ ਦੇਣ ਦਾ ਹੁਕਮ ਕੀਤਾ। "ਸਾਹਿਬ ਸਿੰਘ ਨੇ ਕਹਿਆ ਚੁਆਨੀ ਅਠਿਆਨੀ ਦੇਣ ਦੇ ਲਾਇਕ ਹੈ। ਗੁਰੂ ਜੀ ਉੱਤੇ ਪਸ਼ਮੀਨੇ ਦੀ ਚਾਦਰ ਸੀ। ਸੋ ਲਾਹਕੇ ਦੇ ਦਿੱਤੀ ਇਕੀ ਰੁਪਈਏ ਵਾਲੀ।"[21] ਸੰਬਤ ੧੯੨੫ ਬਿਕ੍ਰਮੀ ਮਾਰਚ ੧੮੬੯ ਈ.ਦਾ ਹੋਲਾ ਮੁਹੱਲਾ ਮਾਨਾਂਵਾਲੇ ਸਿਆਲਕੋਟ ਮਾਨ ਸਰਦਾਰ ਹੀਰਾ ਸਿੰਘ ਦੀ ਅਰਜ਼ ਤੇ ਉੱਥੇ ਕੀਤਾ। ਇਸ ਸਰਦਾਰ ਪਾਸ ਦਸਵੇਂ ਗੁਰੂ ਜੀ ਦੀ ਸੌ ਸਾਖੀ ਸੀ। ਜਿਸ ਦੇ ਆਧਾਰ 'ਤੇ ਉਹ ਅਵਤਾਰੀ ਲੱਛਣ ਵਾਲੇ ਸਤਿਗੁਰੂ ਜੀ ਦੀ ਉਡੀਕ ਕਰ ਰਿਹਾ ਸੀ। ਇਥੇ ਹੀ ਘੋੜੇ ਦੀ ਫੇਟੀ ਨਾਲ ਮੂਰਛਿਤ ਹੋਇਆ ਬੱਚਾ ਹਜ਼ੂਰ ਦੀ ਚਰਨ ਛੋਹ ਨਾਲ ਉੱਠ ਬੈਠਾ ਸੀ। ਦੂਰ ਦੂਰ ਤੱਕ ਧੰਨ ਧੰਨ ਹੋ ਰਹੀ ਸੀ। ਕਿਸੇ ਪਿੰਡ ਮੁਸਲਮਾਨ ਖੂਹ ਤੋਂ ਪਾਣੀ ਭਰ ਰਿਹਾ ਸੀ। ਸਿੰਘਾਂ ਦੇ ਕਹਿਣ ਤੇ ਨਾਂ ਹਟਿਆ। ਉਨ੍ਹਾਂ ਕੁੱਟ ਕੱਢਿਆ। ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਤਾੜਿਆ ਕਿ ਬੇਦੋਸ਼ੇ ਨੂੰ ਮਾਰਿਆਂ ਤੁਹਾਡੀ ਸਾਰੀ ਭਜਨ ਬੰਦਗੀ ਵਿਅਰਥ ਜਾਏਗੀ। ੧੮੬੯ ਈ. ਵਿੱਚ ਅੰਮ੍ਰਿਤਸਰ ਦੀ ਵੈਸਾਖੀ ਤੇ ਅੰਗ੍ਰੇਜ਼ ਹਾਕਮ ਨੇ ਪੁੱਛਿਆ ਤੁਹਾਡੇ ਕਿੰਨੇ ਪੁੱਤਰ ਹਨ।ਸੰਗਤ ਵੱਲ ਹੱਥ ਕਰਕੇ ਕਿਹਾ ਇਹ ਸਾਰੇ ਹੀ ਮੇਰੇ ਪੁੱਤਰ ਹਨ।

ਫਰਵਰੀ ੧੮੬੯ ਈ. ਵਿੱਚ ਬਰਾਜ ਵਾਲੇ ਦੇ ਭਾਈ ਸਮੁੰਦ ਸਿੰਘ ਉਰਫ ਮਸਤਾਨ ਸਿੰਘ ਦੇ ਨਾਲ ਢਾਈ ਤਿੰਨ ਸੌ ਖਾਲਸਾ, ਘਰਾਂ ਦਾ ਗਹਿਣਾ ਗੱਟਾ ਨਕਦੀ ਆਦਿ ਲੈ ਕੇ, ਬੂਹੇ ਖੁੱਲ੍ਹੇ ਛੱਡ ਕੇ, ਸਮੇਤ ਪਰਿਵਾਰਾਂ ਦੇ ਆਇ ਜੁੜੇ। ਉਨ੍ਹਾਂ ਦਾ ਮਾਰਾ ਬਕਾਰਾ ਸੁਣ ਕੇ ਪੁਲਿਸ ਦੇ ਅਧਿਕਾਰੀਆਂ ਨਾਲ ਝਗੜਾ ਵੀ ਹੋਇਆ। ੪੪ ਸਿੰਘ ਡੀ.ਸੀ. ਫਿਰੋਜ਼ਪੁਰ ਦੇ ਪੇਸ਼ ਹੋਏ।੩੮ ਚਿਤਾਵਨੀ ਦੇ ਕੇ ਛੱਡ ਦਿੱਤੇ। ਛਿਆਂ ਨੂੰ ਸਜ਼ਾਵਾਂ, ਭਾਈ ਮਸਤਾਨ ਸਿੰਘ ਡੇਢ਼ ਸਾਲ ਕੈਦ ਰਹੇ। ਪਹਿਲਾਂ ਪੁਲਿਸ ਅਧਿਕਾਰੀ ਇਨ੍ਹਾਂ ਸਿੰਘਾਂ ਨੂੰ ਤੋਪਾਂ ਨਾਲ ਉਡਾਉਣਾ ਚਾਹੁੰਦੇ ਸਨ ਕਿ ਬਾਗੀ ਹੋ ਗਏ ਹਨ ਇਹ ਸਾਰੇ। ਪਰ ਸਿਆਣੇ ਅਫਸਰ ਨੇ ਕਿਹਾ ਕਿ ਇਸ ਕਾਰਵਾਈ ਤੋਂ ੧੮੫੭ ਈ. ਵਾਲੇ ਗਦਰ ਵਰਗੀ ਘਟਨਾ ਹੋ ਸਕਦੀ ਹੈ। ਮਸਤਾਨ ਸਿੰਘ



Namdhari Elibrary NamdhariElibrary@gmail.com

ਤੋਂ ਬਾਅਦ ਰਿਖੀ ਸਿੰਘ ਸੁਆਂਗ ਪਿੰਡ ਦੇ ਇਕ ਚਮਤਕਾਰ ਹੋਣ ਲੱਗਾ। ਉਸ ਨੂੰ ਤੇ ਉਸਦੇ ਮੁਕਤਸਰੀਏ ਜਥੇ ਨੂੰ ਡੇਰੇ ਸ੍ਰੀ ਭੈਣੀ ਸਾਹਿਬ ਹੀ ਟਿਕਾ ਦਿੱਤਾ ਗਿਆ। ਬਾਅਦ ਵਿੱਚ ਇਹ ਜਥਾ ਸਰਹਿੰਦ ਨਹਿਰ ਦੀ ਪੁਟਾਈ ਦੀ ਕਾਰ ਤੇ ਵੀ ਲੱਗਾ ਰਿਹਾ। "ਇਕ ਸਮੇਂ ਬਲਾੜੀ ਮੇਂ ਗੁਰਚਰਨ ਸਿੰਘ ਨੇ ਮੇਲਾ ਕੀਤਾ। ਸਰਦਾਰ ਮੰਗਲ ਸਿੰਘ ਪੰਜ ਸੌ ਰੁਪਯਾ ਆਇ ਧਰਿਆ। ਬਚਨ ਕੀਤਾ ਭਾਈ ਮੰਗਲ ਸਿੰਘ ਗੁਰੂ ਧਨ ਨਾਲ ਨਹੀਂ ਰੀਝਦਾ, ਸਿਦਕ ਸੰਤੋਖ ਨਾਲ ਰੀਝਦਾ ਹੈ।"[22]

ਕਾਹਨ ਸਿੰਘ ਬਾਜੇ ਵਾਲੇ ਦੇ ਮਿਸਤਰੀ ਲੱਗੇ ਹੋਏ ਸਨ ਦਰਵਾਜ਼ਾ ਪਾਉਣ। ਆਉਂਦੇ ਸਮੇਂ ਦਾ ਵਰਤਾਰਾ ਜਾਣ ਕੇ ਸਤਿਗੁਰੂ ਜੀ ਨੇ ਦਰਵਾਜ਼ੇ ਦਾ ਕੰਮ ਵਿਚੇ ਛੁਡਾ ਦਿੱਤਾ। ਉਤਮ ਸਿੰਘ ਲੰਬੜ ਦਾਰ ਰਾਇਸਰੀਏ ਦਾ ਆਵਾ ਲੱਗਾ ਹੋਇਆ ਸੀ ਹਵੇਲੀ ਪਾਉਣ ਲਈ। ਉਸ ਨੂੰ ਕਹਿ ਕੇ ਆਵਾ ਵਿਲਵਾ ਦਿੱਤਾ। ਸਰਦਾਰ ਮੰਗਲ ਸਿੰਘ ਨੇ ਵੀ ਇਸ ਕੰਮ ਲਈ ਆਵਾ ਲਾਇਆ ਸੀ। ਉਸ ਵੀ ਹਵੇਲੀ ਨਾ ਪਾਈ। ਉਨ੍ਹਾਂ ਇੱਟਾਂ ਨਾਲ ਗੁਰਦੁਆਰੇ ਭੈਣੀ ਸਾਹਿਬ ਦਰਵਾਜ਼ੇ ਕੋਲ ਵੱਡਾ ਖੂਹ ਲਾ ਲਿਆ। ਇਕ ਦਿਨ ਖੁਸ਼ਾਲ ਸਿੰਘ ਸੂਬਾ ਪਿੰਡ ਥਰਾਜ (ਸਿਰਸਾ) ਨੂੰ "ਮਿਹਰਬਾਨ ਹੋਇ ਕੇ ਬਚਨ ਕੀਤਾ ਮੀਰੀ, ਪੀਰੀ, ਫਕੀਰੀ, ਵਜੀਰੀ, ਬਗੀਰੀ, ਦਰਦਵੰਦੀ, ਦਰਵੇਸ਼ੀ, ਰਾਗੀ ਦਾ ਰਾਗ ਭਾਗੀ ਕਾ ਭਾਗ, ਜਤੀ ਕਾ ਜਤ, ਤਪੀ ਕਾ ਤਪ, ਸਤੀ ਦਾ ਸਤ ਬ੍ਰਹਮੇ ਕਾ ਬ੍ਰਹਮ, ਬਿਸ਼ਨ ਕਾ ਬਿਸ਼ਨ ਸ਼ਿਵ ਦਾ ਸ਼ਿਵ, ਇਹ ਵਸਤਾਂ ਖਾਲਸੇ ਕੋ ਬਖਸ਼ੀਆਂ ਹੈਨ।"[23]

ਵਿਦੇਸ਼ਾਂ ਨਾਲ ਨਾਮਧਾਰੀਆਂ ਦੇ ਸਬੰਧਾਂ ਦਾ ਵੀ ਪੁਸਤਕ ਦੇ ਇਸ ਪਹਿਲੇ ਭਾਗ ਵਿਚ ਕੁਝ ਕੁ ਜ਼ਿਕਰ ਮਿਲਦਾ ਹੈ। ਸੂਬਾ ਬਿਸ਼ਨ ਸਿੰਘ ਅਰੋੜਾ ਕਾਬਲ ਰਹਿੰਦਾ ਹੈ। ਰੂਸ ਦੇ ਮੱਧ ਏਸ਼ੀਆ ਵਾਲੇ ਇਲਾਕੇ ਤੱਕ ਜਿਥੇ ਭਾਰਤੀ ਵਿਓਪਾਰੀ ਕਾਫੀ ਗਿਣਤੀ ਵਿੱਚ ਹਨ, ਸਿੱਖੀ ਪਰਚਾਰ ਲਈ ਘੁੰਮਦਾ ਹੈ। ਫੱਤੇਵਾਲ (ਅੰਮ੍ਰਿਤਸਰ) ਦਾ ਕਿਸ਼ਨ ਸਿੰਘ ਨੈਪਾਲ ਗਿਆ ਤੋਂ ਉਸ ਤੋਂ ਸਤਿਗੁਰ ਜੀ ਦੀ ਸੋ ਸੁਣ ਕੇ ਰਾਣਾ ਜੰਗ ਬਹਾਦਰ ਨੈਪਾਲ ਨੇ ਗੁਰੂ ਦਰਬਾਰ ਨਾਲ ਆਪਣੇ ਸਬੰਧ ਕਾਇਮ ਕੀਤੇ।

੧੪ ਜੂਨ ੧੮੭੧ ਈ. ਨੂੰ ਅੰਮ੍ਰਿਤਸਰ ਦੇ ਬੁੱਚੜਾਂ ਨੂੰ, ਜੋ ਸ਼ਰ੍ਹੇਆਮ ਅੰਗਰੇਜ਼ੀ ਹਾਕਮਾਂ ਦੀ ਸ਼ਹਿ 'ਤੇ ਗਊ ਘਾਤ ਕਰਦੇ ਸਨ ਨਾਮਧਾਰੀ ਸਿੰਘਾਂ ਨੇ ਤੇਗ ਦੀ ਧਾਰ ਲੰਘਾ ਦਿੱਤਾ।ਬਾਰਾਂ ਬੇਦੋਸ਼ ਸ਼ਹਿਰੀ ਫੜੇ ਗਏ। ਸਖ਼ਤੀਆਂ ਕਰਕੇ ਪੁਲਿਸ ਨੇ ਐਵੇਂ ਹੀ ਇਕਬਾਲ ਕਰਾ ਕੇ ਵਾਅਦੇ ਮੁਆਫ ਬਣਾ ਲਏ ਤੇ ਫਾਹੇ ਦੇਣ ਲੱਗੇ ਸਨ। ਜਦੋਂ ਬਾਬੇ ਜੱਸਾ ਸਿੰਘ, ਸਤਿਗੁਰਾਂ ਦੇ ਪਿਤਾ ਨੇ ਕਿਹਾ ਕਿ ਕੰਮ ਤੁਹਾਡੇ ਸਿੰਘਾਂ ਦਾ ਹੈ ਫਾਸੀ ਬੇਦੋਸ਼ ਆਉਣ ਤਾਂ ਵੱਡਾ ਗੁਨਾਹ ਹੋਏਗਾ। "ਜੇਹੜੇ ਸਿੰਘ ਭਾਣੇ ਵਾਲੇ ਆਏ ਹੋਏ ਸੇ ਰਾਮਦਾਸਪੁਰੇ ਤਿਨਾਂ ਨੂੰ ਬਚਨ ਕੀਤਾ ਸਤਿਗੁਰੂ ਜੀ ਜਾਵੋ ਸੀਸ ਦਿਓ. ਖੁੱਲ੍ਹੀਂ ਦਰਵਾਜ਼ੀਂ ਗੁਰੂ ਕੀ ਪੁਰੀ ਨੂੰ ਜਾਓਗੇ। ਸਿੰਘ ਹਾਜ਼ਰ ਹੋਏ। ਬੇਦੋਸ਼ਿਆਂ ਨੂੰ ਛੁਡਾ ਕੇ ਆਪ ਫਾਂਸੀਆਂ ਤੇ ਝੂਲ ਗਏ। ਉਸ ਵੇਲੇ ਦਾ ਵਰਣਨ ਭਾਈ ਸਾਹਿਬ ਇਉਂ ਕਰਦੇ ਹਨ। "ਬੀਲ੍ਹਾ ਸਿੰਘ ਨੇ ਅਰਦਾਸਾ ਕੀਤਾ ਅਤੇ ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਕੇ ਚਿਹਰਿਆਂ ਉੱਪਰ ਲਾਲੀਆਂ ਦਗਦੀਆਂ ਹੈਨ। ਬੇ-ਗ਼ਮ ਹੈਂ ਜਿਨ੍ਹਾਂ ਕੇ ਮਨ ਮੇਂ ਮੌਤ ਕਾ ਭੈ ਨਹੀਂ। ਨਿਰਭੈ ਸ਼ਬਦ ਪੜ੍ਹਦੇ ਤਖਤ ਪਰ ਚੜ੍ਹੇ। ਅਰਦਾਸਾ ਚੜ੍ਹਾਈ ਕਾ ਕੀਤਾ ਤੇ ਬੋਲਾ ਇਹ ਕੀਤਾ ਜੋ ਮੈਂ ਤੇਰੇ ਪਰਤਾਪ ਸੇ ਤਖ਼ਤ (ਤਖ਼ਤੇ) ਪਰ ਚੜ੍ਹਿਆ ਹਾਂ। ਬੜੀ ਨੇਕ ਨਾਮੀ ਪਾਈ ਹੈ। ਬੜ੍ਹਾ ਔਹਦਾ ਹੋਇਆ ਹੈ। ਬਡੇ ਹੌਂਸਲੇ ਵਾਲਿਆਂ ਨੇ ਜੱਲਾਦ ਨੇੜੇ ਨਹੀਂ ਔਣ ਦਿੱਤਾ। ਆਪਣੀ ਹੱਥੀਂ ਰੇਸ਼ਮ ਕੇ ਰੱਸੇ ਗਲਾਂ ਮੇਂ ਪਾਏ।"[24]

੧੮੭੧ ਈ. ਵਿੱਚ ਹੀ ੫ ਜੁਲਾਈ ੧੮੭੧ ਈ. ਨੂੰ ਬਾਗਾਂ ਵਾਲੇ (ਮੋਰਿੰਡਾ) ਵਿਖੇ ਵੀ ਨਾਮਧਾਰੀ ਸਿੰਘਾਂ ਨੇ ਬੁੱਚੜ ਖਾਨੇ ਸੋਧਣ ਲਈ ਇਕ ਚੌਕੀਦਾਰ ਸੋਧ ਦਿੱਤਾ ਸੀ। ਇਸ ਘਟਨਾ ਦਾ ਜ਼ਿਕਰ ਭਾਈ ਜੀ ਵਾਲੇ ਗਰੰਥ ਵਿੱਚ ਹੀ ਮਿਲਦਾ ਹੈ। ਰਾਇਕੋਟ ਦੀ ਬੁਚੜ ਬੱਧ ਘਟਨਾ ਵੀ ਇਸੇ ਸਾਲ ਦੀਆਂ ਗਰਮੀਆਂ ਵਿੱਚ ਵਾਪਰੀ ਸੀ। ਕਾਹਨਾ ਦੱਲੂ ਤੇ ਗਲਾਬੂ ਤਿੰਨ ਮੁਖਬਰ ਬੱਸੀਏ ਦੀ ਕੋਠੀ ਹਾਕਮਾਂ ਦੇ ਸੱਦੇ ਤੇ ਸਤਿਗੁਰੂ ਜੀ ਦੇ ਆਇਆਂ ਉਨ੍ਹਾਂ ਤੇ ਵਰ੍ਹੇ "ਆਪ ਤੋਰੇ ਹੈਂ ਖਰਚਾ ਦੇ ਕੇ ਬੁੱਚੜਾਂ ਨੂੰ ਜਾਓ ਵੱਢੋ।" ਗੋਪਾਲ ਸਿੰਘ ਵਹੀ ਲੈ ਆਇਆ ਜਿਸ ਵਿੱਚ ਕਿਸੇ ਰਾਇਕੋਟ ਵਾਲੇ ਸਿੰਘ ਨੂੰ ਦਿੱਤੇ ਖਰਚੇ ਦਾ ਇੰਦਰਾਜ ਨਾ ਨਿਕਲਣ ਤੇ ਸਤਿਗੁਰੂ ਜੀ ਨੂੰ ਰੁਖਸਤ ਕਰ ਦਿੱਤਾ ਗਿਆ। ਤਿੰਨ ਸਿੰਘ ਰਾਇਕੋਟ ਵਾਲੇ ਸਾਕੇ ਵਿੱਚ ਫਾਂਸੀ ਲਾ ਕੇ ਸ਼ਹੀਦ ਕੀਤੇ ਅਤੇ ਦੋ ਬੇਦੋਸ਼ੇ ਹੀ ਸੂਬਾ ਗਿਆਨੀ ਸਿੰਘ (ਰਤਨ ਸਿੰਘ ਅਸਲ ਨਾਂ) ਤੇ ਦੂਜਾ ਰਤਨ ਸਿੰਘ ਨਾਈ ਵਾਲਾ ਨੂੰ ੨੬ ਨਵੰਬਰ ੧੮੭੨ ਈ. ਲੁਧਿਆਣੇ ਫਾਂਸੀ ਤੇ ਲਟਕਾ ਦਿੱਤਾ ਗਿਆ। ਛੋਟਾ ਰਤਨ ਸਿੰਘ ਥੋਹੜਾ ਡੋਲ ਗਿਆ ਭਾਈ ਸੰਤੋਖ ਸਿੰਘ ਲਿਖਦੇ ਹਨ, "ਰਤਨ ਸਿੰਘ ਨੇ ਦਿਲ ਵਿੱਚ ਖੌਫ ਕੀਤਾ ਕਿ ਮੈਨੂੰ ਫਾਂਸੀ ਦੇ ਦੇਣਗੇ।... ਬਾਬੇ ਗਿਆਨੀ ਸਿੰਘ ਨੇ ਉਸ ਨੂੰ ਕਿਹਾ ਤਕੜਾ ਹੋ ਚਮੜਾ ਛੱਡਣਾ ਹੀ ਹੈ। ਚਾਰ ਦਿਨ ਅੱਗੇ ਕੀ ਤੇ ਚਾਰ ਦਿਨ ਪਿੱਛੇ ਕੀ। ਇਹ ਤਾਂ ਚਲਣੀ ਸਰਾਇ ਹੈ। ਇਥੇ ਇਸਥਿਤ ਤਾਂ ਨਹੀਂ ਰਹਿਣਾ ਹੈ। ਇਕ ਦਿਨ ਚਲਣਾ ਹੀ ਹੈ।... ਭਾਣੇ ਵਿੱਚ ਚੜ੍ਹੇਂਗਾ ਤੇਰਾ ਨਾਉਂ ਰਹਿ ਜਾਏਗਾ।ਗਊਆਂ ਕੇ ਨਮਿਤ ਸੀਸ ਲੱਗੇ ਹੈਂ। ਬੜੀਆਂ ਦਲੇਰੀ ਦੀਆਂ ਤੇ ਹੌਂਸਲੇ ਦੀਆਂ ਬਾਤਾਂ ਕੀਤੀਆਂ।"[25] ਇਨ੍ਹਾਂ ਬੇਦੋਸ਼ ਸਿੰਘਾਂ ਦੀਆਂ ਸ਼ਹੀਦੀਆਂ ਨੇ ਮਲੇਰ ਕੋਟਲਾ ਦੇ ਸਾਕੇ ਦਾ ਮੁੱਢ ਬੰਨ੍ਹਣ ਵਿੱਚ ਹਿੱਸਾ ਪਾਇਆ।



Namdhari Elibrary NamdhariElibrary@gmail.com

ਸੰਮਤ ੧੯੨੮ ਦੀ ਕੱਤਕ ਵਦੀ ਨੂੰ ਮਾਤਾ ਜੱਸਾਂ ਮਹਿਲ ਸਤਿਗੁਰੂ ਜੀ ਦੇ ਚੜ੍ਹਾਈ ਕਰ ਗਏ। ਗਿਆਨੀ ਸਿੰਘ ਸੂਬਾ ਮਾਈਸਰਖਾਨੇ ਦੀ ਬੀਬੀ ਅਤਰੀ ਨਾਲ ਸਤਿਗੁਰੂ ਜੀ ਦਾ ਦੁਬਾਰਾ ਅਨੰਦ ਪੜ੍ਹਾਉਣਾ ਚਾਹੁੰਦਾ ਸੀ। ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ ਕਿ ਹੁਣ ਸਮਾਂ ਨਹੀਂ ਇਸੇ ਸੰਮਤ ਦੀ ਮਾਘੀ ਮੁਤਾਬਿਕ ੧੨ ਜਨਵਰੀ ੧੮੭੨ ਈ. ਨੂੰ ਮਾਤਾ ਜੀ ਦੇ ਨਮਿਤ ਭੈਣੀ ਸਾਹਿਬ ਵਿਖੇ ਪਾਠਾਂ ਦੇ ਭੋਗ ਪਾਏ ਗਏ ਅਤੇ ਸੰਗਤ ਦੂਰੋਂ ਨੇੜਿਓਂ ਕਾਫੀ ਜੁੜੀ। ਭਾਈ ਹੀਰਾ ਸਿੰਘ ਸਕਰੌਦੀ ਦਾ ਪਿਤਾ ਪਟਿਆਲੇ ਦਾ ਅਹਿਲਕਾਰ ਸੀ। ਉਨ੍ਹਾਂ ਦੀ ਮਾਤਾ ਨੇ ਸੂਬਾ ਕਾਹਨ ਸਿੰਘ ਨਿਹੰਗ ਤੋਂ ਭਜਨ ਲਿਆ ਸੀ। ਪਿਤਾ ਨੇ ਇਕ ਵੇਰ ਸਤਿਗੁਰੂ ਜੀ ਨੂੰ ਕਿਹਾ ਸੀ ਕਿ ਹੀਰਾ ਸਿੰਘ ਤੇ ਵੀ ਕਿਰਪਾ ਹੋਵੇ ਤਾਂ ਆਪ ਨੇ ਫੁਰਮਾਇਆ ਸੀ ਕਿ ਜਦੋਂ ਹੀਰਾ ਸਿੰਘ ਨੇ ਭਜਨ ਲੈ ਲਿਆ ਤੂੰ ਵਾਹਨਾਂ ਵਿੱਚ ਰੋਂਦਾ ਫਿਰਨਾ ਹੈ। ਹੀਰਾ ਸਿੰਘ ਹੋਰਾਂ ਨੇ ਸੂਬਾ ਬਿਸ਼ਨ ਸਿੰਘ ਕਾਬਲ ਵਾਲੇ ਦੀ ਸੰਗਤ ਵੀ ਮਾਣੀ ਕੁਝ ਸਮਾਂ। ਸਿੰਘਣੀ ਦੇ ਗਹਿਣੇ ਸੂਬਾ ਜੀ ਨੂੰ ਮੱਥਾ ਟੇਕ ਦਿੱਤੇ। ਹਲ ਵਾਲੇ ਤੇ ਖੇਤੀ ਦੇ ਸੰਦ ਸਾੜ ਦਿੱਤੇ। ਸ਼ਹੀਦੀ ਜਥਾ ਬਣਾ ਲਿਆ ਹੋਰਨਾਂ ਸਿੰਘਾਂ ਨੂੰ ਸ਼ਾਮਿਲ ਕਰ ਲਿਆ। ਸਿੰਘਾਂ ਨੂੰ ਮਾਰਾ ਬਕਾਰਾ ਕਰਦਿਆਂ ਸੁਣ ਕੇ ਹਟਾਉਣ ਲਈ ਲੱਖਾ ਸਿੰਘ ਸੂਬੇ ਨੂੰ ਭੇਜਿਆ। ਪਰ ਉਸ ਦੀ ਬੇਵਸੀ ਤੇ ਫਿਰ ਆਪ ਗਏ। "ਅਕਾਲ ਬੁੰਗੇ ਆਪ ਆਇ ਕੇ ਬਚਨ ਕੀਤਾ ਓਧਰੋਂ ਫਰੰਗੀ ਜ਼ੋਰਾ ਵਰ ਹੈ ਏਧਰੋਂ ਖਾਲਸਾ ਜ਼ੋਰਾਵਰ ਹੈ, ਮੈਂ ਗਰੀਬ ਵਿਚਾਲੇ ਆਇ ਗਿਆ ਹਾਂ।" ਬਾਬਾ ਸਾਹਿਬ ਸਿੰਘ ਸੂਬਾ ਵੀ ਮਸਤਾਨਿਆਂ ਨੂੰ ਹਟਕਣ ਗਿਆ। ਉਸ ਨੂੰ ਵੀ ਕਿਹਾ "ਜਿੰਨ੍ਹਾ ਚਿਰ ਗਿਆਨੀ ਸਿੰਘ ਕਾ ਬੈਰ ਲੈਂਦੇ ਨਹੀਂ', ਉਨ੍ਹਾਂ ਚਿਰ ਸਾਨੂੰ ਪ੍ਰਸਾਦਾ ਛਕਨਾ ਭੀ ਹਰਾਮ ਹੈ। ਨਾਲੇ ਗਊਆਂ ਕੇ ਗਲ ਬਢੀਦੇ ਹੈਂ, ਛੱਤਰੀ ਕੋ ਪ੍ਰਸਾਦਾ ਛਕਣਾ ਕੈਸੇ ਸੁੱਝਦਾ ਹੈ।"[26] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮ ਨੂੰ ਨਾ ਮੋੜਨ ਸਦਕਾ ਸਤਿਗੁਰੂ ਜੀ ਨੇ ਹੀਰਾ ਸਿੰਘ ਲਹਿਣਾ ਸਿੰਘ ਦੇ ਸ਼ਹੀਦੀ ਜਥੇ ਨੂੰ ਵਿਦਾਇਗੀ ਦੇ ਦਿੱਤੀ ਹੱਥੀਂ ਪ੍ਰਸ਼ਾਦ ਛਕਾ ਕੇ। ਮਲੌਦ ਤੋਂ ਹਥਿਆਰ ਖੋਹ ਕੇ ਸਿੰਘਾਂ ਨੇ ਮਲੇਰ ਕੋਟਲੇ ਧਾਵਾ ਬੋਲਿਆ ੧੫ ਜਨਵਰੀ ੧੮੭੨ ਨੂੰ ਸਵੇਰੇ ਕੁਝ ਸਿੰਘ ਸ਼ਹੀਦ ਹੋ ਕੁਝ ਬੁੱਚੜ ਤੇ ਉਨ੍ਹਾਂ ਦੇ ਹਮਾਇਤੀ ਸਿੰਘਾਂ ਨੇ ਪਾਰ ਬੁਲਾਏ। ਸਿੰਘ ਰੜ੍ਹ ਦੇ ਖੇਤ ਤੇ ਜਾ ਬੈਠੇ। ਉਥੋਂ ਪਟਿਆਲੇ ਦੇ ਰਸਾਲੇ ਨੇ ਲਿਆ ਕੇ ਸ਼ੇਰਪੁਰ ਦੇ ਥਾਣੇ ਵਿੱਚ ਦੇ ਦਿੱਤੇ। ਫਿਰ ਜਿਵੇਂ ਤੋਪਾਂ ਸਿੱਖ ਰਿਆਸਤਾਂ ਦੀਆਂ ਨਾਲ ਬਿਨਾ ਮੁਕਦਮਾਂ ਚਲਾਏ ਉਡਾਏ ਗਏ ਸੂਰਬੀਰ ਸਿੰਘ ਉਹ ਸਾਡੇ ਸੁਤੰਤਰਤਾ ਸੰਗਰਾਮ ਦਾ ਇਕ ਸਰਵ ਵਿਦਿਤ ਅਧਿਆਇ ਹੈ। ਸਿੰਘਾਂ ਨੇ ਸ਼ਹੀਦੀਆਂ ਵਰਣ ਦੀਆਂ ਉਚੀਆਂ ਮਿਸਾਲਾਂ ਕਾਇਮ ਕਰ ਦਿੱਤੀਆਂ। ਸ੍ਰੀ ਸਤਿਗੁਰੂ ਜੀ ਨੂੰ ੧੭-੧੮ ਜਨਵਰੀ ਦੀ ਵਿਚਕਾਰਲੀ ਰਾਤ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਸੱਦ ਕੇ ਇਲਾਹਾਬਾਦ ਨਜ਼ਰਬੰਦ ਕਰ ਦਿੱਤਾ। ਇਸ ਤੋਂ ਅਗਲੀ ਗਾਥਾ ਦੂਜੇ ਭਾਗ ਵਿੱਚ ਆਉਂਦੀ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਭਾਈ ਸੰਤੋਖ ਸਿੰਘ ਦਾ ਸਤਿਗੁਰੂ ਬਿਲਾਸ ਨਵੇਂ ਸਿਰਿਉਂ ਸਿੱਖੀ ਘੜਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੀ ਗੌਰਵ ਗਾਥਾ ਨੂੰ 'ਬੜੇ ਸੁਚੱਜੇ ਢੰਗ ਨਾਲ ਸਮਕਾਲੀ ਹਵਾਲਿਆਂ ਦੁਆਰਾ ਬਿਆਨਦਾ ਹੈ। ਬਹੁਤ ਸਾਰੇ ਵਿਅਕਤੀਆਂ ਅਤੇ ਘਟਨਾਵਾਂ ਨੂੰ ਇਤਿਹਾਸਕਤਾ ਸਿਰਫ ਇਸ ਲਈ ਪ੍ਰਦਾਨ ਹੋ ਗਈ ਕਿ ਭਾਈ ਸੰਤੋਖ ਸਿੰਘ ਦੀ ਕਲਮ ਨੇ ਉਨ੍ਹਾਂ ਨੂੰ ਵਿਸਿਮ੍ਰਤੀ ਦੇ ਗਰਭ ਵਿੱਚ ਜਾਣ ਤੋਂ ਬਚਾ ਲਿਆ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਸ਼ਹਿਰਾਂ ਕਸਬਿਆਂ, ਤੀਰਥਾਂ ਮੇਲਿਆ ਮਸਾਧਿਆਂ ਦਾ ਦਿਲਚਸਪ ਵਰਣਨ ਹੈ। ਭਾਈ ਜੀ ਨੇ ਲੋਕ ਭਾਖਿਆ ਵਿੱਚ ਬੜੀ ਠੁੱਕਦਾਰ ਸ਼ੈਲੀ ਵਿੱਚ, ਸ਼ਰਧਾ ਰਸ ਵਿੱਚ ਭਿਜ ਕੇ ਇਹ ਰਚਨਾ ਕੀਤੀ ਹੈ। ਸੰਤੋਖ ਸਿੰਘ ਨੇ ਸਤਿਗੁਰੂ ਬਲਾਸ ਨੂੰ ਇਕ ਅਮਰ ਰਚਨਾ ਦੇ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਸਤਿਗੁਰੂ ਬਿਲਾਸ ਨੇ ਸੰਤੋਖ ਸਿੰਘ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ, ਠੀਕ ਉਵੇਂ ਜਿਵੇਂ "ਵਾਰਿਸ" ਤੇ "ਹੀਰ" ਦੇ ਰਿਸ਼ਤੇ ਬਾਰੇ ਵਿਧਾਤਾ ਸਿੰਘ ਤੀਰ ਲਿਖ ਗਏ ਹਨ।

"ਮੇਰੀ ਬੋਲੀ ਦੇ ਵਾਰਸਾ ਸੱਚ ਮੰਨੀਂ,
ਮੰਨਾਂ ਮੈਂ ਪੰਜਾਬੀ ਦਾ ਪੀਰ ਤੈਨੂੰ।
ਦਿੱਤੀ ਜਿੰਦ ਤੂੰ ਹੀਰ ਸਲੇਟੜੀ ਨੂੰ
ਦੇ ਗਈ ਸਦਾ ਦੀ ਜ਼ਿੰਦਗੀ ਹੀਰ ਤੈਨੂੰ।

## ਫੁੱਟ ਨੋਟ

1. ਸਫਾ ੧੫ ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ ਸੰਪਾਦਕ ਜਸਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ, ੨੦੦੨ ਈ.।

ਬਾਕੀ ਫੁਟ ਨੋਟ ਉਸੇ ਗ੍ਰੰਥ ਦੇ ਹਨ। ਹਵਾਲਾ ਫੁਟ ਨੋਟ ਦਾ ਅੰਕ ਅੰਗਰੇਜ਼ੀ ਵਿਚ ਹੈ ਗ੍ਰੰਥ ਦਾ ਪੰਨਾ ਗੁਰਮੁਖੀ ਵਿਚ
2. — ੯ 3. — ੯ , 4. — ੧੪ , 5. — ੨੦ , 6.— ੧੦੨ , 7. — ੧੦੯ ,8. — ੧੧੦ , 9. — ੧੩੧ , 10. — ੧੫੩ , 11. — ੧੫੯-੬੦ , 12. — ੧੬੭ , 13. — ੨੧੦ , 14. — ੨੪੬ , 15. — ੨੪੯ , 16. — ੨੬੬ , 17. — ੨੬੭ , 18. — ੨੭੦ , 19. — ੨੭੧-੭੨ , 20. — ੨੮੩, 21. — ੩੦੬ , 22. — ੩੨੭ , 23. — 386 , 24. — ੪੩੦ , 25. — ੪੪੪ , 26. — ੪੫੮



Namdhari Elibrary NamdhariElibrary@gmail.com

ਲਲਿਤ ਨਿਬੰਧ

# ਸੁਨਾਮੀ ਸੁਪਨੇ

*—ਲਖਵਿੰਦਰ ਜੌਹਲ*

ਬਹੁਤ ਦਿਨਾਂ ਬਾਦ ਅਜ ਫੇਰ ਉਦਾਸ ਹੈ ਮਨ। ਇਧਰ ਉਧਰ ਭਟਕਦਾ ਮਨ। ਕਦੇ ਕਵਿਤਾ ਬਾਰੇ ਸੋਚਦਾ ਕਦੇ ਹਵਾ ਬਾਰੇ। ਕਦੇ ਯੁੱਧ ਬਾਰੇ ਧੁੰਦ ਬਾਰੇ ਸੂਰਜ-ਆਕਾਸ਼-ਪੌਣ ਪਾਣੀ... ਬਹੁਤ ਦੌੜਿਆ ਮਨ ਤੇ ਫਿਰ ਸਮੁੰਦਰ ਦੀਆਂ ਲਹਿਰਾਂ ਵਿਚ ਫ਼ਸ ਗਿਆ। ਸੁਨਾਮੀ ਲਹਿਰਾਂ ਕਿਥੋਂ ਆਈਆਂ ਹੋਣਗੀਆਂ ਇਹ ? ਮੌਤ ਦਾ ਏਨਾ ਭਿਆਨਕ ਪੈਗ਼ਾਮ ਲੈ ਕੇ ?... ਹੁਣੇ ਹੁਣੇ ਨੱਚ ਰਹੀਆਂ ਸਨ ਕੁਝ ਉਮੀਦਾਂ... ਭਾਵੇਂ ਹੁਣੇ ਚਮਕ ਰਹੀਆਂ ਸਨ ਅੱਖਾਂ-ਝਿਮਣੀਆਂ ਉਤੇ ਲਟਕਾ ਕੇ ਸੁਨਹਿਰੀ ਸੁਪਨੇ... ਹੁਣੇ ਹੁਣੇ ਝਿਮਣੀਆਂ ਉਤੇ ਲਟਕ ਰਹੇ ਹਨ ਸਮੁੰਦਰ-ਖਾਰੇ ਪਾਣੀ ਦੇ ਇਹ ਸਮੁੰਦਰ ਕਿਥੋਂ ਆਏ ਹਨ ? ਸਮੁੰਦਰ ਕਰ ਰਹੇ ਨੇ ਮਾਤਮ। ਵਿਛੜ ਚੁੱਕੀਆਂ ਲਹਿਰਾਂ ਦਾ-ਮਨ ਕਰ ਰਿਹਾ ਹੈ ਮਾਤਮ। ਵਿਛੜ ਚੁਕੇ ਸੁਨਹਿਰੀ ਸੁਪਨਿਆਂ ਦਾ। ਸੁਪਨੇ ਅਤੇ ਲਹਿਰਾਂ। ਸੁਨਾਮੀ ਲਹਿਰਾਂ-ਸੁਨਾਮੀ ਸੁਪਨਿਆਂ ਵਾਂਗ ਹੀ ਹੁੰਦੀਆਂ ਨੇ ਸ਼ਾਇਦ। ਜੋ ਬਹੁਤ ਤੇਜ਼ ਰਫ਼ਤਾਰ ਨਾਲ ਆਉਂਦੇ ਨੇ-ਬਹੁਤ ਸੁਹਣੇ ਲਗਦੇ ਨੇ, ਦੂਰੋਂ ਆਉਂਦੇ। ਪਰ ਜਦੋਂ ਹਕੀਕਤ ਦੇ ਕਿਨਾਰਿਆਂ ਨਾਲ ਟਕਰਾਉਂਦੇ ਨੇ, ਤਬਾਹੀ ਮਚਾਉਂਦੇ ਨੇ। ਮਨਾਂ ਦੇ ਸਾਗਰਾਂ ਅੰਦਰ....।

... ਤੇ ਫੇਰ ਤਬਾਹ ਹੋਇਆ ਉਦਾਸ ਮਨ। ਕਵਿਤਾ ਦੀ ਰਾਹਤ ਭਾਲਦਾ ਹੈ- ਕਵਿਤਾ ਦੀ ਛਾਂ ਵਿਚ ਸੌਣਾ ਲੋਚਦਾ ਹੈ। ਕਵਿਤਾ ਤੋਂ ਢਾਰਸ ਦੀ ਭੀਖ ਮੰਗਦਾ ਮਨ, ਕਵਿਤਾ ਤੋਂ ਪੁੱਛਦਾ ਹੈ- "ਕਿਧਰੇ ਕੋਈ ਉਮੀਦ ਬਚੀ ਤਾਂ ਮੈਨੂੰ ਦਿਓ ਦੇਵੀ"... ਵੇਦਨਾ ਦੇ ਆਲਮ ਵਿਚ ਹੋਰ ਹੋਰ ਰੰਗ ਦਿਖਾਉਂਦੇ ਨੇ ਸੁਪਨੇ... ਕਵਿਤਾ ਰੰਗੇ ਸੁਪਨੇ-ਲਹਿਰਾਂ ਵਰਗੇ ਸੁਪਨੇ-ਸੁਨਹਿਰੇ ਸੁਪਨੇ... ਤੇ ਫੇਰ ਸੁਨਾਮੀ ਸੁਪਨੇ... ਜਿਨਾਂ ਤੋਂ ਬਚਣ ਲਈ ਭਟਕਦਾ ਹੈ ਮਨ ਜਿਨ੍ਹਾਂ ਨੂੰ ਲਿਖਣ ਲਈ ਤੜਫਦਾ ਹੈ ਮਨ।... ਕਵਿਤਾ ਦੀ ਕਸਮ ਖਾ ਕੇ ਅਰੰਭੇ ਗਏ ਕਲਮਾਂ ਦੇ ਸਫ਼ਰ ਕਿਧਰ ਨੂੰ ਜਾ ਰਹੇ ਨੇ ਦੇਵੀ ? ਕਿਸੇ ਨੂੰ ਕੀ ਪਤਾ ਜਿਨਾਂ ਅੱਖਾਂ ਵਿਚ ਦਿਨ ਚੜ੍ਹਨ ਤੋਂ ਪਹਿਲਾਂ ਤੱਕ ਜਗ ਰਹੀਆਂ ਸਨ ਉਮੀਦਾਂ, ਉਨਾਂ ਹੀ ਅੱਖਾਂ ਵਿਚ ਬਲ ਰਿਹਾ ਹੈ ਲਹਿਰਾਂ ਦਾ ਸਿਵਾ... ਸੁਨਾਮੀ ਸਿਵਾ। ਜਿਵੇਂ ਕਿਸੇ ਨ੍ਹੇਰੀ ਕੋਠੜੀ ਵਿਚ ਰਾਤ ਨੂੰ ਚਮਕਦੀਆਂ ਨੇ, ਬਿੱਲੀ ਦੀਆਂ ਅੱਖਾਂ-ਜੋ ਮੈਨੂੰ ਡਰਾਉਂਦੀਆਂ ਰਹੀਆਂ ਨੇ ਭੂਤ ਬਣ ਕੇ... ਜਿਵੇਂ ਭੂਤਾਂ ਦੀ ਹੋਂਦ ਮੇਰੇ ਮੱਥੇ ਵਿਚੋਂ ਦੇਰ ਬਾਦ ਨਿਕਲੀ... ਹੌਲੀ ਹੌਲੀ ਸ਼ਾਇਦ ਸੁਨਾਮੀ ਸੁਪਨੇ ਵੀ ਮਾਂਦੇ ਪੈ ਜਾਣਗੇ... ਪਰ ਅੱਜ ਮੇਰੇ ਚਾਰੇ ਪਾਸੇ ਸੁਨਾਮੀ ਆਵਾਜ਼ਾਂ ਨੇ... ਇਹ ਆਵਾਜ਼ਾਂ ਕਰੇਦ ਰਹੀਆਂ ਨੇ ਕਵਿਤਾ ਨੂੰ... ਲਗਦੈ ਹੁਣੇ ਹੁਣੇ ਮਚੇਗਾ-ਕਵਿਤਾ ਦਾ ਕੁਹਰਾਮ... ਸਿਰ ਉਤੇ ਸਮੁੰਦਰ ਉਠਾ ਕੇ... ਉਠੇਗੀ ਕਵਿਤਾ... ਸਮੁੰਦਰ ਦੇ ਕਿਨਾਰਿਆਂ ਤਕ ਜਾਏਗੀ ਕਵਿਤਾ ਰਾਹਤ ਦੇ ਸ਼ਬਦ ਲੈ ਕੇ ਕਿਨਾਰਿਆਂ ਦੇ ਮਨਾਂ ਵਿਚ ਹਲਚਲ ਮਚਾਏਗੀ ਕਵਿਤਾ ? ਲਹਿਰਾਂ ਤੋਂ ਵਿਛੁੰਨੇ ਕਿਨਾਰਿਆਂ ਨੂੰ ਢਾਰਸ ਦੇਵੇਗੀ ਕਵਿਤਾ ?... ਕੀ ਕਵਿਤਾ ਏਨਾ ਉੱਚਾ ਬੋਲ ਸਕੇਗੀ ਕਿ ਲਹਿਰਾਂ ਦਾ ਸ਼ੋਰ ਸੁਣ ਨਾ ਸਕਣ ਕਿਨਾਰੇ...

ਫੇਰ ਸੁਨਹਿਰੇ ਸੁਪਨਿਆਂ ਅਤੇ ਡਰਾਉਣੀਆਂ ਹਕੀਕਤਾਂ ਵਿਚ ਭਟਕ ਰਿਹਾ ਹੈ ਮਨ... ਮਨ ਦੇ ਕਿਸੇ ਕੋਨੇ ਵਿਚ ਉਮੀਦ ਦੀ ਕੋਈ ਕਿਰਨ... ਜਗਦੀ ਹੈ ਹਾਲਾਂ... ਲਹਿਰਾਂ ਨਾਲ ਲਹਿਰ ਗਏ ਸ਼ਬਦਾਂ ਦੀ ਤਲਾਸ਼ ਹੈ ਇਸਨੂੰ..... ਜਿਉਂ ਜਿਉਂ ਸੂਰਜ ਦੀ ਧੁੱਪ ਚੜ੍ਹਦੀ ਆ ਰਹੀ ਹੈ – ਲਹਿਰਾਂ ਲਾਲ ਹੋ ਰਹੀਆਂ ਹਨ... ਫੇਰ ਗਰਮ ਹੋ ਰਿਹਾ ਹੈ-ਠੰਢੇ ਹੋ ਚੁੱਕੇ ਲੋਕਾਂ ਦਾ ਲਹੂ-ਫੇਰ ਜਾਗ ਰਹੇ ਨੇ ਸੁਪਨੇ... ਜੋ ਹੁਣੇ ਹੁਣੇ ਲਹਿਰਾਂ ਨਾਲ ਆਈ ਰੇਤ ਹੇਠਾਂ ਦਬ ਗਏ ਸਨ... ਕਿੰਨੀ ਕੁ ਮਜ਼ਬੂਤ ਹੋ ਸਕਦੀ ਹੈ-ਰੇਤੇ ਦੀ ਪਰਤ ? ਕਿੰਨੀ ਕੁ ਦੇਰ ਉਦਾਸ ਰਹੇ ਗਾ ਮਨ ? ਕਿੰਨੀ ਕੁ ਦੇਰ ਡਰਾਉਂਦੇ ਰਹਿਣ ਗੇ ਸੁਨਾਮੀ ਸੁਪਨੇ... ਕਦੋਂ ਪਰਤਣਗੇ ਇਹ ਆਪਣੇ ਸੁਨਹਿਰੀ ਰੰਗ ਵਿੱਚ ਇਹ... ਲਹਿਰਾਂ ਨਾਲ ਲਹਿਰਾਂ ਬਣਕੇ... ਕਿਨਾਰਿਆਂ ਨਾਲ ਕਿਨਾਰੇ ਬਣਕੇ... ਤੇ ਕਵਿਤਾ ਨਾਲ ਕਵਿਤਾ ਹੋ ਕੇ... ਸੁਪਨੇ-ਲਹਿਰਾਂ-ਕਿਨਾਰੇ-ਕਵਿਤਾ... ਤੇ ਫੇਰ... "ਏਕ ਲਹਿਰ ਸੀ ਉਠੀ ਹੈ ਅਭੀ"...

—ਦੂਰਦਰਸ਼ਨ ਸਮਾਚਾਰ
ਸੀ. ਪੀ.ਸੀ. ਖੇਲਗਾਓਂ
ਨਵੀਂ ਦਿੱਲੀ-੪੯



Namdhari Elibrary NamdhariElibrary@gmail.com

Oster®

REGD. TRADE MARK No. 491851

CARDIGANS • PULLOVERS

TITLIS
(U.K.)

LUXURY SHAWLS • BLANKETS

BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com

Namdhari Elibrary NamdhariElibrary@gmail.com

*ਨਾਮਧਾਰੀ ਇਤਿਹਾਸ ਦਾ ਭੰਡਾਰ*

# ਸਤਿਗੁਰੂ ਪ੍ਰਤਾਪ ਸਿੰਘ ਜੀ

*—ਸਵਰਨ ਸਿੰਘ ਸਨੇਹੀ*

### ਖਿਮਾਂ ਯਾਚਨਾ

'ਨਾਮਧਾਰੀ ਇਤਿਹਾਸ ਦਾ ਭੰਡਾਰ—ਸਤਿਗੁਰੂ ਪ੍ਰਤਾਪ ਸਿੰਘ ਜੀ ' ਕਾਫੀ ਲੰਮਾ ਲੇਖ ਸੀ ਜਿਸ ਦੀਆਂ ਦੋ ਕਿਸ਼ਤਾਂ ਪਾਠਕਾਂ ਤਕ ਪੁਜਣ ਪਿਛੋਂ ਕੰਪਿਊਟਰ ਵਿਚ ਨੁਕਸ ਪੈਣ ਕਾਰਨ ਲੇਖ ਖਿਲਰ ਪਤਰ ਗਿਆ। ਕੰਪਿਊਟਰ ਦਾ ਇਲਾਜ ਹੋਣ ਪਿਛੋਂ ਇਸ ਨੂੰ ਇਕੱਤਰ ਕਰਕੇ ਦੁਬਾਰਾ ਲੇਖ ਰੂਪ ਦੇਣ ਲਈ ਪਹਿਲਾਂ ਨਾਲੋਂ ਵੱਧ ਮਿਹਨਤ ਤੇ ਸਮਾਂ ਖਰਚ ਆਉਣ ਕਾਰਨ ਅਤੇ ਸਰੀਰ ਰੋਗ ਗ੍ਰਸਤ ਹੋਣ ਦੇ ਫਲਸਰੂਪ ਲੜੀ ਟੁੱਟ ਗਈ ਜਿਸ ਦਾ ਮੈਨੂੰ ਬਹੁਤ ਅਫਸੋਸ ਹੈ। ਹੁਣ ਪਾਠਕਾਂ ਨੂੰ ਕੁਝ ਪੈਰ੍ਹੇ ਦੋਬਾਰਾ ਪੜ੍ਹਨੇ ਪੈ ਸਕਦੇ ਹਨ ਪਰ ਹੁਣ ਲੜੀ ਨਹੀਂ ਟੁਟੇਗੀ। ਕੁਦਰਤੀ ਵਿਘਨ ਪੈਣ ਕਾਰਨ ਪਾਠਕਾਂ ਨੂੰ ਹੋਈ ਅਸੁਵਿਧਾ ਲਈ ਖਿਮਾਂ ਯਾਚਕ ਵੀ ਹਾਂ ਤੇ ਲਿਖਤ ਵਿਚ ਦਿਲਚਸਪੀ ਲੈਣ ਲਈ ਧੰਨਵਾਦੀ ਵੀ। ਆਸ ਹੈ ਪਾਠਕ ਖਿਮਾਂ ਕਰਨਗੇ।

*—ਸਵਰਨ ਸਿਘ ਸਨੇਹੀ*

.....ਇਸੇ ਤਰ੍ਹਾਂ 'ਆਲਿਮ' ਜੀ ਦੇ ਹਾਣੀ ਤੇ ਸਾਥੀ ਸੰਤ ਇੰਦਰ ਸਿੰਘ 'ਚਕ੍ਰਵਰਤੀ' ਨੇ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ ਲਿਖਣ ਦਾ ਕੰਮ ਹਥਿਆਇਆ ਜਿਸ ਨੂੰ ਲੇਖਕ ਨੇ ਨਾਮਧਾਰੀ ਇਤਿਹਾਸ ਹਿਸਾ ਪਹਿਲਾ ਦੇ ਨਾਂ ਹੇਠ ਪ੍ਰਕਾਸ਼ਤ ਕਰਵਾਇਆ। ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਬਾਰੇ ਇਸ ਤੋਂ ਵਧੀਆ ਪੁਸਤਕ ਅੱਜ ਤਕ ਦੇਖਣ ਵਿਚ ਨਹੀਂ ਆਈ ਕਿਉਂ ਕਿ ਇਸ ਲੇਖਕ ਨੇ ਪਿਸ਼ਾਵਰ ਤੇ ਅਟਕ ਦਾ ਇਲਾਕਾ ਆਪ ਗਾਹ ਕੇ ਸਮਗਰੀ ਇਕੱਤਰ ਕਰਨ ਦੀ ਜਿਹੜੀ ਲਗਨ ਨਾਲ ਮਿਹਨਤ ਕੀਤੀ ਸੀ ਹੁਣ ਨਾ ਤਾਂ ਉਹ ਲਗਨ ਹੀ ਰਹਿ ਗਈ ਹੈ ਤੇ ਨਾ ਹੀ ਉਹ ਸ੍ਰੋਤ।

"ਤੀਜੇ ਮੈਂ ਆਪ ਵੀ ਹਜ਼ਰੋ ਸਾਹਿਬ, ਕੈਮਲਪੁਰ, ਸਰਵਾਲਾ ਅਦਿ ਗ੍ਰਾਮਾਂ ਵਿਖੇ ਫਿਰ ਕੇ ਤਸਦੀਕ ਕੀਤੀ ਏ ਨਾਲ ਹੀ ਸਤਿਗੁਰੂ ਜੀ ਦੇ ਪ੍ਰਗਟ ਹੋਨ ਦਾ ਸੰਮਤ ੧੮੫੬ ਬਿ. ਜੋ ਗਯਾਨੀ ਜੀ ਨੇ ਪੰਥ ਪ੍ਰਕਾਸ਼ ਵਿਚ ਦਿਤਾ ਹੈ, ਸਹੀ ਨਹੀਂ ਕਿਉਂਕਿ ਜਦੋਂ ਮੈਂ ਇਤਿਹਾਸਕ ਖੋਜ ਲਈ ਸੰਮਤ ੧੯੯੮ ਵਿਚ, ਕੈਮਲਪੁਰ, ਹਜਰੋ ਸਾਹਿਬ, ਸ੍ਰਵਾਲਾ, ਛੋਈ ਆਦ ਨਗਰਾਂ ਵਿਚ ਗਿਆ ਸਾਂ ਤਾਂ ਮੈਨੂੰ ਇਕ ਹਸਤ ਲਿਖਤ ਪੁਸਤਕ ਸ੍ਰੀ ਸਤਿਗੁਰੂ ਬਾਲਕ ਜੀ ਦੇ ਜੀਵਨ ਸਬੰਧੀ ਪ੍ਰਾਪਤ ਹੋਈ ਜਿਸ ਵਿਚ ਸਤਿਗੁਰੂ ਜੀ ਦਾ ਅਵਤਾਰ ਸੰਮਤ ੧੮੪੧ ਬਿਕ੍ਰਮੀ ਸਰਵਾਲੇ ਵਿਖੇ ਹੋਣਾ ਲਿਖਯਾ ਹੈ ਜੋ ਦੂਜੇ ਲੇਖਕਾਂ ਨਾਲੋਂ ਵਧੇਰੇ ਪ੍ਰਮਾਣੀਕ ਤੇ ਸਹੀ ਹੈ।[1] "ਕਿਉਂਕਿ ਭਾਈ ਧਨੀ ਰਾਮ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਸਾਰੇ ਚੋਜ ਅਖੀਂ ਡਿਠੇ ਤੇ ਕਿੰਨੀਂ ਸੁਣੇ ਹੋਏ ਹੀ ਲਿਖੇ ਹਨ।"[2]

ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਮਾਅਰਕੇ ਦਾ ਇਕ ਹੋਰ ਕੰਮ ਕਰਵਾਇਆ ਗਿਆ ਨਾਮਧਾਰੀਆਂ ਬਾਰੇ ਅੰਗਰੇਜ਼ੀ ਵਿਚ ਸ਼ੋਧ ਲਿਖਵਾਉਣ ਦਾ। ਉਸ ਸਮੇਂ ਇਸ ਵਿਸ਼ੇ ਤੇ ਸਮਗਰੀ ਬਹੁਤ ਘਟ ਪ੍ਰਾਪਤ ਹੋਣ ਕਾਰਨ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਦੇ ਬਾਵਜੂਦ ਇਤਿਹਾਸ ਦੇ ਇਕ ਵਿਦਿਅਰਥੀ ਤਾਰਾ ਸਿੰਘ ਨੇ ਬੜੀ ਮਿਹਨਤ ਨਾਲ ਉਦੋਂ ਤਕ ਪ੍ਰਯੋਗ ਵਿਚ ਨਾ ਆਏ ਸ੍ਰੋਤਾਂ ਤੋਂ ਬੜੀ ਕੀਮਤੀ ਸਮਗਰੀ ਇਕੱਤਰ ਕਰ ਕੇ ਡਾਕਟਰ ਸੀਤਾ ਰਾਮ ਕੋਹਲੀ ਤੇ ਪ੍ਰੋ. ਵੀਰਆਮ ਸਿੰਘ ਦੀ ਨਿਗਰਾਨੀ ਹੇਠ, ਇਹ ਸ਼ੋਧ ਪੱਤਰ ਤਿਆਰ ਕੀਤਾ।[3]

ਇਸ ਸ਼ੋਧ ਪੱਤਰ ਵਿਚ, ਨਾਮਧਾਰੀ ਅੰਦੋਲਨ ਦਾ ਸਮਾਜਕ ਤੇ ਰਾਜਸੀ ਪੱਖ, ਨਾਮਧਾਰੀ ਅੰਦੋਲਨ ਦਾ ਮਗਰਲਾ ਇਤਿਹਾਸ, ਨਾਮਧਾਰੀਆਂ ਦੀ ਤਦਵਕਤੀ ਸਥਿਤੀ ਤੇ ਸੰਗਠਨ ਬਾਰੇ ਵੀ ਸੰਖੇਪ ਤੋਰ ਤੇ ਵਿਚਾਰ ਕੀਤਾ ਗਿਆ ਹੈ।' ਇਹ ਸ਼ੋਧ ਪੱਤਰ ਕਿਥੇ ਪੇਸ਼ ਕੀਤਾ ਗਿਆ ਤੇ ਉਸ ਦੇ ਸਿੱਟੇ ਕੀ ਨਿਕਲੇ ? ਇਹ ਗੱਲ ਹੋਰ ਖੋਜ ਦੀ ਮੁਥਾਜ ਹੈ। ਉਂਜ ਪੰਜਾਬ ਯੂਨੀਵਰਸਿਟੀ ਉਨ੍ਹੀਂ ਦਿਨੀਂ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਵਿੱਚ ਸਥਿਤ ਸੀ। ਇਹ ਖੋਜ ਵਿਦਿਆਰਥੀ ਭੈਣੀ ਸਾਹਿਬ ਆਮ ਕਰ ਕੇ ਆਉਂਦਾ ਜਾਂਦਾ ਰਿਹਾ ਤੇ ਸਤਿਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਦਾ ਰਿਹਾ ਜਿਨ੍ਹਾਂ ਨੇ ਉਸ ਦੀ ਹਰ ਸੰਭਵ ਸਹਾਇਤਾ ਕੀਤੀ। ਸੰਤ ਨਿਧਾਨ ਸਿੰਘ ਜੀ 'ਆਲਿਮ' ਨੇ ਆਪਣੀ ਪੁਸਤਕ 'ਜੁਗ ਪਲਟਾਊ ਸਤਿਗੁਰੂ' ਵਿਚ ਇਸ ਸ਼ੋਧ ਪੱਤਰ ਦੇ ਹਵਾਲੇ ਆਮ ਦਿਤੇ ਹਨ। ਸਮੇਂ, ਸਾਧਨਾਂ ਤੇ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖਦਿਆਂ ਸਤਿਗੁਰੂ ਜੀ ਦੀ ਇਤਿਹਾਸ ਪ੍ਰਤੀ ਇਹ ਬਹੁਤ ਮਤੱਵਪੂਰਨ ਸੇਵਾ ਸਮਝੀ ਜਾਣੀ ਚਾਹੀਦੀ ਹੈ।

ਆਪਣੇ ਜੀਵਨ ਦੇ ਮਗਰਲੇ ਹਿਸੇ ਵਿੱਚ ਆਪ ਨੇ ਐਮ.



Namdhari Elibrary NamdhariElibrary@gmail.com

ਏ. ਪਾਸ ਇਕ ਸਿਖ ਨੂੰ, ਉਪ ਰੱਖਿਆ ਮੰਤਰੀ ਸਰਦਾਰ ਸੁਰਜੀਤ ਸਿੰਘ ਮਜੀਠੀਆ ਦੀ ਨਿਜੀ ਸਕੱਤਰੀ ਦੀ ਨੌਕਰੀ ਤੋਂ ਹਟਾ ਕੇ ਇਤਿਹਾਸ ਦੇ ਖੇਤਰ ਵਿਚ ਲਿਆਂਦਾ। ੧੯੩੬ ਦੀ ਐਮ. ਏ. ਪਾਸ ਇਹ ਵਿਅਕਤੀ ਨਾਮਧਾਰੀ ਨਹੀਂ ਸੀ ਪਰ ਸਤਿਗੁਰੂ ਜੀ ਨੇ ਉਸ ਨੂੰ ਨਾਮਧਾਰੀ ਇਤਿਹਾਸ ਦੀ ਖੋਜ ਕਰਨ ਲਈ ਮਨਾ ਲਿਆ ਜਿਹੜੀ ਉਹਨੇ ਵੀਹਵੀਂ ਸਦੀ ਦੇ ਦੂਜੇ ਅਧ ਦੇ ਪਹਿਲੇ ਦਹਾਕੇ ਵਿਚ ਹੀ ਆਰੰਭ ਦਿਤੀ। ਸਰਦਾਰ ਨਾਹਰ ਸਿੰਘ ਨੇ 'ਦੋ ਓਪਰਿਆਂ ਦੀ' ਇਸ 'ਗੈਰ ਰਸਮੀ' ਮਿਲਣੀ ਦਾ ਸਾਲ ੧੯੫੪ ਦਿਤਾ ਹੈ ਤੇ ਨਾਮਧਾਰੀ ਇਤਿਹਾਸ ਲਿਖਵਾਏ ਜਾਣ ਦਾ ਸੁਝਾਉ ਆਪਣੇ ਵੱਲੋਂ ਦਿਤਾ ਗਿਆ ਲਿਖਿਆ ਹੈ ਜਿਸ ਨੂੰ ਸਤਿਗੁਰੂ ਜੀ ਵੱਲੋਂ ਝਟ ਪਟ ਸਵੀਕਾਰ ਕਰ ਲਿਆ ਗਿਆ ਦਰਸਾਇਆ ਗਿਆ ਹੈ।[੪]

ਸਰਦਾਰ ਨਾਹਰ ਸਿੰਘ ਦੇ ਇਸ ਖੇਤਰ ਵਿਚ ਆ ਜਾਣ ਨਾਲ ਖੋਜ ਦਾ ਕੰਮ ਪਹਿਲਾਂ ਨਾਲੋਂ ਕੁਛ ਸੌਖਾ ਹੋ ਗਿਆ ਕਿਉਂਕਿ ਇਕ ਤਾਂ ਉਹ ਇਕ ਇਸੇ ਕਾਰਜ ਨੂੰ ਹੀ ਸਮਰਪਤ ਸੀ ਤੇ ਦੂਜਾ ਉਸ ਦੇ ਸਰਕਾਰੀ ਰਿਕਾਰਡ ਤਕ ਪਹੁੰਚ ਕਰਨ ਵਿਚ ਕੋਈ ਦਿਕਤ ਨਹੀਂ ਸੀ। ਫਿਰ ਸਤਿਗੁਰੂ ਜੀ ਵੱਲੋਂ ਇਕੱਤਰਤ ਮੌਖਿਕ ਤੇ ਰਵਾਇਤੀ ਇਤਿਹਾਸਕ ਜਾਣਕਾਰੀ ਦਾ ਵੀ ਉਸ ਨੇ ਖੁਲ੍ਹ ਕੇ ਪ੍ਰਯੋਗ ਕੀਤਾ। ਤੀਜਾ ਅਸੀਂ ਸਮਝਦੇ ਹਾਂ ਉਸ ਦਾ ਪਿੰਡ ਨੰਗਲ ਖੁਰਦ, ਬਾਬਾ ਕਾਹਲਾ ਸਿੰਘ ਨਾਮਧਾਰੀ ਦੇ ਪਿੰਡ ਨੰਗਲ ਕਲਾਂ ਦੇ ਨਾਲ ਹੋਣਾ ਵੀ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ ਭਾਵੇਂ ਇਕ ਥਾਂ ਸਰਦਾਰ ਨਾਹਰ ਸਿੰਘ ਨੇ ਆਪਣੇ ਆਪ ਨੂੰ ਬਾਬਾ ਜੀ ਦਾ ਪੋਤ੍ਰ ਵੀ ਲਿਖਿਆ ਹੈ।

" ਇਹ ਪੁਸਤਕ ਕਦੀ ਭੀ ਇਸ ਰੂਪ ਵਿਚ ਨ ਲਿਖੀ ਜਾਂਦੀ, ਜੇਕਰ ਸਮੇਂ ਦੇ ਨਾਮਧਾਰੀ ਆਗੂ, ਗੁਰੂ ਪ੍ਰਤਾਪ ਸਿੰਘ ਜੀ ਆਪਣੇ ਪੁਸਤਕਾਲਯ ਦੀਆਂ ਸਾਰੀਆਂ ਛਪੀਆਂ ਅਤੇ ਅਣਛਪੀਆਂ ਪੁਸਤਕਾਂ ਬਗੈਰ ਕਿਸੇ ਸ਼ਰਤ ਦੇ, ਲੇਖਕ ਦੇ ਹਵਾਲੇ ਨ ਕਰ ਦਿੰਦੇ", ਸਰਦਾਰ ਨਾਹਰ ਸਿੰਘ ਦਾ ਇਕਬਾਲੀਆ ਬਿਆਨ ਹੈ।[੫] ਇਉਂ ਸਰਦਾਰ ਨਾਹਰ ਸਿੰਘ ਰਚਿਤ, ਨਾਮਧਾਰੀ ਇਤਿਹਾਸ, ਹਿਸਾ ਪਹਿਲਾ, ੧੯੫੫ ਵਿਚ ਹੋਂਦ ਵਿਚ ਆਇਆ।

ਆਲੋਚਨਾਤਮਕ ਦ੍ਰਿਸ਼ਟੀ ਤੋਂ ਦੇਖਿਆਂ, ਸਰਦਾਰ ਨਾਹਰ ਸਿੰਘ ਨੇ ਵੀ ਨਿਰਸੰਦੇਹ ਗਰਾਂਟ ਡਫ ਦੇ ਮਰਾਠਾ ਇਤਿਹਾਸ ਵਾਂਗ, ਨਾਮਧਾਰੀ ਇਤਿਹਾਸ ਸੁਹਣਾ ਲਿਖਿਆ ਪਰ ਗ਼ੈਰ ਨਾਮਧਾਰੀ ਸਮਾਜ ਤੇ ਫਿਰ ਅੰਗਰੇਜ਼ ਭਗਤ ਪਰਵਾਰ ਦੀ ਨੌਕਰੀ ਤੋਂ ਆਏ ਹੋਣ ਕਾਰਨ, ਉਹ ਨਾਮਧਾਰੀਆਂ ਦੀ ਸੰਵੇਦਨਾ ਤੇ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਅਸਫਲ ਰਹੇ।[੬] ਉਦਾਹਰਣ ਵਜੋਂ ਦੂਰ ਦੁਰਾਡੇ ਦੇ ਨਾਮੀ ਗਾਮੀ ਨਾਮਧਾਰੀਆਂ ਦਾ ਜ਼ਿਕਰ ਤਾਂ ਉਹ ਬੜੇ ਜਤਨ ਨਾਲ ਕਰਦੇ ਹਨ ਪਰ ਭੈਣੀ ਸਾਹਿਬ ਤੋਂ ਤਿੰਨ ਚਾਰ ਮੀਲ ਦੇ ਫਾਸਲੇ ਤੇ ਹੋਏ ਬਾਬਾ ਜੈ ਸਿੰਘ, ਜਿਨ੍ਹਾਂ ਨੂੰ ਨਾਮਧਾਰੀ ਹੋਣ ਦੇ ਅਪਰਾਧ ਵਿਚ ਪਟਿਆਲਾ ਰਿਆਸਤ ਦੀ ਸਾਢੇ ਤਿੰਨ ਸਾਲ ਕੈਦ ਕਟਣੀ ਪਈ ਸੀ ਤੇ ਸੰਤ ਮੋਦਨ ਸਿੰਘ, ਜਿਨ੍ਹਾਂ ਨੇ ਪਿੱਛੋਂ ਹਰਾ ਘਾਹ ਲਿਆ ਕੇ ਭੈਣੀ ਸਾਹਿਬ ਗਊਆਂ ਨੂੰ ਪਾਉਣ ਬਦਲੇ ਜੇਲ੍ਹ ਕਟੀ ਸੀ, ਸਮੇਤ ਇਥੋਂ ਦੇ ਹੀ ਹੋਰ ਬਹੁਤੇ ਉਘੇ ਨਾਮਧਾਰੀਆਂ ਦੇ ਨਾਂ ਇਤਿਹਾਸ ਵਿਚ ਦਰਜ ਕਰਨੋਂ ਉਕਾਈ ਖਾ ਗਏ।[੭] ਫਿਰ ਵੀ ਜੇ ਸਤਿਗੁਰੂ ਜੀ ਦੀ ਪਾਰਖੂ ਨਜ਼ਰ ਉਨ੍ਹਾਂ ਤੇ ਨਾ ਪੈਂਦੀ ਤੇ ਫਿਰ ਆਪ ਉਸ ਵਿਚ ਦਿਲਚਸਪੀ ਲੈ ਕੇ ਉਨ੍ਹਾਂ ਦੀ ਰੁਖ ਤੇ ਰੁਚੀ ਬਦਲੀ ਨਾ ਕਰਦੇ ਤਦ ਹੋ ਸਕਦਾ ਹੈ ਸਰਦਾਰ ਨਾਹਰ ਸਿੰਘ ਨਾ ਤਾਂ ਸੁਰਜੀਤ ਸਿੰਘ ਮਜੀਠੀਆ ਦੀ ਨੌਕਰੀ ਛਡਦੇ, ਨਾ ਇਤਿਹਾਸਕਾਰ ਹੀ ਬਣ ਸਕਦੇ ਤੇ ਨਾ ਹੀ ਅਜੇ ਨਾਮਧਾਰੀ ਇਤਿਹਾਸ ਰਚਨਾ ਲਈ ਇਸ ਤਰ੍ਹਾਂ ਦਾ ਜਤਨ ਸੰਭਵ ਹੋ ਸਕਦਾ।

ਸਤਿਗੁਰੂ ਜੀ ਦੀ ਇਤਿਹਾਸ ਵਿਚ ਅਜੇਹੀ ਦਿਲਚਸਪੀ ਸੀ ਕਿ ਆਪ ਨੇ ਕਦੇ ਕਿਸੇ ਵੀ ਲੇਖਕ ਨੂੰ ਇਤਿਹਾਸ ਲਿਖਣ ਸਬੰਧੀ ਸਹਾਇਤਾ ਦੇਣ ਵਿਚ ਹਿਚਕਚਾਹਟ ਨਹੀਂ ਸੀ ਦਿਖਾਈ। ਇਥੋਂ ਤਕ ਕਿ ਮਗਰੋਂ ਜਹੇ ਆ ਕੇ ਬੁਢੇਪੇ ਦੇ ਦਿਨੀਂ ਆਪਦੀ ਸਿਹਤ ਖਰਾਬ ਹੋਣ ਕਾਰਨ ਆਪ ਲਈ ਇੰਨ੍ਹਾ ਮਾਨਸਿਕ ਤੇ ਦਿਮਾਗੀ ਬੋਝ ਉਠਾਉਣਾ ਹਿਤਕਰ ਨਹੀਂ ਸੀ ਤਦ ਵੀ ਆਪ ਨੇ ਸਹੀ ਇਤਿਹਾਸਕਾਰੀ ਕਰਨ ਦੀ ਸ਼ਰਤ ਮੰਨਵਾ ਕੇ ਸਰਦਾਰ ਜਸਵੰਤ ਸਿੰਘ 'ਜਸ' ਨੂੰ 'ਬਾਬਾ ਰਾਮ ਸਿੰਘ' ਲਿਖਣ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਕੀਤੀ।[੮] ਜੱਸ ਹੋਰਾਂ ਨੇ ਆਪ ਨਾਲ ਕੀਤੇ ਵਾਅਦੇ ਭੁਲਾ ਕੇ ਇਸ ਪੁਸਤਕ ਵਿਚ ਸਚ ਦੇ ਸੂਰਜ ਨੂੰ ਕੁਨਾਲੀ ਨਾਲ ਢਕਣ ਦੇ ਕੋਝੇ ਜਤਨ ਕੀਤੇ ਹਨ ਜਿਨ੍ਹਾਂ ਦਾ ਆਪ ਦੇ ਮਨ ਤੇ ਬਹੁਤ ਭੈੜਾ ਪ੍ਰਭਾਵ ਪਿਆ।

ਜਸਵੰਤ ਸਿੰਘ 'ਜਸ' "ਸਤਿਗੁਰੂ ਜੀ ਦੇ ਪ੍ਰੇਮੀ ਤੇ ਸਿਦਕੀ ਗਾਊ ਗਰੀਬ ਤੇ ਦੇਸ਼ ਦੇ ਪਿਆਰ ਦੇ ਹਿਤ ਵਿਚ ਰਤਿਆਂ ਮਤਿਆਂ ਨੂੰ ਭੂਲੜ ਤੇ ਜੁਸ਼ੀਲੇ ਲਿਖ ਮੰਦਾ ਮੁਢ ਬੰਨ੍ਹ ਟੁਰਿਆ ਹੈ। ਜਿਸ ਕਾਰਨ ਇਸ ਪੁਸਤਕ ਦੇ ਅਗਲੇ ਪਤ੍ਰੇ ਪੜ੍ਹਨ ਦੀ ਥਾਂ ਪਾੜਨ ਨੂੰ ਜੀਅ ਕਰਦੇ। ਕਿਉਂਕਿ ਇਸ ਦੇ ਹਰ ਕਾਂਡ ਵਿਚ ਉਪਰ ਨਾਮ ਸਤਿਗੁਰੂ ਰਾਮ ਸਿੰਘ ਜੀ ਦਾ ਲਿਖ ਵਿਚ ਬਿਖ ਆਪਣੀ ਮਰਜੀ ਦੀ ਭਰੀ ਹੋਈ ਏ।.... ਹਰ ਹੌਲੇ ਇਸ ਪੁਤਸਕ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਸਚਾ ਪਾਤਸਾਹ ਹੋਣ ਦੀ ਪਦਵੀ ਵੱਲੋਂ ਤੇ ਸਿਫਤ ਵੱਲੋਂ (ਵਾਂਝਾ) ਰੱਖਣ ਦਾ ਜਤਨ ਕੀਤਾ ਹੈ ਤੇ ਗੁਰੂ ਸਿੱਖਾਂ ਸ਼ਹੀਦਾਂ ਦੇਸ਼ ਪਿਆਰ ਰੱਖਣ ਵਾਲਿਆਂ ਨੂੰ ਤੇ ਗੋਰੇ ਦੇ ਕਾਨੂੰਨ ਤੋੜਨ


Namdhari Elibrary NamdhariElibrary@gmail.com

ਵਾਲਿਆਂ ਨੂੰ ਸਹੀ ਸਿਫਤ ਵਲੋਂ (ਵਾਂਝੇ) ਵਿਖਾ ਈਰਖਾ ਵਰਤੀ ਹੋਏ ਏ..."[9]

ਸਤਿਗੁਰੂ ਜੀ ਦੇ ਦਿਲ ਵਿਚ ਸਚੇ ਇਤਿਹਾਸਕਾਰਾਂ ਲਈ ਬੜਾ ਉਚਾ ਥਾਂ ਸੀ। ਪਹਿਲਾਂ ਜ਼ਿਕਰ ਕੀਤਾ ਹੀ ਜਾ ਚੁਕਾ ਹੈ ਕਿ ਆਪ ਦਾ ਗਿਆਨੀ ਗਿਆਨ ਸਿੰਘ ਵੱਲ ਕਿੰਨਾਂ ਧਿਆਨ ਸੀ ? ਗਿਆਨੀ ਜੀ ਨਾਲ ਸਿੱਖ ਆਗੂਆਂ, ਵਿਸ਼ੇਸ਼ ਕਰ ਕੇ ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ, ਨੇ ਦਗਾ ਕਮਾਇਆ ਸੀ ਜਿਸ ਤੋਂ ਔਖੇ ਹੋ ਕੇ ਹੀ ਗਿਆਨੀ ਜੀ ਨੇ ਬਹੁਤ ਕੁਸੈਲੇ ਸ਼ਬਦਾਂ ਵਿਚ ਦਿਲੀ ਭੜਾਸ ਕੱਢੀ ਸੀ :

ਮਿਹਨਤ ਮੇਰੀ ਬਿਰਧ ਕੀ ਤੀਸ ਬਰਸ ਕੀ ਜੋਇ।
ਬੇਕਦਰੇ ਨਾ-ਸ਼ੁਕਰਿਆਂ ਬਿਰਥਾ ਰਾਖੀ ਸੋਇ।
ਸੇਵਾ ਜੋ ਮੈਂ ਪੰਥ ਕੀ ਕਰੀ ਲਾਭ ਕੇ ਹੇਤ।
ਗਰ ਪਰੇ ਮਤਸਰ ਭਰੇ, ਮਰੇ ਮਾਰ ਪਕ ਖੇਤ।
ਮਮ ਰਚਨਾ ਸੇ ਪੰਥ ਕੋ ਹੋਨਾ ਥਾ ਜੋ ਲਾਭ।
ਸੋ ਸੋਸਾਇਟੀ ਨਾ ਦਯੋ, ਪੰਥ ਰਹਿ ਗਯੋ ਅਲਾਭ।....[10]

ਗਿ. ਜੀ ਦੀ ਘਾਲਣਾ ਦੀ ਕਦਰ ਕਰਦਿਆਂ ਸਤਿਗੁਰੂ ਜੀ ਨੇ ਉਨ੍ਹਾਂ ਦਾ ਸਨਮਾਨ ਕਰਨਾ ਚਾਹਿਆ। "ਨਾਮਧਾਰੀ ਪੰਥ ਖਾਸ ਕਰ ਕੇ ਨਾਮਧਾਰੀ ਦਰਬਾਰ ਗਿਆਨੀ ਜੀ ਦੀਆਂ ਇਨ੍ਹਾਂ ਲਿਖਤਾਂ ਤੇ ਬਹੁਤ ਹੀ ਪ੍ਰਸੰਨ ਸੀ ਅਤੇ ਉਸ ਨੇ ਆਪਣੇ ਵਾਲੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ: ਅਨੁਸਾਰ ਫੈਸਲਾ ਕੀਤਾ ਕਿ-ਸ੍ਰੀ ਮਾਨ ਗਿਆਨ ਸਿੰਘ ਜੀ ਨੂੰ ਨਾਮਧਾਰੀ ਦਰਬਾਰ ਵੱਲੋਂ ਸਿਰੋਪਾ ਦਿਤਾ ਜਾਵੇ।[11]

"ਮੈਂ ਕਿਉਂਕਿ ਨਾਮਧਾਰੀ ਦਰਬਾਰ ਦਾ ਇਕ ਅਦਨਾ ਸੇਵਕ ਸਾਂ ਅਤੇ ਦਰਬਾਰ ਦਾ ਮੰਤਰੀ ਭਾਵ ਸਕੱਤਰ ਸਾਂ ਇਸ ਲਈ ਮੇਰੇ ਵਾਲੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਦਿਤਾ ਕਿ ਮੈਂ ਗਿਆਨੀ ਜੀ ਦੇ ਦਰਸ਼ਨ ਵੀ ਕਰਾਂ ਤੇ ਨਾਲ ਹੀ ਇਕ ਸੌ ਇਕ ਰੁਪੱਈਆ, ਇਕ ਰੇਸ਼ਮੀ ਦਸਤਾਰ, ਮਾਲਾ, ਗੜਵਾ, ਆਸਣ ਤੇ ਪਊਏ ਭੇਟ ਕਰ ਕੇ ਆਵਾਂ।.... ਇਸ ਲਈ ੫ ਸਾਵਣ ੧੯੭੮ ਮੁਤਾਬਕ ੨੦ ਜੁਲਾਈ ਸੰਨ ੧੯੨੧ ਈ. ਨੂੰ ਮੈਂ ਨਾਭੇ ਪੁਜ ਕੇ ਸ੍ਰੀ ਮਹਾਤਮਾ ਜੀ[12] ਨੂੰ ਨਾਲ ਲੈ ਕੇ ਕੌਮ ਦੇ ਮਹਾਂ ਵਿਦਵਾਨ, ਪੂਰਨ ਤਪੱਸਵੀ, ਨਿਰਲੋਭ, ਨਿਰਸੁਆਰਥ, ਪ੍ਰਸਿੱਧ ਸਾਹਿਤਕਾਰ ਤੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੇ ਚਰਨਾਂ ਵਿਚ ਸ਼ਰਧਾਂਜਲੀ ਅਰਪਨ ਕਰਨ ਲਈ ਹਾਜ਼ਰ ਹੋਇਆ।....[13]

ਜਦ ਮੈਂ ਦਸਤਾਰ ਅਗੇ ਰੱਖੀ ਤਦ ਝਟ ਪਟ ਸੀਸ ਤੇ ਸਜਾ ਲਈ ਅਤੇ ਫਿਰ ਅਖੀਆਂ ਵਿਚ ਜਲ ਭਰ ਕੇ ਇਕ ਡੂੰਘਾ ਹਉਕਾ ਭਰਿਆ। ਕੁਝ ਚਿਰ ਇਸ ਵਿਸਮਾਦੀ ਮਸਤੀ ਜਿਹੀ ਵਿਚ ਬਤੀਤ ਕਰ ਕੇ ਅੰਤ ਭਰੇ ਹੋਏ ਗਲੇ ਨਾਲ ਮੇਰੀ ਕੰਡ ਤੇ ਹਥ ਫੇਰਦਿਆਂ ਫਰਮਾਇਆ, "ਮਹਾਤਮਾ ਜੀ, ਤੁਹਾਡੇ ਤੇ ਤੁਹਾਡੇ ਨਾਲ ਆਏ ਇਸ ਨਾਮਧਾਰੀ ਦਰਬਾਰ ਦੇ ਪ੍ਰਤੀਨਿਧ ਦੇ ਬਹੁਤ ਹੀ ਸ਼ੁਕਰਗੁਜ਼ਾਰ ਤੇ ਧਨਵਾਦੀ ਹਾਂ। ਸਾਡੀ ਇਹ ਸਦੀਵੀ ਰੀਝ ਰਹੀ ਕਿ ਸਾਡੀਆਂ ਕੀਤੀਆਂ ਪੰਥਕ ਸੇਵਾਵਾਂ ਤੇ ਲਿਖਤਾਂ ਦੀ ਪੰਥ ਕਦਰ ਕਰੇ। ਪਰ ਕਦਰ ਤੇ ਕਿਸੇ ਕੀ ਕਰਨੀ ਸੀ.. ਪਰ ਅੱਜ ਮੈਂ ਕੁਝ, ਨਹੀਂ ਨਹੀਂ, ਬਹੁਤ ਹੱਦ ਤੀਕ ਪ੍ਰਸੰਨ ਹਾਂ ਕਿ ਮੇਰੀ ਇਕ ਰੀਝ ਪੂਰੀ ਹੋ ਗਈ। ਉਹ ਇਹ ਕਿ ਪੰਥ ਨੇ ਮੇਰੀ ਘਾਲ ਨੂੰ ਪਰਵਾਨ ਕਰ ਕੇ, ਮੈਨੂੰ ਉਹ ਮਾਣ ਦੇ ਕੇ ਨਿਵਾਜ ਦਿਤਾ ਹੈ, ਜਿਸ ਦੀ ਮੈਨੂੰ ਚਾਹਨਾ ਸੀ. .... ਮੈਂ ਕੂਕਿਆਂ ਨੂੰ ਸਿੱਖ ਪੰਥ ਦਾ ਇਕ ਨਰੋਇਆ ਅੰਗ ਹੀ ਨਹੀਂ ਸਮਝਦਾ ਸਗੋਂ ਮਰ ਚੁੱਕੀ ਪੰਥਕ ਜ਼ਿੰਦਗੀ ਵਿਚ ਨਵਜੀਵਨ ਸੰਚਾਰਿਤ ਕਰ ਕੇ ਪੁਨਰ ਜੀ ਦਾਨ ਦੇਣ ਵਾਲੀ ਇਕ ਮਹਾਨ ਭਾਵਨਾ ਦਾ ਪ੍ਰਵਰਤਕ ਸਮਝ ਕੇ ਆਦਰ ਕਰਦਾ ਹਾਂ।.."[14]

........ਚਲਦਾ

---

1. ਇੰਦਰ ਸਿੰਘ ਚਕ੍ਰਵਰਤੀ, ਨਾਮਧਾਰੀ ਇਤਿਹਾਸ, ਹਿਸਾ ਪਹਿਲਾ।
2. ਇੰਦਰ ਸਿੰਘ ਚਕ੍ਰਵਰਤੀ, ਸਤਿਜੁਗ, ੧੭ ਵੈਸਾਖ ੧੯੮੯
3. ਇਸ ਸ਼ੋਧ ਪਤਰ ਦਾ ਇਕ ਉਤਾਰਾ ਲੇਖਕ ਪਾਸ ਪਿਆ ਹੈ।
4. ਨਾਹਰ ਸਿੰਘ , ਗੁਰੂ ਰਾਮ ਸਿੰਘ ਐਂਡ ਕੂਕਾ ਸਿਖਸ, ਦਿਲੀ।
5. ਨਹਿਰ ਸਿੰਘ, ਨਾਮਧਾਰੀ ਇਤਿਹਾਸ, ਪੰਨਾ- 8
6. ਨਿਧਾਨ ਸਿੰਘ ਆਲਿਮ, ਭੂਮਿਕਾ, ਮਾਲਵੇਂਦਰ।
7. ਇੰਦਰ ਸਿੰਘ ਚਕ੍ਰਵਰਤੀ, ਕੂਕਿਆਂ ਬਾਰੇ, ਪੰਨਾ - 184
8. ਜਸਵੰਤ ਸਿੰਘ 'ਜਸ', ਬਾਬਾ ਰਾਮ ਸਿੰਘ।
9. ਤਰਨ ਸਿੰਘ ਵਹਿਮੀ, ਸਚਹੁ ਉਰੈ ਸਭੁ ਕੋ, ਜੀਵਨ ਨਗਰ।
10. ਗਿ. ਗਿਆਨ ਸਿੰਘ, ਰਿਪੁਦਮਨ ਪ੍ਰਕਾਸ਼।
11. ਇੰਦਰ ਸਿੰਘ 'ਚਕ੍ਰਵਰਤੀ', ਗਿ. ਗਿਆਨ ਸਿੰਘ ਦੀ ਵੰਸ਼ ਪ੍ਰੰਪਰਾ, ਗਿ. ਗਿਆਨ ਸਿੰਘ ਅਧਿਐਨ ਗ੍ਰੰਥ, ਜਲੰਧਰ।, 1960
12. ਸਤਿਗੁਰੂ ਰਾਮ ਸਿੰਘ ਵੱਲੋਂ ਸੂਬਾ ਥਾਪੀ ਗਈ ਮਾਈ ਹੁਕਮੀ ਵੱਲ ਸੰਕੇਤ ਜਾਪਦਾ ਹੈ।
13. ਇੰਦਰ ਸਿੰਘ ਚਕ੍ਰਵਰਤੀ, ਗਿ. ਗਿਆਨ ਦੀ ਵੰਸ਼ ਪ੍ਰੰਪਰਾ।
14. ਉਹੀ।

ਆਪ ਅੱਧੀ ਰਾਤ ਟੁੱਟਦੀ ਸਾਰ ਆਪਣੇ ਡੇਰੇ ਕਿਲੇ ਦੇ ਪਾਸੋਂ ਦਰਿਆ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਭਜਨ ਬੰਦਗੀ ਕਰਨ ਲਗ ਜਾਂਦੇ। ਦੇਖਣ ਵਾਲੇ ਦਸਿਆ ਕਰਦੇ ਸਨ ਕਿ ਬੰਦਗੀ ਕਰਨ ਸਮੇਂ ਬੈਠਿਆਂ ਆਪ ਜੀ ਦੇ ਸੀਸ ਦੇ ਇਰਦ ਗਿਰਦ ਅੱਗ ਜਾਂ ਚਾਨਣ ਦੇ ਚੱਕਰ ਘੁੰਮਦੇ ਦਿਖਾਈ ਦਿੱਤਾ ਕਰਦੇ ਸਨ।"

ਆਪ ਜੀ ਦੀ ਰੀਸ ਅਤੇ ਪ੍ਰੇਰਨਾ ਨਾਲ ਬਹੁਤ ਸਾਰੇ ਸਿੰਘਾਂ ਨੇ ਭਜਨ ਬੰਦਗੀ ਕਰਨੀ ਸ਼ੁਰੂ ਕੀਤੀ।

(ਸਤਿਗੁਰੂ ਰਾਮ ਸਿੰਘ ਬਾਰੇ ਟਿਪਣੀ)
ਨਾਮਧਾਰੀ ਇਤਿਹਾਸ ਸ. ਨਾਹਰ ਸਿੰਘ



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

Sister Concern :

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

## ਨਵੇਂ ਵਰ੍ਹੇ ਦੇ ਸੂਰਜਾ

—ਕਰਤਾਰ ਸਿੰਘ ਕਾਲੜਾ

ਨਵੇਂ ਵਰ੍ਹੇ ਦੇ ਸੂਰਜਾ ਸਭ ਨੂੰ ਦੇਵੀਂ ਸੁੱਖ,
ਧਰਤ ਰਹੇ ਹਰਿਆਵਲੀ ਖਿੜਿਆ ਰਹੇ ਮਨੁੱਖ।

ਨਵੇਂ ਵਰ੍ਹੇ ਦੇ ਸੂਰਜਾ ਬਖ਼ਸ਼ੀ ਇਕ ਅਸੀਸ,
ਚਾਨਣ ਵੰਡੀਏ ਜਗਤ ਵਿਚ ਕਰਕੇ ਤੇਰੀ ਰੀਸ।

ਨਵੇਂ ਵਰ੍ਹੇ ਦੇ ਸੂਰਜਾ ਵੰਡੀ ਸੁੱਚਾ ਨੂਰ,
ਵਿੱਦਿਆ ਦੇ ਪ੍ਰਤਾਪ ਸੰਗ ਹੋਣ ਹਨੇਰੇ ਦੂਰ।

ਨਵੇਂ ਵਰ੍ਹੇ ਦੇ ਸੂਰਜਾ ਚਾਨਣ ਐਸਾ ਵੰਡ,
ਵਹਿਮਾਂ ਦੀ ਮਨ-ਗੋਦੜੀ ਲਾਹ ਕੇ ਦੇਈਏ ਛੰਡ।

ਨਵੇਂ ਵਰ੍ਹੇ ਦੇ ਸੂਰਜਾ ਐਸੀ ਛੇੜ ਤਰੰਗ,
ਮਾਵਾਂ ਦੇ ਪੁੱਤ ਮਰਨ ਨਾ ਛਿੜੇ ਨਾ ਕਿਧਰੇ ਜੰਗ।

ਨਵੇਂ ਵਰ੍ਹੇ ਦੇ ਸੂਰਜਾ ਲਾਵੀਂ ਐਸੀ ਚਾਟ,
ਮਨ ਵਿਚ ਹਰ ਇਕ ਸ਼ਖ਼ਸ ਦੇ ਜਗੇ ਪ੍ਰੇਮ ਦੀ ਲਾਟ।

ਨਵੇਂ ਵਰ੍ਹੇ ਦੇ ਸੂਰਜਾ ਤੇਰਾ ਨੂਰੀ ਰੂਪ,
ਨਿਖਰੇ ਮੇਰੇ ਦੇਸ਼ ਦਾ ਮੁੜਕੇ ਸੋਨ-ਸਰੂਪ।

## ਰੁਬਾਈਆਂ

ਉੱਠੀਆਂ ਜਦੋਂ ਸੁਨਾਮੀ ਲਹਿਰਾਂ ਚੜ੍ਹ ਗਈਆਂ ਅਸਮਾਨੀਂ।
ਹਰ ਪਾਸੇ ਕੁਰਲਾਹਟ ਮੱਚੀ, ਹੋਈ ਵਿਆਪਕ ਹਾਨੀ।
ਰੁੜ੍ਹ ਪੁੜ੍ਹ ਗਈਆਂ ਵਸੋਂ ਬਸਤੀਆਂ, ਕੁਝ ਵੀ ਰਿਹਾ ਨਾ ਬਾਕੀ;
'ਨਵਰਾਹੀ' ਉਫ਼ ਕਹਿਰ ਕੁਦਰਤੀ, ਸਾਗਰ ਦੀ ਮਨ-ਮਾਨੀ।

ਡੇਢ ਲੱਖ ਤੋਂ ਵੱਧ ਵਿਅਕਤੀ ਮਰ ਗੇ ਮੌਤ ਅਜਾਈਂ।
ਬੰਦੇ ਦੀ ਕੋਈ ਪੇਸ਼ ਨਾ ਜਾਵੇ, ਕੀ ਆਖੇ ਡਾਢੇ ਤਾਈਂ।
ਸਾਗਰ ਹੇਠ ਭੂਚਾਲ ਆ ਗਿਆ, ਲਹਿਰਾਂ ਪਾਗ਼ਲ ਹੋਈਆਂ;
'ਨਵਰਾਹੀ' ਵਿਲਕਣ ਦੁਖਿਆਰੇ, ਮਾਸੂਮ ਮਾਰਦੇ ਧਾਹੀਂ।

ਲੱਖਾਂ ਲੋਕਾਂ ਨੂੰ ਦੁੱਖ ਦੇ ਕੇ , "ਤੈਂ ਕੀ ਦਰਦ ਨਾ ਆਇਆ ?"
ਯਾ ਰੱਬ, ਅੱਲੜ੍ਹ ਜਿੰਦਾਂ ਉੱਤੇ, ਕਿਉਂ ਤੂੰ ਕਹਿਰ ਕਮਾਇਆ ?
ਤੇਰੀਆਂ ਤੂੰ ਹੀ ਜਾਣੇ ਸਾਹਿਬ, ਅਸੀਂ ਨਿਤਾਣੇ ਲੋਕੀਂ;
'ਨਵਰਾਹੀ' ਕਈ ਮੁਲਕ ਉਜਾੜੇ, ਕੀਤਾ ਢੇਰ ਸਫਾਇਆ।

—ਨਵਰਾਹੀ ਘੁਗਿਆਣਵੀ

## .ਗ਼ਜ਼ਲ

—ਮਹਿਮਾ ਸਿੰਘ ਤੂਰ (ਜਵੱਦੀ ਵਾਲਾ)



ਸੀਨੇ ਦੇ ਵਿਚ ਵਜਦਾ ਰਬਤਾ ਦਾ ਸਾਜ਼ ਸੁਣੋ।
ਸੀਨੇ 'ਚੋਂ ਹੀ ਉਠਦੀ ਰੱਬੀ ਆਵਾਜ਼ ਸੁਣੋ।

ਬਾਹਰ ਹੀ ਨਾ ਭਾਲੋ, ਡਾਰੀ ਹਰ ਪੰਛੀ ਦੀ,
ਹਰ ਇਕ ਪੰਛੀ ਦੀ ਅੰਦਰਲੀ ਪਰਵਾਜ਼ ਸੁਣੋ।

ਅੰਦਰਲੇ ਪੰਖ ਸਦਾ ਮਮਤਾ ਹੀ ਲਾਉਂਦੀ ਹੈ,
ਮਮਤਾ ਦੇ ਕੋਲੋਂ ਹੀ ਮਮਤਾ ਦਾ ਰਾਜ਼ ਸੁਣੋ।

ਇਕ ਰੋਗ ਹੀ ਨਾ ਸਮਝੋ ਧੜਕਣ ਦੀ ਤੇਜ਼ੀ ਨੂੰ,
ਹਰ ਧੜਕਣ ਦੇ ਵਿਚੋਂ ਵਜਦਾ ਦਿਲਸਾਜ਼ ਸੁਣੋ।

ਸਾਹਾਂ ਵਿਚ ਤੇਜ਼ੀ ਵੀ ਆਉਂਦੀ ਹੈ ਪਿਆਰ ਸਮੇਂ,
ਸਾਹਾਂ ਦੀ ਸਰਗਮ ਨੂੰ ਬਣ ਕੇ ਹਮਰਾਜ਼ ਸੁਣੋ।

ਸ਼ਬਦਾਂ ਦੀ ਬਖਸ਼ੀ ਹੈ ਸੋਝੀ ਉਸ ਦਾਤੇ ਨੇ,
ਫਿਰ ਨੂਰੀ ਗ਼ਜ਼ਲਾਂ ਦਾ ਹੋਇਆ ਆਗਾਜ਼ ਸੁਣੋ।

'ਤੂਰ' ਤੇਰੇ ਬੋਲਾਂ 'ਚੋਂ ਰੱਬਤਾ ਦੀ ਸੁਰ ਟਪਕੇ,
ਗਾਉਂਦਾ ਮਲਹਾਰ ਸੁਣੋ, ਚਾਹੇ ਪੁਖਰਾਜ਼ ਸੁਣੋ॥

-ਹਲਵਾਰਾ (ਲੁਧਿਆਣਾ)

## ਸੋਹਣਾ ਪੰਜਾਬ

—ਨੀਲਮ ਸੰਜੀਵ

ਮੇਰੇ ਸੋਹਣੇ ਦੇਸ਼ ਪੰਜਾਬ ਦੀ, ਸੋਭਾ ਕਰੇ ਜਹਾਨ।
ਇਹਦੀ ਧਰਤੀ ਸੋਨਾ ਜੰਮਦੀ, ਇਹਦੀ ਮਿੱਟੀ ਬੜੀ ਮਹਾਨ।

ਇਹਦੀ ਸ਼ਾਨ ਅਨੋਖੀ ਵੇਖਕੇ, ਤਾਰੇ ਵੀ ਸ਼ਰਮਾਨ।
ਇਹਦੇ ਹਰ ਇਕ ਪੱਥਰ ਨਾਲ ਹੈ, ਬੈਠਾ ਖੁਦ ਭਗਵਾਨ।

ਜਿੱਥੇ ਰੱਬ ਦੀ ਰਹਿਮਤ ਵਸਦੀ, ਇਹਦੇ ਐਸੇ ਨੇ ਅਸਥਾਨ।
ਜੇ ਦਰਸ਼ਨ ਕਰੀਏ ਇਕ ਵਾਰ, ਮਿਲ ਜਾਂਦਾ ਭਗਵਾਨ।

ਇਹਦੀ ਹਿੱਕ ਦੇ ਉੱਤੇ ਖੇਡਦੇ, ਸਿੱਖ ਹਿੰਦੂ ਮੁਸਲਮਾਨ।
ਏਥੇ ਆਸ਼ਕ ਸੱਚੇ ਇਸ਼ਕ ਦੇ, ਲਾ ਕੇ ਤੋੜ ਨਿਭਾਣ।

ਇਹਦੇ ਐਸੇ ਸ਼ਬਦ ਰਸੀਲੜੇ, ਠੰਢ ਕਲੇਜੇ ਪਾਣ।
ਇਹਦੀ ਉੱਚੀ ਸੁੱਚੀ ਸਭਿਅਤਾ, ਕੀ 'ਨੀਲਮ' ਕਰੇ ਬਿਆਨ।



Namdhari Elibrary NamdhariElibrary@gmail.com

# 'ਆਖ਼ਰ ਆਣ ਸਮਾਵਣਗੇ'

—ਦਲਬੀਰ ਸਿੰਘ 'ਤਰਸ' ਅਸਟ੍ਰੇਲੀਆ

ਇਸ ਦਰ ਉੱਤੇ ਝੁਕੀ ਰਹੁ ਅੜੀਏ, ਪ੍ਰਭ ਜੀ ਆਪ ਉਠਾਵਣਗੇ।
ਧੋ ਧੋ ਸ਼ਬਦੀ ਘਰ ਲਿਸ਼ਕਾ ਲੈ, ਸਾਜਨ ਫੇਰੀਅ ਪਾਵਣਗੇ।

ਇੱਕ ਤੇਰੇ ਵਿੱਚ ਅਹੰ ਦਾ ਪਰਦਾ, ਕਰ ਦੇਵੇਂ ਜੇ ਲੀਰੋ ਲੀਰ।
ਇਸ ਪਿੱਛੋਂ ਤੇਰੇ ਨਜ਼ਰੀਂ ਪੈਣੀ, ਸਾਜਨ ਵੱਲ ਜੋ ਜਾਏ ਲਕੀਰ।
ਇਸ ਦੀ ਨੋਕੇ ਮਹਿਲ ਮਾਹੀ ਦਾ, ਮਾਰਗ ਆਪ ਬਤਾਵਣਗੇ।

ਤੀਰਥ ਤੱਪ ਇਹ ਜੱਗ ਇਸ਼ਨਾਨਾ, ਭਰਮਣ ਫਾਬੀ ਫਿਰੇ ਲੁਕਾਈ।
ਨਾ ਕੋਈ ਸੇਧ ਸ਼ੱਜਨ ਵੱਲ ਜਾਏ, ਨਾ ਮਲ ਲਾਥੇ ਸੁੱਚ ਨਾ ਪਾਈ।
ਸੁਣਦੀ ਰਹੁ ਧਰ ਨੀਝ ਟਿਕਾ ਕੇ, ਕੋਈ ਗੀਤ ਸੱਜਨ ਜੀ ਗਾਵਣਗੇ।

ਸਦਕੇ ਜਾਈਏ ਓਸ ਚੀਤ ਤੋਂ, ਸਦਾ ਜੋ ਸਾਜਨ ਪਾਸ ਰਹੇ।
ਉਸ ਦੀ ਸੰਗਤ ਦੇ ਸੰਗ ਧੋਤੀ, ਨਵੀਂ ਨਰੋਈ ਆਸ ਰਹੇ।
ਅੱਤ ਭੀੜੇ ਰਾਹ ਮਸੀਂ ਜੋ ਦਿਸਦੇ, ਮਹਿਲਾਂ ਤੀਕ ਪੁਜ਼ਾਵਣਗੇ।

ਇਹ ਤੇ ਤੇਰੀ ਪ੍ਰੀਤ ਦਾ ਸਦਕਾ, ਕਿੰਨੀ ਕੁ ਲੰਮੀ ਕਰੇ ਉਡਾਣ।
ਕਿੰਨੀਆਂ ਵਿੱਚ ਡੂੰਘਾਣਾਂ ਜਾ ਕੇ, ਰੇਤੋਂ ਮੋਤੀ ਲਏ ਪਛਾਣ।
ਇਹ ਖਿਨਾਂ ਪਲਾਂ ਦੀ ਦਿਸਦੀ ਦੂਰੀ , ਆਪੇ ਆਪ ਮਟਾਵਣਗੇ।

ਮਿਟ ਜਾਈਏ ਤੇ ਸਹੁ ਜੀ ਪਾਈਏ, ਕੋਂ ਚਤਰਾਈ ਚੱਲੇ ਨਾ।
ਬਿਨਾਂ ਏਸ ਰੁਖ਼ ਸਾਜਨ ਘਰ ਦਾ, ਦੂਸਰ ਕੋਈ ਮੱਲੇ ਨਾ।
ਜੇ ਉਸ ਚਾਹਿਆ ਦਿਹਰੀ ਦੇ ਕੇ ਆਪਣੇ ਸੰਗ ਮਿਲਾਵਣਗੇ।

ਸੱਚ ਲਈ ਜੇ ਸੂਲ਼ੀ ਮਿਲਦੀ, ਧੰਨ ਭਾਗ ਕਰ ਜਾਣੋਂ।
ਅੰਤ ਹੋਏ ਘਰ ਸਾਜਨ ਵਾਸਾ, ਯਾਰੀ ਦਾ ਮੁੱਲ ਮਾਣੋਂ।
ਜਾਣੇ ਵਾਲੇ ਆਖ ਚਲੇ ਗਏ, ਔਂਦੇ ਇਹੁ ਸਮਝਾਵਣਗੇ।

ਸਤਿਗੁਰ ਪ੍ਰੀਤਮ ਭੇਦ ਨਾ ਕੋਈ, ਦੋਵਾਂ ਦੀ ਪਹਿਚਾਣ ਭੀ ਏਕ।
ਇੱਕਾ ਫੁੱਲ ਜੇ ਦੋ ਖ਼ੁਸ਼ਬੋਈ, ਦੋ ਦੋਵਾਂ ਦੀ ਇੱਕੋ ਟੇਕ।
ਸਤਿਗੁਰੂ ਸ਼ਬਦ ਹੀ ਰਸਨਾ ਪ੍ਰੀਤਮ, ਆਪੇ ਆਪ ਜਪਾਵਣਗੇ।

ਜੇ ਪ੍ਰਭ ਭਾਵੇ ਗੁਰੂ ਮਿਲਾਵੇ, ਜੋਂ ਕਿਰਪਾਰੀ ਹੋਈਓਂ ਤੂੰ।
ਸਤਿਗੁਰੂ ਬਚਨ ਹੀ ਅੰਗ ਸਮਾਵੇ, ਪ੍ਰੀਤਮ ਅੱਤ ਪਿਆਰੀ ਨੂੰ।
ਭਗਤਾਂ ਵਿੱਚ ਭਗਵਾਨ ਵਸੇਂਦੇ, ਆਖ਼ਰ ਆਣ ਸਮਾਵਣਗੇ।



Namdhari Elibrary NamdhariElibrary@gmail.com

# ਗੀਤ

*ਦਲਵੀਰ ਸਿਘ 'ਤਰਸ'*

ਜਿੰਦੇ ਨੀ ਸਾਨੂੰ ਗਾਈ ਜਾਣ ਦੇ
ਨਿਕੀ ਉਮਰਾ ਦੇ ਲੰਮੇ ਲੰਮੇ ਗੀਤ
ਬਿਰਹਾ ਦੀ ਪੀੜ ਬੋਲਦੀ
ਫੇਰਾ ਪੌਣਗੇ ਵਤਨ ਮੇਰੇ ਮੀਤ॥

ਸਖੀ ਨੀ ਮੈਨੂੰ ਛੋਡ ਕੱਲੜੀ
ਲਾਵਾਂ ਵਸਲਾਂ 'ਚ ਲੰਮੀਆਂ ਤਾਰੀਆਂ
ਨਵ ਨਵ ਕੂਲ ਪੱਤੀਆਂ
ਧੋ ਕੇ ਲਹਿਰਾਂ ਦੇ ਝੁੰਡ ਨੇ ਨਿਖਾਰੀਆਂ
ਅਨੰਦ ਤੋਂ ਮਜੀਠ ਮੰਗ ਕੇ
ਅਸੀਂ ਕਾਇਆਂ ਦੀਆਂ ਰੰਗਤਾਂ ਸਵਾਰੀਆਂ
ਟੁੱਭੀਆਂ ਲਾ ਰਸ ਸਾਗਰਾਂ
ਸਾਨੂੰ ਹੋਣ ਦੇ ਵੇ ਪੁਨਰ ਪੁਨੀਤ
ਬਿਰਹਾ ਦੀ ਪੀੜ ਬੋਲਦੀ
ਫੇਰਾ ਪੌਣਗੇ ਵਤਨ ਮੇਰੇ ਮੀਤ॥

ਉਡ ਜਾ ਵੇ ਰਾ ਤੋਤਿਆ
ਸਾਨੂੰ ਗੌਣ ਦੇ ਉਡੀਕਾਂ ਵਾਲੀ ਬੋਲੀ
ਸਧਰਾਂ ਕਿਰ ਜਾਣੀਆਂ
ਚੱਲੀ ਪਾਟ ਵੇ ਸਬਰ ਦੀ ਝੋਲੀ
ਜਿੰਦੜੀ ਦੀ ਲਾਲ ਰਤੜੀ
ਅਸੀਂ ਬਿਰਹੋਂ ਦੇ ਬਾਣਾਂ ਅੱਗੇ ਡੋਹਲੀ
ਸੁੱਕਿਆਂ ਭੀ ਫਲ ਲਗਦੇ
ਜਿਨ੍ਹਾਂ ਕੰਤ ਵਸਾਏ ਚੀਤ
ਬਿਰਹਾ ਦੀ ਪੀੜ ਬੋਲਦੀ
ਫੇਰਾ ਪੌਣਗੇ ਵਤਨ ਮੇਰੇ ਮੀਤ॥

ਧਰਤੀਏ ਮਧ ਰੰਗੀਏ
ਤੇਰੇ ਵੇਗ ਨੀ ਬੜੇ ਅਣਥਾਹੇ
ਯਾਦਾਂ ਆਂਵਦੀਆਂ
ਕਿਥੋਂ ਤੁਰਨ ਇਹਨਾਂ ਦੇ ਰਾਹੇ
ਕਦੋਂ ਕੁ ਹੁੰਦੇ ਮੁੱਢ ਮੋਲਦੇ
ਕੋਹੜੀਆਂ ਰੁਤਾਂ ਦੇ ਮਾਹੇ
ਠੰਢਾ ਠੰਢਾ ਤਤੜੀ ਨੂੰ
ਹੋ ਰਹਿਆ ਕੁਝ ਪਰਤੀਤ
ਬਿਰਹੋਂ ਦੀ ਪੀੜ ਬੋਲਦੀ
ਫੇਰਾ ਪਾਉਣਗੇ ਵਤਨ ਮੇਰੇ ਮੀਤ॥

ਪੀਲੇ ਪੀਲੇ ਫੁੱਲਾਂ ਵਾਲੀਏ
ਕੌਣ ਲੈ ਗਿਆ ਚੁਰਾ ਕੇ ਤੇਰੀ ਲਾਲੀ
ਰੰਗਤਾਂ ਰਾਤੜੀਆਂ
ਡਾਲ ਝੂਮਦੀ ਫਲਾਂ ਤੋਂ ਖ਼ਾਲੀ ਖ਼ਾਲੀ
ਵੇਦਨ ਵੈਣ ਤੇਰੇ
ਤੇਰਾ ਸਖਣਾ ਮੋਖ ਸੁਆਲੀ
ਚੁਪ ਹੀ ਸੁਗੰਧ ਵੰਡਦੇ
ਜਿਹਨਾਂ ਜੋੜ ਲਏ ਨਿਹੁੰ ਤੇ ਨੀਤ
ਬਿਰਹੋਂ ਦੀ ਪੀੜ ਬੋਲਦੀ
ਫੇਰਾ ਪਾਉਣਗੇ ਵਤਨ ਮੇਰੇ ਮੀਤ॥

ਜਿੰਦੇ ਨੀ ਸਾਨੂੰ ਗਾਈ ਜਾਣ ਦੇ
ਨਿਕੀ ਉਮਰਾ ਦੇ ਲੰਮੇ ਲੰਮੇ ਗੀਤ
ਬਿਰਹੋਂ ਦੀ ਪੀੜ ਬੋਲਦੀ
ਫੇਰਾ ਪਾਉਣਗੇ ਵਤਨ ਮੇਰੇ ਮੀਤ॥

# ਪ੍ਰੀਤਮ ਯਾਦ

ਭਖਦੀ ਛੱਡ ਗਿਓਂ ਇੱਕ ਚੰਗਾੜੀ,
ਗਾਂਧੀ ਜੀ ਕੁੱਝ ਫੂਕਾਂ ਲਾਈਆਂ,
ਮੱਚਦੀ ਮੱਚਦੀ ਬਣ ਗਈ ਭਾਂਬੜ,
ਸੇਕੀ ਗਈ ਸਰਕਾਰ ਵੇ।

ਮਲੇਰ ਕੋਟਲਾ ਧਰਤੀ ਵਿਚੋਂ
ਵਤਨ ਸ਼ਹੀਦੀ ਵੀਰਾਂ ਵਿਚੋਂ
ਖ਼ੂਨ ਡੁੱਲ੍ਹੇ ਦੀਆਂ ਬੂੰਦਾਂ ਵਿਚੋਂ
ਗੂੰਜ ਪਈ ਫੂੰਕਾਰ ਵੇ।

ਆਸ ਤੇਰੀ ਨੇ ਪੂਰਨ ਛੁਹੀ
ਮਾਤ ਆਜ਼ਾਦੀ ਮਸਤਕ ਚੁੰਮਿਆਂ
ਚੌਹੀ ਕੂੰਟੀ ਚਾਨਣ ਵੱਗਿਆ
ਰੂਹੀ ਪਿਆ ਨਿਖ਼ਾਰ ਵੇ।

ਪੂਰਨ ਚੰਦਨ ਤਾਰੀਂ ਘਿਰਿਆ
ਤੱਕ ਤੱਕ ਧਰਤੀ ਖੀਵੀ ਹੋਵੇ
ਲੈ ਫਰਿਆਦਾਂ ਸੀ ਜੋ ਰੋਂਦੀ
ਤੇਰੇ ਆ ਦਰਬਾਰ ਵੇ।

'ਰਾਮਸਰ' ਦਿਆਂ ਕੰਢਿਆਂ ਉੱਤੇ
ਯਾਦ ਤੇਰੀ ਵਿਚ ਝਰ ਝਰ ਪੈਂਦੀ
ਨਾਮ ਨਸ਼ੇ ਦੀਆਂ ਲੋਰਾਂ ਲੱਦੀ
ਮਧਰਾਂ ਭਰੀ ਫੁਹਾਰ ਵੇ।

ਇਸ਼ਕ ਰਤੜੇ ਬਣੇ ਦੀਵਾਨੇ
ਪਿਆਸ ਮਿਲਣ ਦੀ ਬਣ ਬਣ ਤੜਪੇ
ਹਿਜਰ ਤੇਰੇ ਦੀਆਂ ਘੜੀਆਂ ਵਿਚੋਂ
ਛੈਣਿਆਂ ਦੀ ਛਣਕਾਰ ਵੇ।

ਕਿਉਂ ਜਾ ਕੇ ਪਰਦੇਸੀ ਲਾਈਆਂ ?
ਅਸੀਂ ਤੱਕਣ ਲਈ ਅਡੀਆਂ ਚਾਈਆਂ
ਰਾਹਾਂ ਦੇ ਵਿਚ ਮਹਿਕ ਵਿਛਾਈ
'ਪਰਤਾਪ' ਖਿੜੀ ਗੁਲਜ਼ਾਰ ਵੇ।

ਇਕ ਝਾਤੀ ਤੇ ਮਾਰ ਪ੍ਰੀਤਮ!
ਇਕੋ ਝਾਤੀ ਮਾਰ ਵੇ।

*ਸਿਡਨੀ (ਅਸਟ੍ਰੇਲੀਆ)*



Namdhari Elibrary NamdhariElibrary@gmail.com

## ਸਜਦਾ

*—ਜੁਗਿੰਦਰ ਸਿੰਘ ਮੁਕਤਾ*

ਮੇਰਾ ਸਜਦਾ ਮਿੱਤਰ ਪਿਆਰੇ ਨੂੰ
ਉਹਦੀ ਨਜ਼ਰ ਦੇ ਪਾਕ ਇਸ਼ਾਰੇ ਨੂੰ
ਅਨੰਦਪੁਰ ਦੀ ਪਾਵਨ ਧਰਤੀ ਨੂੰ
ਹਰਿਮੰਦਰ ਗੁਰੂ ਦਵਾਰੇ ਨੂੰ

ਕਣ ਕਣ ਵਿਚ ਨੂਰੀ ਝਲਕ ਜਿਹਦੀ
ਉਹ ਰਾਹ ਰੁਸ਼ਨਉਂਦੀ ਲਾਟ ਜਿਹਾ
ਪਲ ਵਿਚ ਧਰਤੀ ਸਰਸ਼ਾਰ ਕਰੇ
ਉਹ ਪਹੁ ਫੁੱਟਦੀ ਪ੍ਰਭਾਤ ਜਿਹਾ
ਜਿਸ ਰੰਗਨ ਬਖਸ਼ੀ ਕਲੀਆਂ ਨੂੰ
ਉਸ ਸ੍ਰਿਸ਼ਟੀ ਸਾਜਨ ਹਾਰੇ ਨੂੰ
ਮੇਰਾ ਸਜਦਾ ਮਿੱਤਰ ਪਿਆਰੇ ਨੂੰ ............

ਨਾ ਕਾਅਬੇ ਮੱਕੇ ਮੰਦਰ ਵਿਚ
ਉਹ ਰੀਝਦਾ ਨਹੀਂ ਮਹੱਲਾਂ ਤੇ
ਉਹ ਉਚੀਆਂ ਬਾਂਗਾਂ ਸੁਣਦਾ ਨਹੀਂ
ਨਾ ਰੀਝਦਾ ਸੰਖਾਂ ਟੱਲਾਂ ਤੇ
ਜੋ ਖੁਸ਼ ਹੋ ਕੇ ਅਪਣਾ ਲੈਂਦਾ
ਲਾਲੋ ਦੇ ਢੱਠੇ ਢਾਰੇ ਨੂੰ
ਮੇਰਾ ਸਜਦਾ ਮਿਤਰ ਪਿਆਰੇ ਨੂੰ ...........

ਜੋ ਸੀਸ ਵਾਰ ਕੇ ਹਿੰਦ ਬਦਲੇ ਸੀ
ਮਾਨਵਤਾ ਸਤਿਕਾਰ ਗਿਆ
ਜੋ ਕਿਸੇ ਦੇ ਬਦਲੇ ਮਾਤ ਪਿਤਾ
ਤੇ ਪੁੱਤਰ ਚਾਰੇ ਵਾਰ ਗਿਆ
ਕੇਸ ਗੜ੍ਹੋਂ ਲਲਕਾਰ ਜਿਹਦੀ
ਕਰ ਗਈ ਬਲਵਾਨ ਨਿਕਾਰੇ ਨੂੰ
ਮੇਰਾ ਸਜਦਾ ਮਿਤਰ ਪਿਆਰੇ ਨੂੰ...........

ਜੋ ਸਾਥੀ ਨਹੀਂ ਦਰਯੋਧਨ ਦਾ
ਤੇ ਸਾਗ ਅਲੂਣਾ ਖਾ ਲੈਂਦਾ
ਜੋ ਨੂਰ ਇਲਾਹੀ ਛੱਡ ਸੇਜਾਂ
ਸੱਥਰ ਤੇ ਸੇਜ ਵਿਛਾ ਲੈਂਦਾ
ਉਹਨੂੰ ਸੱਥਰ ਚੰਗਾ ਯਾਰੜੇ ਦਾ,
ਦੁਖੀਆਂ ਦੇ ਸੰਗ ਸਹਾਰੇ ਨੂੰ
ਮੇਰਾ ਸਜਦਾ ਮਿਤਰ ਪਿਆਰੇ ਨੂੰ..........

ਪ੍ਰਨਾਮ ਸ਼ਹੀਦਾਂ ਸਾਦਕਾਂ ਨੂੰ
ਉਸ ਆਜ਼ਾਦੀ ਦੇ ਬਾਨੀ ਨੂੰ
ਉਸ ਜੁਗ ਪੁਲਟਾਊ ਸਤਿਗੁਰ ਨੂੰ
ਉਸ ਦੇਸ਼ ਭਗਤ ਲਾਸਾਨੀ ਨੂੰ
ਉਸ ਪੂਰਨਮਾਸ਼ੀ ਦੇ ਚੰਨ ਨੂੰ
'ਮੁਕਤਾ' ਉਸ ਕੁਤਬ ਸਿਤਾਰੇ ਨੂੰ
ਮੇਰਾ ਸਜਦਾ ਮਿਤਰ ਪਿਆਰੇ ਨੂੰ

*—ਪਿੰਡ ਸੰਤ ਨਗਰ (ਸਰਸਾ ਹਰਿਆਣਾ)*

## ਗੀਤ

*—ਪੂਰਨ ਸਿੰਘ ਨਿਰਾਲਾ*

ਗੁਰੂ ਜਗਜੀਤ ਦੀਆਂ ਰਹਿਮਤਾਂ ਬਥੇਰੀਆਂ
ਮੁੜਮੁੜ ਜਨਮਾਂ ਚੋਂ ਮੁਕ ਜਾਣ ਫੇਰੀਆਂ
ਪੀਆ ਉਪਕਾਰਾਂ ਦੀ ਮੈਂ ਕਿਸ ਤਰ੍ਹਾਂ ਮਿਸਾਲ ਦੇਵਾਂ,
ਜੋੜ ਦੇਵੇ ਝਟ ਪਟ ਕਿਸਮਤਾਂ ਤਰੇੜੀਆਂ

ਗੁਰਾਂ ਦਾ ਦਿਦਾਰ ਲਗੇ ਸਭ ਨੂੰ ਪਿਆਰਾ ਏ,
ਜੋ ਵੀ ਦਰ ਆਵੇ ਉਹਨੂੰ ਮਿਲਦਾ ਸਹਾਰਾ ਏ
ਦਿਲ ਦਰਿਆ ਪੀਆ ਜਾਣਦਾ ਜਹਾਨ ਸਾਰਾ
ਲੱਖਾਂ ਹੀ ਸੁਦਾਮਿਆਂ ਤੇ ਕਿਰਪਾ ਘਨੇਰੀਆਂ

ਮਾਯੂਸ ਚੇਹਰਿਆਂ ਤੇ ਖੁਸ਼ੀਆਂ ਏ ਵੰਡਦਾ
ਨਾਮ ਤੋਂ ਵਿਹੂਣਾ ਨਾਹੀਂ ਕੋਣਾ ਬ੍ਰਹਿਮੰਡ ਦਾ
ਜਨ ਜਨ ਤਾਈਂ ਲੋਕੋ ਨਾਮ ਦਾ ਸੰਦੇਸ਼ ਦੇਵੇ
ਸਾਗਰਾਂ ਤੋਂ ਪਾਰ ਜਾ ਸੁਗੰਧੀਆਂ ਬਖੇਰੀਆਂ

ਚਕਵੀ ਨੂੰ ਸੂਰਜ ਤੋਂ ਜਿਸ ਤਰਾਂ ਦੀ ਆਸ ਏ।
ਚਾਤ੍ਰਿਕ ਤਾਈਂ ਜਿਵੇਂ ਬੂੰਦ ਦੀ ਪਿਆਸ ਏ
ਬਚਨਾਂ ਦੇ ਨਾਲ ਦੇਵੇ ਸਭ ਨੂੰ ਅਸ਼ੀਰਵਾਦ,
ਚਾਨਣ ਮੁਨਾਰਾ ਦਿਸੇ ਰਾਤਾਂ ਜੋ ਹਨੇਰੀਆਂ

ਅਰਸ਼ਾਂ ਤੇ ਫਰਸ਼ਾਂ ਦਾ ਕਾਗਜ਼ ਬਣਾ ਲਈਏ
ਦੁਨੀਆਂ ਦੇ ਵਣ ਸਾਰੇ ਕਲਮਾਂ ਘੜਾ ਲਈਏ।
ਸੱਤਾਂ ਸਾਗਰਾਂ ਦੀ ਪੂਰਨ ਬਣ ਜਾਏ ਸਿਆਹੀ ਭਾਵੇਂ,
ਲਿਖਿਆ ਨ ਜੱਸ ਜਾਵੇ ਕਰਿਆਂ ਦਲੇਰੀਆਂ

*—ਐਲਨਾਬਾਦ ਸਰਸਾ*
*ਹਰਿਆਣਾ*

## ਨਾਮਧਾਰੀ ਪੰਥ ਦੀ ਕ੍ਰਿਆ

ਨਵੇਂ ਗੁਰਾਂ ਸਾਜੇ ਜਿਹੜੇ ਨਾਮਧਾਰੀ
ਵਡੇ ਤੜਕਿਉਂ ਉਠ ਇਸ਼ਨਾਨ ਕਰਦੇ
ਸੁੱਚ ਸੋਧ ਰੱਖਦੇ ਖਦਰਪੋਸ਼ ਸਾਰੇ
ਸੁਆਸ ਸੁਆਸ ਹੀ ਭਜਨ ਭਗਵਾਨ ਕਰਦੇ
ਅਸਲੀ ਦੇਵਤੇ ਰਿਖੀ ਨੇ ਨਾਮਧਾਰੀ
ਹਰਦਮ ਪੁਰਖ ਅਕਾਲ ਦਾ ਧਿਆਨ ਕਰਦੇ
ਨਾਮ ਜਪਨ ਦਾ ਸਦਾ ਹਰਨਾਮ ਸਿੰਘਾ,
ਸਤਿਗੁਰ ਵਿਚ ਉਪਦੇਸ਼ ਜਹਾਨ ਕਰਦੇ

*—ਹਰਨਾਮ ਸਿੰਘ ਬਗਲੀ*



Namdhari Elibrary NamdhariElibrary@gmail.com

# ਅੱਜ ਕੱਲ੍ਹ ਦਾ ਬੰਦਾ

—ਪ੍ਰੋ. ਕੁਲਵੰਤ ਸਿੰਘ

ਤੜਪਦਾ ਹੈ, ਭਟਕਦਾ ਹੈ, ਉਬਲਦਾ ਹੈ ਅੱਜ ਕੱਲ੍ਹ ਦਾ ਬੰਦਾ।
ਪੈਸੇ ਦੇ ਮੇਲੇ ਵਿੱਚ ਗੁੰਮ-ਗੁਆਚ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਰੋਂਦਾ ਵੀ ਹੈ, ਘਬਰਾਉਂਦਾ ਵੀ ਹੈ ਅਤੇ ਪਛਤਾਉਂਦਾ ਵੀ ਹੈ
ਫ਼ਿਕਰਾਂ ਦੇ ਡੂੰਘੇ ਖੂਹ ਵਿਚ ਉਤਰ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਤਰਸਦਾ ਹੈ ਹੱਕਾਂ ਲਈ, ਕਰਲਾਉਂਦਾ ਹੈ ਨਿਆਂ ਲਈ, ਸੁਲਘਦਾ ਹੈ ਚੈਨ ਲਈ
ਰਣ ਮੇਂ ਜੂਝ ਮਰੂੰ ਤੋਂ ਭਟਕ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਵੱਡਾ ਬਣਨ ਨੂੰ ਚਿੱਤ ਕਰਦਾ ਹੈ, ਉੱਚਾ ਉੱਡਣ ਨੂੰ ਮਨ ਚਾਹੁੰਦਾ ਹੈ
ਸ਼ੋਹਰਤਾਂ ਦੀ ਦਲਦਲ ਵਿਚ ਖੁੱਭ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਮਲਕ ਭਾਗੋ ਬਣਨ ਦਾ ਸ਼ੌਕ ਹੈ, ਬਿਲਗੇਟਸ ਬਣਨ ਦੀ ਰੀਝ ਹੈ
ਭਾਈ ਲਾਲੋ ਨੂੰ ਭੁੱਲ ਭੁਲਾ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਖੋਹਣ ਲਈ, ਲੁੱਟਣ ਲਈ, ਹੜੱਪਣ ਲਈ ਸਾਰਾ ਤੇ ਸਭ ਕੁਝ
ਬੱਸ ਅਬਦਾਲੀ ਜਿਹਾ ਹੀ ਬਣ ਗਿਆ ਹੈ, ਅੱਜ ਕੱਲ੍ਹ ਦਾ ਬੰਦਾ।

ਮੰਦਿਰ, ਮਸਜਿਦ, ਗੁਰਦੁਆਰਾ, ਬ੍ਰਾਹਮਣ, ਜੱਟ, ਪੰਜਾਬ ਤੇ ਕਸ਼ਮੀਰ
ਵਿਤਕਰਿਆਂ ਦੀ ਅੱਗ ਵਿਚ ਸੜ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਘਰ ਹੈ, ਗਖਾਰ ਹੈ, ਗਮਲੇ ਹਨ, ਬੀਵੀ ਹੈ, ਬੱਚੇ ਹਨ
ਨੇਮ ਪਲੇਟ ਹੀ ਲਿਸ਼ਕਾਈ ਜਾ ਰਿਹਾ ਹੈ ਅੱਜ ਕੱਲ੍ਹ ਦਾ ਬੰਦਾ।

ਸਾਦਗੀ, ਨਿਮਰਤਾ, ਮਿਠਾਸ, ਮੋਹ ਤਾਂਘ, ਬੇਪ੍ਰਵਾਹੀ ਤੇ ਬੇਖੁਦੀ
ਅਪਨਾ ਲਵੇ ਜੇ ਤਾਂ ਸਮਝੋ ਬਚ ਗਿਆ ਹੈ ਅੱਜ ਕੱਲ੍ਹ ਦਾ ਬੰਦਾ।

ਕੁਲਵੰਤ ਨੂੰ ਫ਼ਿਕਰ ਹੈ ਕਿਤੇ ਬਿਲਕੁਲ ਹੀ ਮਰ ਮਿਟ ਨਾ ਜਾਵੇ
ਇਹ ਜੋ ਕਤਰਾ ਕੁ ਬਚ ਗਿਆ ਹੈ ਅੱਜ ਕੱਲ੍ਹ ਦਾ ਬੰਦਾ।



Namdhari Elibrary NamdhariElibrary@gmail.com

## ਅਜੋਕੇ ਸਾਹਿਤਕ ਇਨਾਮ

*—ਬਲਬੀਰ ਸਿੰਘ 'ਕੰਵਲ' ਲੰਡਨ*

ਕੀ ਦੱਸੀਏ ਇਸ ਯੁੱਗ 'ਚ ਹੁੰਦਾ ਕਿਆ ਕਿਆ ਕਿਆ,
ਕਿਸਰਾਂ ਅੱਜ ਦਾ ਸਾਹਿਤ ਹੈ ਰਚਿਆ ਜਾ ਰਿਹਾ।

ਯੋਗਤਾ ਮੁੱਖ ਰੱਖ ਕੇ ਇਨਾਮ ਜੋ ਮਿਲਦੇ ਸਨ,
ਉਹ ਤਾਂ ਯਾਰਾ ਦੌਰ ਕਦੋਂ ਦਾ ਬੀਤ ਗਿਆ।

ਪਿੰਗਲ ਆਦਿ ਦੀ ਜੇ ਤੈਨੂੰ ਕੋਈ ਸਮਝ ਨਹੀਂ,
ਪਹਾੜਾ ਪੜ੍ਹ ਕੇ ਫਾਇਲਾਤਨ ਦਾ ਝੱਟ ਲੰਘਾ।

ਕੀ ਹੋਇਆ ਜੇ ਸਕਤਾ ਪੈਂਦਾ ਸ਼ਿਆਰਾਂ 'ਚ,
ਲਿਖ ਦੇਵਾਂਗੇ, ਵੇਗ ਹੈ ਜਿਸਰਾਂ ਇਕ ਦਰਿਆ।

ਹਜ਼ਾਰ ਕੁ ਪੌਂਡ ਜੇ ਕੱਢੇਂ ਹੋ ਜੂ ਪੀ ਐਚ.ਡੀ.,
ਐਵੇਂ ਪੜ੍ਹ ਪੜ੍ਹ ਮਰਨਾ ਲੈਣਾ ਕੀ ਅੜਿਆ ?

ਇਨਾਮ ਲੈਣਾ ਹੀ ਯਾਰਾ ਜੇ ਤੂੰ ਲੋੜਦਾ ਏਂ,
ਗੁੱਟ ਬੰਦੀ, ਕੋਈ ਧੜਾ ਬਣਾ ਕੇ ਲੇਖ ਲਿਖਾ।

ਪੁਰਸਕਾਰ ਕੋਈ ਤੈਨੂੰ ਏਦਾਂ ਮਿਲਣਾ ਨਹੀਂ,
ਪੱਕੀ ਪੀਢੀ ਬੁਣਤੀ ਦੀ ਕੋਈ ਉਣ ਵਿਧਾ।

ਖੁਦਦਾਰੀ ਤਾਂ ਹੋਊ ਪੁੱਛਦਾ ਕੌਣ ਹੈ, ਪਰ,
ਛੱਡ ਗੈਰਤ ਦਾ ਪੱਲਾ, ਬਣ ਜਾ ਬੇਹਯਾ।

'ਗਿਫਟ' ਬਿਨਾ ਤਾਂ ਸੱਕੇ ਵੀ ਆਪਣੇ ਪੁੱਛਦੇ ਨਹੀਂ,
ਬੁੱਢ ਬੁਲੇਟ ਤੂੰ ਹੋਇਉਂ ਅਜੇ ਵੀ ਨਹੀਂ ਸਿੱਖਿਆ ?

ਵੇਖੀਂ, ਵੱਢੀ ਨਾ ਕਹਿ ਬੈਠੀਂ ਇਨ੍ਹਾਂ ਗਿਫਟਾਂ ਨੂੰ,
ਦਕਸ਼ਣਾ 'ਚ ਹੀ ਆਉਂਦੀ ਸਾਰੀ ਇਹ ਵਿਥਿਆ।

ਵਿਸਕੀ ਦੀ ਇਕ ਪੇਟੀ ਕੰਮ ਚਲਾ ਦਊਗੀ,
ਮੁਰਗ, ਪਕੌੜੇ ਮੱਛੀਆਂ ਦੀ ਵੀ ਲਿਸਟ ਬਣਾ।

ਇਕ ਚੋਟੰਗੇ ਨਾਲ ਹੀ ਕੋਈ ਨਾ ਸਰ ਜਾਊਗਾ,
ਮੇਥੀ ਦੀ ਭੁਰਜੀ ਵੀ ਵਿੱਚੇ ਲਈਂ ਮਿਲਾ।

ਗੱਲ ਮੇਰੀ ਜੇ ਤੈਨੂੰ ਚੰਗੀ ਲੱਗਦੀ ਨਹੀਂ,
ਆਪੇ ਸੋਚ ਕੇ ਕਰ ਲਈਂ ਆਪਣਾ ਕੋਈ ਬਿਲਾ।

ਸੁਣਦੇ ਸਾਂ ਕਿ ਇਕ 'ਕੰਵਲ' ਹੈ ਲੰਡਨ 'ਚ,
ਉਸਦੇ ਨਾਲ ਹੀ ਕੁਸ਼ਤੀ ਤੇ ਸੰਗੀਤ ਗਿਆ!

(ਵਲੈਤੀਏ ਇਕ ਅਖੌਤੀ ਮਹਾਂਵਿਦਵਾਨ ਨੂੰ
ਪੁਰਸਕਾਰ ਮਿਲਣ ਤੇ ਪ੍ਰਤੀਕਿਰਿਆ)

## ਗੀਤ

*—ਚਰਨ ਸੋਚੇਵਾਲਵੀ*

ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਘੁਮਾਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਲਈ ਹੱਸ ਸ਼ਹੀਦੀਆਂ ਪਾਈਆਂ।

ਭੈਣੀ ਦਾ ਗੁਰੂ ਰਾਮ ਸਿੰਘ ਜਿਸ ਸੰਗਲ ਜ਼ੁਲਮ ਦੇ ਤੋੜੇ।
ਧੰਨ ਭੈਣੀ ਦੇ ਕੂਕੇ ਜਿਨ੍ਹਾਂ ਨੇ ਤੋਪਾਂ ਦੇ ਮੂੰਹ ਮੋੜੇ।
ਧੰਨ ਗੁਰੂ ਦੇ ਸਿੰਘ ਜਿਨ੍ਹਾਂ ਨੇ ਗਊਆਂ ਖੋਲ, ਛੁਡਾਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਘੁਮਾਈਆਂ।

ਧੰਨ ਸੁੱਖਦੇਵ, ਰਾਜਗੁਰੂ ਜਿਨ੍ਹਾਂ ਦੇ ਮੁੱਖ ਨਾ ਛਾਈ ਉਦਾਸੀ।
ਧੰਨ ਭਗਤ ਸਿੰਘ ਅਤੇ ਸਰਾਭਾ ਹੱਸ ਚੜ੍ਹੇ ਜੋ ਫਾਂਸੀ।
ਧੰਨ ਪੰਜਾਬ ਦੇ ਸ਼ੇਰ ਜਿਨ੍ਹਾਂ ਨੇ ਮੇਮਾਂ ਲੰਡਨ ਭਜਾਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਘੁਮਾਈਆਂ।

ਧੰਨ ਪੰਜਾਬ ਦਾ ਊਧਮ ਸਿੰਘ ਜਿਸ ਅਡਵਾਇਰ ਮਾਰ ਮੁਕਾਇਆ।
ਕਹਿੰਦਾ ਬੇਸ਼ਕ ਫੜ ਲਓ ਮੈਨੂੰ ਮੈਂ ਤਾਂ ਆਪਣਾ ਰੋਲ ਨਿਭਾਇਆ।
ਇਸ ਬਾਰੇ ਅਖਬਾਰ 'ਚ ਖਬਰਾਂ ਤੱਤੀਆਂ ਤੱਤੀਆਂ ਆਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਘੁਮਾਈਆਂ।

ਧੰਨ ਆਜ਼ਾਦੀ ਦੇ ਪਰਵਾਨੇ ਕਰਦੇ ਮੌਤ ਨਾਲ ਜੋ ਖੇਲਾਂ।
ਗਾਂਧੀ ਤੇ ਨਹਿਰੂ ਵੀ ਵੇਖੋ ਡੱਕ ਦਿੱਤੇ ਵਿਚ ਜੇਲ੍ਹਾਂ।
ਧੰਨ ਸੁਭਾਸ਼ ਚੰਦਰ ਜਿਸ ਫੌਜਾਂ 'ਆਜ਼ਾਦ-ਹਿੰਦ' ਬਣਾਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਘੁਮਾਈਆਂ।

ਉਹ ਵੀ ਘੱਟ ਨਹੀਂ ਲੱਗਦੇ ਜਿਨ੍ਹਾਂ ਪ੍ਰਵਾਹ ਨਾ ਕੀਤੀ ਅੱਗ ਦੀ।
ਉਹ ਵੀ ਘੱਟ ਨਹੀਂ ਲੱਗਦੇ ਜਿਨ੍ਹਾਂ ਨੇ ਜੰਗ ਰੱਖੀ ਇਹ ਮੱਘਦੀ।
ਉਹ ਵੀ ਘੱਟ ਨਹੀਂ ਲੱਗਦੇ ਜਿਨ੍ਹਾਂ ਦੀਆਂ ਵਾਰਾਂ 'ਚਰਨ' ਬਣਾਈਆਂ।
ਭੁੱਲ ਨਾ ਜਾਣਾ ਜਿਨ੍ਹਾਂ ਦੇਸ਼ ਤੋਂ ਜਿੰਦੜੀਆਂ ਘੋਲ ਮੁਕਾਈਆਂ।

*428, ਗੁਰੂ ਨਾਨਕ ਪੁਰਾ (ਵੈਸਟ)*
*ਡਾਕਖਾਨਾ ਚੌਗਿੱਟੀ (ਜਲੰਧਰ)*



Namdhari Elibrary NamdhariElibrary@gmail.com

# ਯੋਗ ਤੇ ਸਦਾਚਾਰੀ ਸਮਾਜ ਵਿਕਾਸ

*—ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ*

ਯੋਗ ਮਨੁਖ ਦੇ ਆਤਮਿਕ ਵਿਕਾਸ ਦਾ ਵਿਗਿਆਨ ਹੈ ਪਰ ਯੋਗਾ ਪ੍ਰਚਾਰਕ ਇਸ ਨੂੰ ਭੋਗ ਸਮਰਥਾ ਲਈ ਵਰਤਦੇ ਹਨ। ਯੋਗ ਸ਼ਾਸਤਰ ਦੇ ਰਚਨਾਕਾਰ ਪਾਤੰਜਲੀ ਰਿਸ਼ੀ ਨੇ ਚਿੱਤ ਬਿਰਤੀਆਂ ਦੇ ਨਿਰੋਧ ਨੂੰ ਯੋਗ ਕਿਹਾ ਹੈ। ਦੋ ਵਸਤਾਂ ਦੇ ਪਰਸਪਰ ਮਿਲਨ ਨੂੰ ਯੋਗ ਕਹਿੰਦੇ ਹਨ ਅਤੇ ਨਿਖੇੜ ਨੂੰ ਵਿਯੋਗ ਕਹਿੰਦੇ ਹਨ। ਇਸ ਤਰ੍ਹਾਂ ਇਹ ਸੰਸਾਰ ਯੋਗ-ਵਿਯੋਗ ਦਾ ਹੀ ਰੂਪ ਹੈ। ਜੀਵ ਦੇ ਪ੍ਰਾਣਾਂ ਦਾ ਆਧਾਰ ਪਵਨ ਹੈ ਅਤੇ ਸੁਵਾਸ-ਨਿਸ਼ਵਾਸ ਦੀ ਕਿਰਿਆ ਦੇ ਚਲੰਤ ਰਹਿਣ ਤਕ ਹੀ ਇਕ ਜੀਵ ਪ੍ਰਾਣਵਾਨ ਕਿਹਾ ਜਾਂਦਾ ਹੈ। ਸੁਵਾਸ ਕਿਰਿਆ ਦੇ ਅਨੁਸ਼ਾਸਨ ਅਤੇ ਸੰਜਮ ਵਿਚੋਂ ਮਨ ਬਿਰਤੀਆਂ ਨੂੰ ਭੌਤਿਕਤਾ ਵਲੋਂ ਸੰਕੋਚ ਕੇ ਪ੍ਰਕਿਰਤੀ ਦੇ ਰਚਨਾਕਾਰ ਵਲ ਜੋੜਨ ਦਾ ਵਿਗਿਆਨ ਹੀ ਯੋਗ ਹੈ। ਇਸ ਯੋਗ ਅਭਿਆਸ ਦੇ ਅਠ ਅੰਗ ਹਨ ਅਤੇ ਇਸ ਨੂੰ ਅਸ਼ਟਾਂਗ ਯੋਗ ਕਿਹਾ ਜਾਂਦਾ ਹੈ ਪਰ ਮੌਜੂਦਾ ਮਾਹੌਲ ਵਿਚ ਯੋਗ ਪ੍ਰਚਾਰ ਅਖਰਾਂ ਵਿਚ ਯੋਗਾ ਬਣ ਗਿਆ ਹੈ ਅਤੇ ਅਭਿਆਸ ਵਿਚ ਕੁਝ ਆਸਨਾਂ ਦੀ ਕਸਰਤ ਅਤੇ ਕੁਝ ਧਿਆਨ ਸਿਖਿਆ ਨਾਲ ਮਾਨਸਿਕ ਤਨਾਵ ਮੁਕਤੀ ਦੇ ਸਾਧਨ ਦੇ ਰੂਪ ਵਿਚ ਪ੍ਰਚਾਰਿਆ ਜਾ ਰਿਹਾ ਹੈ।

ਅਸ਼ਟਾਂਗ ਯੋਗ ਦੇ ਅੱਠ ਅੰਗਾਂ ਦਾ ਵਿਚਾਰ ਕਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਯੋਗ ਮਾਰਗ ਵਲ ਤੁਰਨ ਵਾਲੇ ਵਿਅਕਤੀ ਦਾ ਨਿਜੀ ਤੇ ਸਮਾਜਿਕ ਜੀਵਨ ਕਿੰਨਾ ਕੁ ਸ੍ਰੇਸ਼ਟ ਤੇ ਸਦਾਚਾਰੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਪਵਿਤਰਤਾ ਵਾਲੇ ਜੀਵਨ ਦੀ ਸਿਧਾਂਤਿਕ ਪੈਰਵੀ ਹਰੇਕ ਧਰਮ ਵਿਚੋਂ ਮਿਲ ਜਾਂਦੀ ਹੈ।

## ਯਮ

ਕਾਮਾਦਿਕ ਵਿਕਾਰਾਂ ਤੋਂ ਨਿਵਰਤੀ ਜਾਂ ਸ਼ਾਂਤੀ ਪੂਰਨ ਮਾਹੌਲ ਪੈਦਾ ਕਰਨ ਨੂੰ ਯਮ ਕਹਿੰਦੇ ਹਨ ਤੇ ਇਸ ਦੇ ਪੰਜ ਉਪਾਂਗ ਹਨ—

**ੳ) ਅਹਿਸਾ** — ਮਨ, ਬਚਨ ਜਾਂ ਸ਼ਰੀਰ ਕਰਮ ਰਾਹੀਂ ਕਿਸੇ ਨੂੰ ਕਸ਼ਟ ਨਾ ਦੇਣਾ ਹੀ ਅਸਲ ਅਹਿਸਾ ਹੈ। ਹਿੰਸਾ ਕੇਵਲ ਹਤਿਆ ਕਰਕੇ ਹੀ ਨਹੀਂ ਹੁੰਦੀ ਸਗੋਂ ਕਿਸੇ ਨੂੰ ਦੁਖਦਾਈ ਸ਼ਬਦ ਕਹਿਣੇ ਜਾਂ ਕਿਸੇ ਵਾਸਤੇ ਮੰਦੇ ਵਿਚਾਰ ਰਖਣੇ ਵੀ ਹਿੰਸਾ ਹੈ।

ਅਹਿਸਾ ਸੰਯਮ ਨਾਲ ਦਇਆ ਅਰਥਾਤ ਪ੍ਰਾਣੀ ਮਾਤਰ ਦੇ ਦੁਖ ਦੂਰ ਕਰਨ ਦਾ ਸਦਗੁਣ ਪ੍ਰਾਪਤ ਹੁੰਦਾ ਹੈ।

**ਅ) ਸ਼ਤਿ** — ਕਪਟ ਰਹਿਤ ਹੋ ਕੇ ਯਥਾਰਥ ਕਹਿਣਾ, ਆਤਮਾ ਤੋਂ ਬਗੈਰ ਕਿਸੇ ਭੌਤਿਕ ਵਸਤੂ ਨੂੰ ਸਤਿ ਜਾਂ ਅਬਨਾਸ਼ੀ ਸਵੀਕਾਰ ਨਾ ਕਰਨਾ। ਯੋਗ ਦਾ ਲਕਸ਼ ਪਰਮ ਸਤਿ ਨੂੰ ਪ੍ਰਾਪਤ ਕਰਨਾ ਹੈ। ਇਸ ਯਮ ਨਾਲ ਆਰਜਵ ਅਰਥਾਤ ਪ੍ਰਾਣੀ ਮਾਤਰ ਲਈ ਕੁਟਿਲਤਾ ਰਹਿਤ ਹਮਦਰਦੀ ਦਾ ਸਦਗੁਣ ਪ੍ਰਾਪਤ ਹੁੰਦਾ ਹੈ।

**ੲ) ਅਸਤੇਯ** — ਮਨ, ਬਚਨ ਜਾਂ ਕਰਮ ਦੁਆਰਾ ਪਰਾਈ ਜੜ ਜਾਂ ਚੇਤਨ ਵਸਤੂ ਨੂੰ ਉਸ ਦੇ ਮਾਲਿਕ ਦੀ ਮਰਜ਼ੀ ਤੋਂ ਬਗੈਰ ਨਾ ਲੈਣਾ। ਇਸ ਆਚਾਰ ਅਨੁਸਾਰ ਚੋਰੀ, ਯਾਰੀ, ਠੱਗੀ, ਜ਼ਬਰਦਸਤੀ ਖੋਹਣਾ, ਜਾਂ ਅਜੇਹੇ ਕਰਮਾਂ ਦਾ ਵਿਚਾਰ -ਜ਼ਿਕਰ ਕਰਨਾਂ ਜਾਂ ਪਰਾਈ ਵਸਤੂ (ਧਨ, ਇਸਤਰੀ ਆਦਿਕ) ਵਲ ਦੇਖਣਾ ਵੀ ਅਪਰਾਧ ਹੈ। ਅਜਿਹੇ ਆਚਾਰ ਨਾਲ ਖਿਮਾਂ ਦਾ ਸਦਗੁਣ ਵੀ ਪ੍ਰਾਪਤ ਹੋ ਜਾਂਦਾ ਹੈ।

**ਸ) ਬ੍ਰਹਮਚਰਯ** — ਇਸ ਸਦਾਚਾਰੀ ਵਰਤ ਅਨੁਸਾਰ ਆਪਣੀ ਪਤਨੀ ਨਾਲ ਹੀ ਸਰੀਰ ਭੋਗ, ਕਾਮੁਕ ਵਾਰਤਾਲਾਪ ਅਤੇ ਕਾਮੁਕ ਹਾਵ ਭਾਵ ਦੀ ਆਗਿਆ ਹੈ। ਪਰਾਈ ਇਸਤਰੀ ਨਾਲ ਸਰੀਰ ਦੀ ਕਿਸੇ ਵੀ ਇੰਦ੍ਰੀ ਅੰਗ (ਅਖਾਂ, ਕੰਨ, ਨੱਕ, ਮੂੰਹ, ਹੱਥ, ਪੈਰ) ਜਾਂ ਸਰੀਰ ਨਾਲ ਸੰਬੰਧ ਪਾਪ ਮੰਨਿਆ ਗਿਆ ਹੈ। ਉਪਰੋਕਤ ਆਚਾਰ ਨਾਲ ਆਸਾ ਮਨਸਾ (ਧ੍ਰਿਤੀ) ਨਾਲ ਜੁੜੀ ਚਿੰਤਾਵਾਂ ਦਾ ਨਾਸ ਹੋ ਜਾਂਦਾ ਹੈ।

**ਹ) ਅਪਰੀਗ੍ਰਹ** — ਭੌਤਿਕ ਕਾਮਨਾਵਾਂ ਭਾਵਨਾਂ ਅਧੀਨ ਪਦਾਰਥਾਂ ਦਾ ਸੰਗ੍ਰਹਿ ਕਰਨਾ, ਜਾਂ ਅਜਿਹੇ ਕਰਮਾਂ ਦਾ ਪ੍ਰਚਾਰ ਵੀ ਅਪਰੀਗ੍ਰਹ ਦੇ ਵਿਰੁੱਧ ਹੈ। ਇਸ ਤਰਾਂ ਮਿਤਾਹਾਰ ਭਾਵ ਅਲਪ ਆਹਾਰ ਦਾ ਅਭਿਆਸ ਹੁੰਦਾ ਹੈ ਜਿਸ ਨਾਲ ਸੁਲਪ ਨਿੰਦਰਾ ਦਾ ਸਦਗੁਣ ਵੀ ਰਲ ਜਾਂਦਾ ਹੈ ਤੇ ਯੋਗ ਸਾਧਨਾ ਸਰਲ ਹੋ ਜਾਂਦੀ ਹੈ।

## ਨਿਯਮ

ਇਸ ਅੰਗ ਦੇ ਅਭਿਆਸ ਨਾਲ ਚਿੱਤ ਬਿਰਤੀ ਸ਼ੁਧ ਹੁੰਦੀ ਹੈ, ਇਹ ਵੀ ਪੰਜ ਹਨ—

**ੳ) ਸ਼ੌਚ (ਪਵਿਤਰਤਾ)** — ਸਰੀਰ ਦੀ ਪਵਿਤਰਤਾ ਇਸ਼ਨਾਨ ਆਦਿਕ ਨਾਲ ਜੁੜੀ ਹੋਈ ਹੈ ਤੇ ਦੂਜੀ ਚਿਤ ਬਿਰਤੀ ਦੇ ਸ਼ੁਧਤਾ ਪ੍ਰਯਾਸ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੁਰਗੁਣਾਂ ਨੂੰ ਦੂਰ ਕਰਨਾ ਜਰੂਰੀ ਹੈ।

**ਅ) ਸੰਤੋਖ** — ਪ੍ਰਾਪਤ ਪਦਾਰਥ ਵਿਚ ਤ੍ਰਿਪਤ ਰਹਿਣਾ ਅਤੇ ਚਿਤ ਸ਼ਾਂਤ ਰਖਣਾ ਹੀ ਸੰਤੋਖ ਹੈ।

**ੲ) ਤਪ** — ਨਿਯਮ ਨਾਲ ਧਰਮ ਕਰਮ ਜਾਂ ਨਿਤਨੇਮ ਕਰਨਾ ਤਪ ਹੈ ਅਤੇ ਮਨ ਦੀ ਸ਼ਾਂਤੀ ਲਈ ਏਕਾਂਤ ਤੇ ਮੋਨ ਵੀ ਸਹਾਈ ਤਪ ਕਹੇ ਗਏ ਹਨ।

**ਸ) ਸਵਾ ਧਿਆਏ** — ਭੌਤਿਕਤਾ ਦਾ ਮੋਹ ਤਿਆਗਨ ਲਈ ਧਾਰਮਿਕ ਗ੍ਰੰਥ ਪੜਨੇ, ਸਤਿਸੰਗ ਜਾਣਾ, ਅਤੇ ਸਦਗੁਣਾਂ ਨੂੰ ਉਜਾਗਰ ਕਰਨ ਵਾਲੇ ਪਾਸੇ ਤੁਰਨਾ ਹੀ ਆਤਮ ਜਾਗਰਤੀ ਦਾ ਸਾਧਨ ਹੈ।



Namdhari Elibrary NamdhariElibrary@gmail.com

ਹ) ਈਸ਼ਵਰ ਪ੍ਰਣੀਧਾਨ — ਜਪੁ ਸਿਮਰਨ ਵਿਚ ਸੰਸਾਰਕ ਚੇਤਨਾ ਤੋਂ ਮੁਕਤ ਹੋ ਕੇ ਮਾਨਸਿਕ ਧਿਆਨ ਵਿਚ ਲੀਨ ਹੋਣ ਦੀ ਇਹ ਸਥਿਤੀ ਕਹੀ ਜਾਂਦੀ ਹੈ।

ਇਨ੍ਹਾਂ ਪੰਜ ਨਿਯਮਾਂ ਦੇ ਪਾਲਨ ਕਰਨ ਨਾਲ ਅੱਠ ਸਦਗੁਣ ਉਜਾਗਰ ਹੋ ਜਾਂਦੇ ਹਨ— ੧. ਦਾਨ, ੨. ਦੇਵਪੂਜਾ, ੩. ਸਿਧਾਂਤ ਸ੍ਰਵਣ, ੪. ਕਰਮਸ਼ੁਧੀ, ੫. ਮਨਨ-ਚਿੰਤਨ, ੬. ਹੋਮ, ੭. ਪਰਲੋਕ ਆਸਥਾ ਤੇ ੮. ਜਪ-ਮੰਤ੍ਰ ਜਾਪ। ਇਸ ਤਰਾਂ ਮੈਤ੍ਰੀ , ਕਰੁਣਾ ਤੇ ਮੁਦਿਤਾ ਦਾ ਵਿਕਾਸ ਹੁੰਦਾ ਹੈ ਤੇ ਨਿਸ਼ਕਾਮ ਧਰਮ ਦੀ ਪ੍ਰੇਰਣਾ ਵਧਦੀ ਜਾਂਦੀ ਹੈ।

ਯਮ ਜਾਂ ਸੰਯਮ ਸਾਧਕ ਤੇ ਸਮਾਜਿਕ ਜੀਵਨ ਦੇ ਸਦਾਚਾਰ ਨਾਲ ਸੰਬੰਧ ਰਖਦੇ ਹਨ ਅਤੇ ਨਿਯਮ ਸਾਧਕ ਦੇ ਨਿਜੀ ਜੀਵਨ ਅਭਿਆਸ ਨਾਲ ਜੁੜ ਕੇ ਆਤਮਿਕ ਵਿਕਾਸ ਕਰਦੇ ਹਨ।

੩. ਇਸ ਤੋਂ ਬਾਦ ਤੀਜਾ ਅੰਗ ਆਸਨ ਹੈ — ਸਰੀਰ ਦਾ ਬਗੈਰ ਹਿਲਨ-ਡੁਲਨ ਦੇ, ਚਿੰਤਾ ਤੇ ਤਨਾਵ ਤੋਂ ਬਗੈਰ ਬੈਠਨ ਨੂੰ ਆਸਨ ਕਹਿੰਦੇ ਹਨ। ਸਰੀਰ ਦੇ ਸਵੱਸਥ ਹੋਣ ਤੋਂ ਬਗੈਰ ਕੋਈ ਕਰਮ ਠੀਕ ਢੰਗ ਨਾਲ, ਨੇਮ ਨਾਲ ਤੇ ਸਫਲਤਾ ਨਾਲ ਨਹੀਂ ਕੀਤਾ ਜਾ ਸਕਦਾ ਹੈ। ਸਰੀਰ ਦਾ ਕੇਂਦਰ ਪੇਟ ਹੈ ਅਤੇ ਆਧਾਰ ਭੋਜਨ ਹੈ ਇਸ ਲਈ ਆਹਾਰ ਦੀ ਸ਼ੁਧਤਾ ਅਤੇ ਸਰੀਰ ਦੀ ਲੋੜ ਪੂਰਤੀ ਦਾ ਨਿਯਮ ਅਨੁਸਾਰ ਹੋਣਾ ਜ਼ਰੂਰੀ ਹੈ। ਆਸਨ ਸਰੀਰ ਦੀ ਮਜ਼ਬੂਤੀ ਅਤੇ ਪੇਟ ਦੇ ਸਹੀ ਸੰਚਾਲਨ ਲਈ ਜ਼ਰੂਰੀ ਹਨ ਅਤੇ ਇਨ੍ਹਾਂ ਦੀ ਆਮ ਗਿਣਤੀ ਚੌਰਾਸੀ ਮੰਨੀ ਗਈ ਹੈ।

੪. ਪ੍ਰਾਣਾਯਾਮ — ਸੁਵਾਸ ਕਿਰਿਆ ਨੂੰ ਵੱਖ ਵੱਖ ਜੁਗਤਾਂ ਨਾਲ ਸਾਧ ਕੇ ਪ੍ਰਾਣ ਸ਼ਕਤੀ ਦਾ ਆਤਮਾ ਨਾਲ ਮੇਲ ਕਰਨ ਦਾ ਲਕਸ਼ ਸਿੱਧ ਕੀਤਾ ਜਾਂਦਾ ਹੈ।

੫. ਪ੍ਰਤਿਆਹਾਰ, ੬. ਧਾਰਣਾ, ੭. ਧਿਆਨ ਤੇ ੮ ਸਮਾਧੀ; ਇਹ ਚਾਰ ਅੰਗ ਮਾਨਸਿਕ ਸਾਧਨਾ ਦੇ ਲਕਸ਼ ਨਾਲ ਜੁੜੇ ਹੋਏ ਹਨ।

ਯੋਗ ਨਾਲ ਜੁੜੇ ਆਸਨ ਅਤੇ ਪ੍ਰਾਣਾਯਾਮ ਦੇ ਪ੍ਰਾਰੰਭ ਨਾਲ ਜੁੜੇ ਪੂਰਕ - ਕੁੰਭਕ - ਰੇਚਕ ਦੇ ਅਭਿਆਸ ਨਾਲ ਜੋ ਯੋਗਾ ਪ੍ਰਚਾਰ ਹੋ ਰਿਹਾ ਹੈ ਉਸ ਵਿਚ ਤਨਾਵ ਰਹਿਤ ਸੇਹਤ ਦਾ ਲਕਸ਼ ਹੀ ਮੁਖ ਰੂਪ ਵਿਚ ਪ੍ਰਚਾਰਿਆ ਜਾਂਦਾ ਹੈ। ਅਜਿਹੇ ਲਕਸ਼ ਦੀ ਪ੍ਰਾਪਤੀ ਲਈ ਵੀ ਯੋਗ ਦਾ ਇਹ ਪਾਕੇਟ ਬੁਕ ਸੰਸਕਰਣ ਯੋਗਾ ਪੂਰੀ ਤਰਾਂ ਵਿਗਿਆਨ-ਸੰਮਤ ਹੈ ਅਤੇ ਅਜਕਲ ਵੱਡੇ ਆਕਰਸ਼ਣ ਦਾ ਕਾਰਨ ਬਣ ਗਿਆ ਹੈ। ਜਿਥੇ ਹੋਰ ਕਸਰਤਾਂ ਨਾਲ ਸਰੀਰ ਸੁਡੌਲ ਅਤੇ ਕਠੋਰ ਹੁੰਦਾ ਹੈ ਅਤੇ ਢਲਦੀ ਉਮਰ ਵਿਚ ਜੋੜਾਂ ਦੇ ਦਰਦਾਂ ਦਾ ਪੱਕਾ ਸਬਬ ਵੀ ਬਣਦਾ ਹੈ। ਇਹ ਵੀ ਤੱਥ ਹੈ ਕਿ ਕਸਰਤ ਕਰਨ ਨਾਲ ਪ੍ਰਾਣ ਸ਼ਕਤੀ ਜ਼ਿਆਦਾ ਖਰਚ ਹੁੰਦੀ ਹੈ ਅਤੇ ਉਮਰ ਘਟਦੀ ਹੈ। ਜਦਕਿ ਆਸਨ ਕਰਨ ਨਾਲ ਪ੍ਰਾਣ ਸ਼ਕਤੀ ਵਧਦੀ ਹੈ। ਆਸਨਾਂ ਨਾਲ ਸਰੀਰ ਦੇ ਸਾਰੇ ਅੰਗਾਂ ਤੇ ਨਸ-ਨਾੜੀ ਤੰਤ੍ਰ ਦੀ ਕਸਰਤ ਹੋ ਜਾਂਦੀ ਹੈ। ਜਿਸ ਨਾਲ ਸਰੀਰ ਦੀ ਸੇਹਤ ਦੇ ਨਾਲ ਦਿਮਾਗ ਤਨਾਵ ਰਹਿਤ ਤੇ ਫੁਰਤੀਲਾ ਹੋ ਜਾਂਦਾ ਹੈ। ਚੌਂਤੀ ਪੈਂਤੀ ਸਾਲ ਪਹਿਲਾਂ ਭਾਰੀ ਭਰਕਮ ਪਹਿਲਵਾਨ ਮੇਹਰਦੀਨ ਨੂੰ ਜਦੋਂ ਯੋਗ ਆਸਨ ਅਭਿਆਸੀ ਮਾਸਟਰ ਚੰਦਗੀ ਰਾਮ ਨੇ ਢਾਹ ਲਿਆ ਤਾਂ ਲੋਕੀ ਹੈਰਾਨ ਹੋ ਗਏ। ਉਸ ਤੋਂ ਬਾਦ ਕੁਸ਼ਤੀ ਕਰਨ ਤੇ ਹੋਰ ਖੇਡਾਂ ਖੇਡਨ ਵਾਲਿਆਂ ਲਈ ਆਸਨ ਤੇ ਪ੍ਰਾਣਾਯਾਮ (ਮੁਢਲਾ ਰੂਪ) ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਅਸਟਰੇਲੀਆ ਦੀ ਜਿਸ ਟੀਮ ਨੇ ਕ੍ਰਿਕਟ ਲੜੀ ਜਿੱਤੀ ਹੈ ਉਸਨੂੰ ਨੇਮ ਨਾਲ ਯੋਗਾ ਕਰਾਇਆ ਜਾਂਦਾ ਹੈ ਇਹ ਖਬਰ ਆਮ ਛਪੀ ਹੈ। ਕ੍ਰਿਕਟ ਵਰਗੇ ਲੰਮੇ ਖੇਡ ਦੇ ਖਿਡਾਰੀਆਂ ਲਈ ਪ੍ਰਾਣਾਯਾਮ ਦੇ ਗੰਭੀਰ ਅਭਿਆਸ ਉਨ੍ਹਾਂ ਦੀ ਗੇਂਦਬਾਜ਼ੀ ਤੇ ਬੱਲੇਬਾਜ਼ੀ ਦੀ ਮਾਰਕ ਸ਼ਕਤੀ ਨੂੰ ਕਈ ਗੁਣਾਂ ਵਧਾ ਸਕਦੇ ਹਨ। ਸਰੀਰ ਨੂੰ ਲਚੀਲਾ ਕਰਨ ਵਾਲੇ ਜਿਹੜੇ ਆਸਨ ਜਾਂ ਕਸਰਤਾਂ ਕਰਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਕੁੰਭਕ (ਸਵਾਸ ਅੰਦਰ ਰੋਕ ਕੇ) ਵਿਚ ਕਰਨ ਨਾਲ ਸਾਰਾ ਸਰੀਰ ਤੇ ਮਨ ਤਨਾਵ ਰਹਿਤ ਤੇ ਥਕਾਵਟ ਰਹਿਤ ਰਹਿਣ ਦਾ ਅਭਿਆਸੀ ਹੋ ਸਕਦਾ ਹੈ।

ਯੋਗ ਦੇ ਪਹਿਲੇ ਦੋ ਅੰਗ ਅਜੋਕੇ ਯੋਗਾ ਵਿਚ ਕੋਈ ਅਹਿਮੀਅਤ ਨਹੀਂ ਰਖਦੇ ਅਤੇ ਮੌਜੂਦਾ ਯੋਗਾ ਭੋਗ ਬਿਰਤੀ ਦੇ ਸਹਾਇਕ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਪਰ ਇਹ ਯਮ ਤੇ ਨਿਯਮ ਕਿਸੇ ਵੀ ਧਰਮ ਸਮਾਜ ਦੇ ਵਿਕਾਸ ਲਈ ਪੂਰਨ ਸਦਾਚਾਰੀ ਸਿਧਾਂਤ ਹਨ। ਕਿਸੇ ਵੀ ਧਰਮ ਦੇ ਮਰਯਾਦਾ ਨਿਯਮ, ਸਤਾ, ਰਹਿਤ ਨਾਮੇ ਜਾਂ ਧਰਮ ਸ਼ਾਸਤਰ ਪੜ੍ਹ ਕੇ ਦੇਖ ਲਈਏ, ਇਹ ਸਦਾਚਾਰੀ ਨਿਯਮ ਉਥੇ ਦਰਜ ਕੀਤੇ ਮਿਲ ਜਾਣਗੇ। ਮਨੁਖ ਦਾ ਸਭਿਆਚਾਰਕ ਰੂਪ ਹੀ ਉਸਨੂੰ ਜਾਨਵਰਾਂ ਤੋਂ ਵੱਖ ਕਰਦਾ ਹੈ। ਸਭਿਆਚਾਰ ਦਾ ਆਧਾਰ ਜੀਵਨ ਸ਼ੁਧਤਾ ਅਤੇ ਵਿਵਹਾਰਕ ਸਦਾਚਾਰ ਨਾਲ ਜੁੜਿਆ ਹੁੰਦਾ ਹੈ। ਇਸ ਤਰਾਂ ਆਚਾਰ-ਵਿਚਾਰ-ਵਿਵਹਾਰ ਦੇ ਸਦਾਚਾਰੀ ਨਿਯਮਾਂ ਦੀ ਲੜੀਆਂ ਹਰੇਕ ਧਰਮ ਨੇ ਵਿਗਿਆਪਿਤ ਕੀਤੀਆਂ ਹਨ।

ਸਦਾਚਾਰੀ ਜੀਵਨ ਦੇ ਸਿਧਾਂਤ ਨਾਲ ਸਰੀਰ ਸੰਭਾਲ ਕਰਨ ਲਈ ਆਸਨਾਂ ਦੀ ਜੁਗਤ ਨਾਲ ਤਨ-ਮਨ ਅਰੋਗ ਹੁੰਦਾ ਹੀ ਹੈ ਇਸਦੇ ਨਾਲ ਸਮਾਜ ਵੀ ਸ਼ਾਂਤ ਤੇ ਸੰਤੁਲਿਤ ਹੋ ਕੇ ਵਿਕਾਸਮਾਨ ਹੁੰਦਾ ਹੈ। ਪ੍ਰਾਣਾਯਾਮ ਦੀ ਵਿਗਿਆਨਕ ਜੁਗਤ ਨਾਲ ਉਮਰ ਵਧਾਈ ਜਾ ਸਕਦੀ ਹੈ ਅਤੇ ਮਗਰਲੇ ਯੋਗ ਅੰਗਾਂ ਦੇ ਅਭਿਆਸ ਨਾਲ ਇਕ ਸਾਧਾਰਨ ਮਨੁਖ ਅਸਾਧਾਰਨ ਸ਼ਕਤੀਆਂ ਦਾ ਮਾਲਿਕ ਬਣ ਸਕਦਾ ਹੈ। ਯੋਗ ਨਾਲ ਸਰੀਰ ਦੀ ਸਾਰਥਕਤਾ ਸਿੱਧ ਹੁੰਦੀ ਹੈ ਅਤੇ ਸ਼ਰੀਰ ਦੀ ਪ੍ਰਾਕਿਰਤਕ ਦੇਖਭਾਲ ਅਤੇ ਰੋਗ ਨਿਵਾਰਕ ਸ਼ਕਤੀ ਨਾਲ ਪਰਿਚੈ ਹੁੰਦਾ ਹੈ ਤੇ ਉਮਰ ਵਧਾਣ ਦਾ ਵਿਗਿਆਨ ਸਮਝ ਆਉਂਦਾ ਹੈ। ਇਸ ਯੋਗ ਦੀ ਸਾਰਥਕਤਾ ਪਹਿਚਾਨਣ ਲਈ ਸਭ ਤੋਂ ਪਹਿਲਾ ਯਮ ਤੇ ਨਿਯਮ ਅੰਗਾਂ ਦਾ ਉਚਿਤ ਪ੍ਰਚਾਰ ਪ੍ਰਸਾਰ ਕਰਨਾ ਜ਼ਰੂਰੀ ਹੈ ਜਿਸ ਨਾਲ ਸਦਾਚਾਰੀ ਸਭਿਆਚਾਰ ਵਿਕਸਿਤ ਹੋਵੇ।



Namdhari Elibrary NamdhariElibrary@gmail.com

# ਵਿਜੋਗੇ ਤੇ ਵੈਰਾਗੇ ਲੋਕਾਂ ਦੀ ਦਾਸਤਾਨ—ਪ੍ਰੀਤਮ ਸਿੰਘ ਪੰਛੀ

*—ਸੁਵਰਨ ਸਿੰਘ ਵਿਰਕ*

ਨਾਮਧਰੀ ਲਹਿਰ ਬਾਰੇ, ਅਟਕ  ਤੋਂ ਜਮਨਾ ਦਰਿਆ ਤਕ ਫੈਲੇ ਹੋਏ ਕਥਾਨਕ ਤੇ ਇੱਕ ਨਾਵਲ, ਲਿਖਣ ਦੀ ਰੀਝ ਆਪਣੇ ਦਿਲ ਵਿਚ ਸਮੋਈ, ੮੩ ਕੁ ਵਰ੍ਹਿਆਂ ਦੇ ਪ੍ਰੀਤਮ ਸਿੰਘ ਪੰਛੀ, ਬੀਤੇ ਦਸੰਬਰ ਦੇ ਪਹਿਲੇ ਹਫਤੇ ਲੰਮੇ ਸਫ਼ਰ ਤੇ ਚਲੇ ਗਏ ਹਨ। ਉਹਨਾਂ ਦੀ ਜੀਵਨ ਯਾਤਰਾ, ਹਾਦਸੇ ਤੇ ਹੋਣੀਆਂ ਨਾਲ ਦੋ ਚਾਰ ਹੁੰਦਿਆਂ ਗੁਜ਼ਰੀ। ਉਹਨਾਂ ਨੂੰ ਫੁੱਲਾਂ ਦੀ ਸੁਗੰਧ ਅਤੇ ਕੰਡਿਆਂ ਦੀਆਂ ਚੋਭਾਂ ਨਿਰੰਤਰ ਚੱਲਦੇ ਰਹਿਣ ਲਈ ਵੰਗਾਰ ਦੀਆਂ ਰਹੀਆਂ। ਉੜੇ ਥੁੜੇ ਅਤੇ ਵੱਡਿਆਂ ਦੇ ਸਾਏ ਤੋਂ ਮਹਿਰੂਮ, ਸਾਧਾਰਨ ਕਿਸਾਨ ਪਰਿਵਾਰ ਦਾ ਪਿਛੋਕੜ, ਮਹਾਂ ਨਗਰ ਦੇ ਕਿਆਮ ਸਮੇਂ ਵੀ ਉਹਨਾਂ ਤੇ ਛਾਇਆ ਰਿਹਾ। ਕਾਣੀ ਵੰਡ ਵਾਲੇ ਸਮਾਜ ਦਾ ਡੰਗ ਵੀ ਉਹਨਾਂ ਦੇ ਜਜ਼ਬਿਆਂ ਦੀ ਬਲੀ ਲੈਂਦਾ ਰਿਹਾ। ਪੇਂਡੂ ਜੀਵਨ ਦੀ ਪਛਾਣ ਵਾਲੇ ਚਾਰ ਸਿਆੜਾਂ ਦੀ ਮਾਲਕੀ ਹੀ ਕਿਸੇ ਦੇ ਰੁਤਬੇ ਨੂੰ ਗੁਣਾ ਭਾਗ ਕਰਦੀ ਸੀ। ਟੇਢੀਆਂ ਹਾਲਤਾਂ ਵਿਚੋਂ ਨਿਕਲ ਕੇ ਆਪਣੀ ਪਛਾਣ ਬਨਾਉਣ ਦੀ ਕਾਰਵਾਈ ਏਨੀ ਸੁਖਾਲੀ ਤੇ ਨਹੀਂ ਸੀ। ਬੜੇ ਜਫਰ ਜਾਲਣੇ ਪਏ। ਬੜੇ ਤਰੱਦਦ ਕੀਤੇ। ਬੜੇ ਘਾਟਾਂ ਦਾ ਪਾਣੀ ਪੀਤਾ। ਧਾਰਮਿਕ ਰਾਜਨੀਤਿਕ ਅੰਦੋਲਨਾਂ ਦੀ ਪਿੱਠ ਭੂਮੀ ਵਿਚੋਂ ਇੱਕ ਸਾਹਿਤਕਾਰ ਦਾ ਜਨਮ  ਹੋਣ  ਦੀ ਗਾਥਾ, ਬੜੀ ਵਚਿੱਤਰ ਵੀ ਹੈ ਅਤੇ ਨਵੇਂ ਲੰਘਾਊਆਂ ਲਈ ਦਰਿਆ ਦੇ ਗਾਹਣ ਵਿਚ ਨਿਸ਼ਾਨੀ ਵਜੋਂ ਗੱਡੇ ਕਾਨਿਆਂ ਵਰਗੀ ਵੀ ਹੈ, ਖੁੱਲ੍ਹੇ ਮਨ ਮਸਤਕ ਵਾਲਾ ਮਨੁੱਖ ਦਿਮਾਗੀ ਆਲਿਆਂ ਦੇ ਜਾਲੇ ਬੁਹਾਰ ਆਇਆ ਸੀ। ਵਿਗੋਚੇ ਤੇ ਵਰਾਗੇ ਮਨੁੱਖ ਦੀ ਪਛਾਣ ਨੂੰ ਨੇੜਿਉਂ ਹੋ ਕੇ ਤੱਕਣ ਸਦਕਾ ਉਹ ਆਪਣੀ ਰਚਨਾ ਵਿਚ ਉਦਾਸੀ ਦੇ ਰੰਗ ਬੇਖਰਨ ਦੇ ਸਮਰੱਥ ਬਣਿਆ।

ਪਿਓ ਵਾਹਰੇ ਬਾਲ ਨੂੰ ਮਾਂ, ਭੈਣੀ ਸਾਹਿਬ ਦੇ ਨਾਮਧਾਰੀ ਵਿਦਿਆਲੇ ਵਿਚ, ਉਸਦੀ ਗੁਆਚੀ ਪਛਾਣ ਲੱਭਣ ਲਈ ਛੱਡ ਆਈ। ਇੱਥੋਂ  ਦੇ ਵੱਖਰੇਪਨ ਅਤੇ ਵਡੱਪਣ  ਨੇ ਬਾਲਕ ਦੇ ਮਨ ਵਿਚ ਉਸਦੀ ਸ੍ਵੈ ਨੂੰ ਟੁੰਬਿਆ। ਇਹ ਪਹਿਲੀ ਵੇਰ ਸੀ ਕਿ ਭੈਣੀ ਸਾਹਿਬ ਦੇ ਟਿੱਬਿਆਂ ਦੀ ਰੇਤ ਜੋ ਹੁਣ ਤਕ ਗੜਵੇ ਮਾਜਣ ਦੇ ਕੰਮ ਆਉਂਦੀ ਸੀ, ਉਸ ਉੱਤੇ ਬਾਲ ਪੋਟਿਆਂ ਦੁਆਰਾ ਪਿਆਰੇ ਹਰਫ ਉਲੀਕੇ ਜਾਣ ਲੱਗੇ। ਪਛਾਨਣ ਵਾਲਿਆਂ ਨੇ ਕਾਗਜ਼ ਕਲਮ ਵੀ ਦਿਤੇ ਅਤੇ ਸਮਾਂ ਪਾ ਕੇ ਨਾਮਧਾਰੀ ਸਪਤਾਹਿਕ ਪਰਚੇ ਸਤਿਜੁੱਗ ਦੀ ਸੰਪਾਦਕੀ ਵੀ ਦਿਤੀ। ਪੁੰਗਰਦੀਆਂ ਕਲਮਾਂ ਨੂੰ ਉਹ ਵੀ ਆਪਣੀ ਮਾਂ  ਬੋਲੀ ਵਿਚ ਉਤਸ਼ਾਹਿਤ ਕਰਨਾ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜਹੇ ਪੰਜਾਬੀ ਪਿਆਰੇ ਦੀ ਵੱਡੀ ਦੂਰ ਅੰਦੇਸ਼ੀ ਸੀ। ਉਹ ਆਪਣੇ ਦੋਹਾਂ ਸਪੁੱਤਰਾਂ ਬਿਅੰਤ ਜੀ (ਹੁਣ ਦੇ ਸਤਿਗੁਰੂ ਜਗਜੀਤ ਸਿੰਘ) ਅਤੇ ਬੱਲੇ ਜੀ (ਹੁਣ ਦੇ ਮਹਾਰਾਜ ਬੀਰ ਸਿੰਘ) ਦੇ ਨਾਲ ਅਤੇ ਅੱਗੇ ਪਿੱਛੇ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਵਿਚ ਵਿਸ਼ੇਸ਼ ਦਿਲਚਸਪੀ ਲੈ ਕੇ ਉਹਨਾਂ ਦੀਆਂ ਸ਼ਖਸੀਅਤਾਂ ਨੂੰ ਤਰਬੀਅਤ ਦਿੰਦੇ। ਹਿੰਦੀ, ਪੰਜਾਬੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੀਆਂ ਪੰਜ ਹਜ਼ਾਰ  ਕਿਤਾਬਾਂ ਵਾਲੀ ਉਹਨਾਂ ਦੀ ਲਾਇਬਰੇਰੀ ਦੀ ਯਾਤਰਾ ਸਦਕਾ ਪ੍ਰੀਤਮ ਸਿੰਘ ਪੰਛੀ ਇਹਨਾਂ ਚਾਰਾਂ ਭਾਸ਼ਾਵਾ ਦਾ ਵਾਹਵਾ  ਜਾਣੂ ਹੋ ਗਿਆ। ਰਾਹੁਲ ਸੰਕ੍ਰਤਾਇਨ, ਜਿਸ ਦੀਆਂ ਕੁਝ ਰਚਨਾਵਾਂ ਨੂੰ ਪੰਛੀ ਨੇ ਬਾਦ ਵਿਚ ਆਪਣੀ ਭਾਸ਼ਾ ਵਿਚ ਉਲਥਾਇਆ ਵੀ, ਉਸ ਦੇ ਅੰਦਰ ਘੁਮੱਕੜੀ ਦੇ ਬੀ ਬੀਜ ਗਿਆ। "ਕਿਸੇ ਦਿਲ ਸਾਂਝੇ ਦੀ ਧੜਕਣ" ਦੇ ਨਾਦ ਗੁਣ ਗੁਨਾਉਣ ਵਾਲੇ ਗੁਰਬਖਸ਼ ਸਿੰਘ ਦੀ "ਪ੍ਰੀਤ ਲੜੀ" ਨੇ ਵੀ ਵਿਚਾਰਾਂ ਦੇ ਨਵੇਂ ਦਿਸ ਹੱਦੇ ਖੋਹਲ ਦਿਤੇ। ਵੀਹਵੀਂ ਸਦੀ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦੀ ਵੀ ਸਦੀ ਸੀ। ਭਾਰਤ ਦੇ ਇਨਕਲਾਬੀਆਂ ਨੇ ਜੋ ਗਦਰ ਲਹਿਰ ਦਾ ਹੀ ਪਿਛਲੇਰਾ ਵਿਸਥਾਰ ਸਨ, ਰੂਸੀ ਕ੍ਰਾਂਤੀ ਦਾ ਖੁੱਲ੍ਹੀਆਂ ਬਾਹਾਂ ਨਾਲ ਸੁਆਗਤ ਕੀਤਾ। ਅੰਮ੍ਰਿਤਸਰ ਤੋਂ ਭਾਈ ਰਤਨ ਸਿੰਘ ਅਤੇ ਸੰਤੋਖ ਸਿੰਘ ਦੇ ਸਿਰੜ ਸਦਕਾ ਛਪਣ ਵਾਲਾ ਪਰਚਾ "ਕਿਰਤੀ" ਵੀ ਉਪਰੋਕਤ ਲਾਇਬਰੇਰੀ ਵਿਚ ਪੁੱਜਦਾ। ਜਿੱਥੇ ਪੰਛੀ ਦੇ ਯੁਵਾ ਵਿਚਾਰਾਂ ਨੂੰ ਇਨਕਲਾਬ ਦੀ ਸਾਣ ਤੇ ਲੱਗਣ ਦਾ ਮੌਕਾ ਵੀ ਮਿਲ ਗਿਆ। ਪ੍ਰੀਤਲੜੀ ਤਾਂ ਕੁਝ ਲੁਕਾ ਕੇ ਪੜ੍ਹਨੀ ਪੈਂਦੀ ਸੀ, ਜਿਸ ਦਾ ਤਰਕਵਾਦ ਆਦਰਸ਼ਵਾਦੀ ਵਿਚਾਰਧਾਰਾ ਨਾਲ  ਪੇਚੇ ਪਾਉਂਦਾ ਸੀ। ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ ਸਤਿਜੁਗ ਦੇ ਸਾਲਾਨਾ ਬਸੰਤ ਅੰਕਾਂ ਦੀ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸੰਪਾਦਨਾ ਕਾਰਨ ਬੜੀ ਧੁੰਮ ਪਈ ਸੀ। ਸ਼ਰਧਾ ਗੁੱਝੀ ਨਾਮਧਾਰੀ ਇਤਿਹਾਸ ਬਿਆਨਦੀ, ਚੱਕਰਵਰਤੀ ਦੀ ਹਰ ਲੰਮੀ ਵਾਰਤਕ ਰਚਨਾ ਸਲਾਹੀ ਤੇ ਉਡੀਕੀ ਜਾਂਦੀ ਸੀ। ਆਪਣੇ ਸਾਹਿਤਕ ਗੁਰੂ ਚੱਕਰਵਰਤੀ ਨੂੰ ਉਸ ਦੀਆਂ ਹੋਰ ਮੁਹਾਰਤਾਂ ਸਦਕਾ ਪੰਛੀ, "ਨਾਮਧਾਰੀ ਚਾਣਕੀਆ" ਦੇ ਲਕਬ ਨਾਲ ਨਿਵਾਜਦਾ ਹੈ। ਸਮੁੱਚੇ ਪੰਜਾਬੀ ਸਾਹਿਤਕਾਰਾਂ ਨਾਲ ਨੇੜਲਾ ਮੇਲਜੋਲ ਹੋਣ ਕਾਰਨ ਉਹ ਉਹਨਾਂ ਤੋਂ ਆਪਣੇ ਵਿਸ਼ੇਸ਼ ਅੰਕਾਂ ਲਈ ਰਚਨਾਵਾਂ ਹਾਸਿਲ ਕਰ ਲੈਂਦੇ ਸਨ। ਨਾਮਧਾਰੀਆਂ ਦਾ ਬਸਤੀਵਾਦ ਵਿਰੋਧ ਹੁਣ ਸਾਮਰਾਜ ਵਿਰੋਧ ਵਿਚ  ਪ੍ਰਵਰਤਿਤ ਹੋ ਚੁੱਕਾ ਸੀ। ਕੂਕਾ ਅੰਦੋਲਨ ਤੋਂ ਦੁਆਬੇ ਦੀ ਤਿਹਾਈ ਧਰਤੀ ਲਈ ਚੱਲਣ ਵਾਲੇ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣਾ ਪ੍ਰੀਤਮ



Namdhari Elibrary NamdhariElibrary@gmail.com

ਸਿੰਘ ਪੰਛੀ ਨੂੰ ਆਪਣੇ ਨਾਮਧਾਰੀ ਵਿਰਸੇ ਦੇ ਅਨੁਕੂਲ ਹੀ ਲੱਗਾ ਸੀ। ਕੂਕਿਆਂ ਤੋਂ ਗ਼ਦਰ ਪਾਰਟੀ ਤੱਕ ਦਾ ਸਫ਼ਰ ਤਹਿ ਕਰਨ ਵਾਲਾ ਬਾਬਾ ਸੋਹਣ ਸਿੰਘ ਭਕਨਾ ਵੀ ਇਸੇ ਵਿਰਾਸਤ ਸਦਕਾ ਦੇਸ਼ ਵਿਚ ਚੱਲ ਰਹੀਆਂ ਕਿਰਤੀ ਕਿਸਾਨ ਲਹਿਰਾਂ ਨਾਲ ਇਕ ਜੁੱਟ ਹੋ ਗਿਆ ਸੀ। ਨਾਮਧਾਰੀ ਹੁਣ ਸਮਾਜਵਾਦੀ ਰੂਸ ਨੂੰ ਆਪਣੇ ਮੁਕਤੀ ਦਾਤੇ ਜਿਉਂ ਵੇਖਣ ਦੇ ਆਦੀ ਹੋ ਚੁੱਕੇ ਸਨ। ਨਾਮਧਾਰੀ ਮਸਤਾਨੇ ਦੇ ਕੁਝ ਲੱਛਣ ਕੁਲਵਕਤੀ ਕਮਿਊਨਿਸਟਾਂ ਨਾਲ ਮਿਲਦੇ ਜੁਲਦੇ ਸਨ। ਇਸੇ ਕਰਕੇ ਭੈਣੀ ਸਾਹਿਬ ਵਿਦਿਆਲੇ ਦੇ ਦੋਵੇਂ ਸਿਰਨਾਵੀਏ ਵਿਦਿਆਰਥੀ, ਸਤਿਗੁਰੂ ਜਗਜੀਤ ਸਿੰਘ ਦੇ ਬਾਲ-ਸਖਾਈ ਅਤੇ ਜਮਾਤੀਏ ਪ੍ਰੀਤਮ ਸਿੰਘ ਪੰਛੀ ਅਤੇ ਪ੍ਰੀਤਮ ਸਿੰਘ ਕਵੀ ਕਮਿਊਨਿਸਟ ਅੰਦੋਲਨ ਵਿਚ ਸਰਗਰਮ ਰਹੇ। ਪੰਛੀ ਨੇ ਦੁਆਬੇ ਦੀ ਨਹਿਰ ਦੀ ਮੰਗ ਵਾਲੇ ਮੋਰਚੇ ਵਿਚ, ਮੁਲਤਾਨ ਜਿਹਲ ਵਿਚ ਸਜ਼ਾ ਕੱਟੀ ਅਤੇ ਫਿਰ ਕਲਸੀਆਂ ਰਿਆਸਤ ਵਿਚ ਚੱਲੇ ਮੋਰਚੇ ਵਿਚ ਹਿੱਸਾ ਵੀ ਲਿਆ। ਸਤਿਜੁਗ ਦੀ ਦੋ ਸਾਲਾ ਸੰਪਦਾਕੀ ਦੇ ਅਨੁਭਵ ਤੋਂ ਬਾਅਦ ਇਹ ਲਾਹੌਰ ਵਿਚੋਂ ਨਿਕਲਣ ਵਾਲੇ ਪ੍ਰਗਤੀਸ਼ੀਲ ਪਰਚੇ "ਪ੍ਰੇਮ ਸੰਦੇਸ਼" ਦੇ ਸੰਪਾਦਕ ਬਣੇ। ਇਸੇ ਪਰਚੇ ਸਦਕਾ ਉਹ ਪਹਿਲੋਂ ਪਹਿਲ ਇਸ ਵਿਚ ਲਿਖਣ ਵਾਲੇ ਹਰਨਾਮ ਸਿੰਘ ਨਾਜ਼, ਗਰਵੇਲ ਸਿੰਘ ਪੰਨੂ, ਕਿਰਪਾਲ ਸਿੰਘ ਆਜ਼ਾਦ, ਓਦੋਂ ਦੇ ਅਮਰ ਸਿੰਘ ਅਤੇ ਬਾਦ ਵਾਲੇ ਡਾ. ਅਮਰ ਭਾਰਤੀ ਦੇ ਸੰਪਰਕ ਵਿਚ ਆਏ। ਇਕ ਹੜਤਾਲ ਦਾ ਜੀਵੰਤ ਅਨੁਭਵ ਲੈਣ ਜਦੋਂ ਉਸ ਵਿਚ ਪੱਤਰਕਾਰ ਵਜੋਂ ਸ਼ਾਮਿਲ ਹੋਏ ਤਾਂ ਫਿਰ ਇਕ ਮਹੀਨਾ ਲਾਹੌਰ ਜਿਹਲ ਵਿਚ ਕੱਟਣਾ ਪਿਆ। ਇਥੇ ਹੀ ਕਮਿਊਨਿਸਟ ਪਾਰਟੀ ਦੀ ਸਕ੍ਰਿਯ ਮੈਂਬਰੀ ਹਾਸਲ ਕੀਤੀ। ਅੰਮ੍ਰਿਤਸਰੋਂ ਛਪਦੇ ਪਾਰਟੀ ਪਰਚੇ "ਜੰਗ-ਇ-ਆਜ਼ਾਦੀ" ਵਿਚ ਕਾ. ਸੋਹਨ ਸਿੰਘ ਜੋਸ਼ ਅਤੇ ਕਾ. ਅਰਜਨ ਸਿੰਘ ਗੜਗੱਜ ਦੀ ਅਗਵਾਈ ਹੇਠ ਕੰਮ ਕੀਤਾ। ਜਲੰਧਰ ਪਾਰਟੀ ਦੇ ਦਫਤਰ ਸੈਕਟਰੀ ਦੀ ਸੇਵਾ ਉਦੋਂ ਨਿਭਾਈ ਜਦੋਂ ਜ਼ਿਲ੍ਹਾ ਸਕੱਤਰ ਉਹ ਕਾ. ਸਰਦਾਰਾ ਸਿੰਘ ਸੀ, ਜਿਸਨੂੰ ਬਾਦ ਵਿਚ ਆਪਣੀ ਰੂਸੀ ਪਤਨੀ ਸਦਕਾ ਸੋਵੀਅਤ ਨਾਗਰਿਕਤਾ ਮਿਲ ਗਈ ਸੀ। ਅੱਖਰਾਂ ਦੇ ਸੰਸਾਰ ਵਿਚ ਵਿਚਰਨ ਵਾਲੇ ਲੋਕ ਆਪਣੀ ਉਪਜੀਵਿਕਾ ਲਈ ਵੀ ਅੱਖਰਾਂ ਦੀ ਸ਼ਰਨ ਵਿਚ ਜਾਣਾ ਚੰਗਾ ਸਮਝਦੇ ਹਨ। ਪਿਆਰਾ ਸਿੰਘ ਸਹਿਰਾਈ ਹੋਰਾਂ ਦੇ ਸੰਗ ਵਿਚ ਦਿੱਲੀ ਦੀ ਪ੍ਰਸਿਧ ਕਿਤਾਬਾਂ ਛਾਪਣ ਵਾਲੀ ਇਕ ਫਰਮ "ਆਤਮਾ ਰਾਮ ਐਂਡ ਸਨਜ਼" ਦੀ ਨੌਕਰੀ ਕੀਤੀ। ਹੁਣ ਜਲੰਧਰੋਂ "ਨਵਾਂ ਜ਼ਮਾਨਾ" ਕਮਿਊਨਿਸਟ ਦੈਨਿਕ ਛਪਣਾ ਸ਼ੁਰੂ ਹੋ ਗਿਆ ਸੀ। ਸੁਰਜਨ ਜ਼ੀਰਵੀ, ਅਰਜਨ ਸਿੰਘ ਗੜਗੱਜ ਅਤੇ ਕਾ. ਪ੍ਰੇਮ ਸਿੰਘ ਨਾਲ ਇਸ ਵਿਚ ਮੋਰਚਾ ਮੱਲ ਗਿਆ। ਪਰਚੇ ਤੇ ਨਾਂ ਅੰਮ੍ਰਿਤਸਰ ਰਹਿੰਦੇ ਕਾ. ਜਗਜੀਤ ਸਿੰਘ ਅਨੰਦ ਦਾ ਛਪਦਾ ਸੀ। ਪੰਛੀ ਦੀ ਇੱਛਾ ਸੀ ਕਿ ਨਾਂ ਗੜਗੱਜ ਦਾ ਛਪੇ। ਸੰਗਰੀਆ, ਪੰਜਾਬ ਰਾਜਸਥਾਨ ਸੀਮਾ ਤੇ ਸੁਆਮੀ ਕੇਸ਼ਵਾ ਨੰਦ ਦੁਆਰਾ ਸਥਾਪਿਤ ਵਿਦਿਆਪੀਠ ਵਿਚ ਪੰਜ ਕੁ ਸਾਲ ਤਪਦੇ ਠਰਦੇ ਥਲਾਂ ਵਿਚ ਕੱਟੇ। ਕੁਝ ਸਮਾਂ "ਅਜੀਤ" ਜਲੰਧਰ ਵਿਚ ਬਿਤਾ ਕੇ "ਵੀਰ ਅਰਜੁਨ" ਦਿੱਲੀ ਵਿਚ ਕਈ ਸਾਲ ਕੱਟੇ। ਫਿਰ ਜਿਵੇਂ ਕਦੇ ਪ੍ਰੋ. ਰਾਮ ਸਿੰਘ ਹੋਰਾਂ ਨਾਲ 'ਨਵੀਆਂ ਕੀਮਤਾਂ" ਪੰਜਾਬੀ ਪਰਚਾ ਦਿੱਲੀ ਤੋਂ ਕੱਢਿਆ ਸੀ, ਹੁਣ "ਸਫਰ" ਦੇ ਕੁਝ ਅੰਕ ਕੱਢਣ ਦਾ ਜੋਖਮ ਵੀ ਉਠਾਇਆ। ਦਿੱਲੀਉਂ ਛਪਣ ਵਾਲੇ "ਪੰਜਾਬੀ ਡਾਈਜੈਸਟ" ਨਾਲ ਅੰਤਿਮ ਸਾਹਾਂ ਤੱਕ ਜੁੜੇ ਰਹੇ। "ਮਾਟੀ ਤੇਰੇ ਰੰਗ ਅਨੇਕ" ਇਸ ਵਿਚ ਛਪਣ ਵਾਲਾ ਉਹਨਾਂ ਦਾ ਕਾਲਮ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਸੀ।

ਪ੍ਰੀਤਮ ਸਿੰਘ ਪੰਛੀ ਉਮਰ ਦੇ ਆਖਰੀ ਲਮਹੇ ਤੱਕ ਰਚਨਾ ਪਰਕ੍ਰਿਆ ਵਿਚ ਜੁੱਟਿਆ ਰਿਹਾ। ਵੰਡ ਬਾਰੇ ਉਹਨਾਂ ਦੀ ਕਹਾਣੀਆਂ ਦੀ ਪੁਸਤਕ "ਨੰਗੀਆਂ ਕਬਰਾਂ" ੧੯੪੯ ਵਿਚ ਛੱਪੀ। ਜਿਸਦੀਆਂ ਕੁੱਝ ਕਹਾਣੀਆਂ ਦਾ ਪੋਲਿਸ਼ ਵਿਚ ਅਨੁਵਾਦ ਹੋ ਕੇ ਛੱਪਿਆ। ਸਮਾਜਿਕ ਆਰਥਿਕ ਮਸਲਿਆਂ ਬਾਰੇ ਕਹਾਣੀ ਸੰਗ੍ਰਹਿ "ਡਾਕ ਪੱਥਛੇ ਹੈ" "ਘੁੰਗਰੂ ਤੇ ਹੋਰ ਕਹਾਣੀਆਂ" ਤੀਜਾ ਸੰਗ੍ਰਹਿ ਸੀ। ਜੰਗ ਦੀ ਵਿਭੀਸ਼ਕਾ ਦਾ ਮਾਰਮਿਕ ਵਰਣਨ ਕਰਨ ਵਾਲੀ ਕਹਾਣੀ "ਘੁੰਗਰੂ" ਅੰਗ੍ਰੇਜ਼ੀ ਤੋਂ ਇਲਾਵਾ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦੀ ਗਈ। ਪੰਜਾਬੀ ਤੋਂ ਇਲਾਵਾ ਹਿੰਦੀ ਵਿਚ ਵੀ ਉਹਨਾਂ ਦਾ ਹੱਥ ਅਸਾਨੀ ਨਾਲ ਚੱਲਦਾ ਸੀ। "ਭਾਈ ਵੀਰ ਸਿੰਘ" ਤੇ ਕੁਝ ਹੋਰ ਕਿਤਾਬਾਂ ਹਿੰਦੀ ਵਿਚ ਵੀ ਲਿਖੀਆਂ।

ਪੰਜਾਬੀ ਨਾਵਲ ਦੀ ਝੋਲੀ ਵਿਚ ਪੰਛੀ ਹੋਰਾਂ ਨੇ ੧੯੭੮ ਤੋਂ ਲੈਕੇ ੨੦੦੨ ਈ. ਤੱਕ ਚਾਰ ਨਾਵਲ ਪਾਏ। ਪਹਿਲਾ ਨਾਵਲੈਟ 'ਕੁਦੇਸਣ' ਦ੍ਰਿਸ਼ਟੀ, ਜਲੰਧਰ ਵਿਚ, ੧੯੭੩ ਈ. ਵਿਚ ਛੱਪਿਆ ਫਿਰ ਦਿੱਲੀ ਤੋਂ ਟੁਕੜਿਆਂ ਵਿਚ ਵੰਡਿਆ ਆਦਮੀ" ਆਪਣੇ ਹਿੱਸੇ ਦੀ ਮਿੱਟੀ" ਅਤੇ "ਸੋਲਾਂ ਚਰਚ ਰੋਡ" ਛਪੇ। ਲਘੂ ਮਾਨਵ ਦੇ ਵਿਰਾਟ ਦਰਸ਼ਨ ਕਰਵਾਉਣ ਦੇ ਨਾਲ-ਨਾਲ, ਜੀਵਨ ਮੁੱਲਾਂ ਪ੍ਰਤੀ ਵਚਨਬੱਧਤਾ, ਇਹਨਾਂ ਨਾਵਲਾਂ ਵਿਚ, ਪੰਛੀ ਦੀਆਂ ਹੋਰ ਰਚਨਾਵਾਂ ਜਿਉਂ, ਮੂਰਤੀ-ਮਾਨ ਹੁੰਦੀ ਹੈ। ਆਪਣੇ ਆਲੇ ਦੁਆਲੇ ਵਿਚ ਗਿਆਨ ਇੰਦਰੇ ਖੋਹਲਕੇ ਵਿਚਰਣ ਵਾਲਾ ਲੇਖਕ ਹੀ ਏਨਾ ਸੁਚੇਤ ਹੋ ਸਕਦਾ ਹੈ ਕਿ ਉਹ ਸਿਰਜਣਾ ਦੇ ਕਰਤਾਰੀ ਕਾਰਜ ਅਤੇ ਇਸ ਦੇ ਇਤਿਹਾਸਕ ਮੁੱਲ ਵਿਧਾਨ ਵਿਚ ਸਾਮੰਜਸ ਬੈਠਾ ਸਕੇ। ਬਿਨਾਂ ਉਦੇਸ਼ ਤੋਂ ਲਿਖਤ ਪਾਠਕਾਂ ਦੇ ਸਮੇਂ ਦਾ ਹਰਜਾ ਕਰਨ ਤੋਂ ਵੱਧ ਕੀ ਹੋ ਸਕਦੀ ਹੈ ? ਪੰਛੀ ਨੇ ਜਦੋਂ ਕਲਮ ਚੁੱਕੀ ਸੀ ਤਾਂ ਦੇਸ਼ ਵਿਚ ਕੌਮੀ ਸੁਆਧੀਨਤਾ ਸੰਗਰਾਮ ਦੀ ਜੁਆਲਾ ਪਰਚੰਡ ਸੀ। ਅਜਿਹੇ ਸਮੇਂ ਰਚਨਾ ਆਪਣੇ ਯੁੱਗ ਦੇ ਗੌਰਵ ਨਾਲ



Namdhari Elibrary NamdhariElibrary@gmail.com

ਦੀਪਤਮਾਨ ਹੁੰਦੀ ਹੈ। ਇਕ ਵਿਸ਼ਵਾਸ ਇਕ ਹੁਲਾਰਾ, ਇਕ ਚੜ੍ਹਦੀ ਕਲਾ, ਮਾਹੌਲ ਗਰਮਾਈ ਰੱਖਦੀ ਹੈ। ਆਜ਼ਾਦੀ ਤੋਂ ਬਾਦ ਦੇਸ਼ ਨੇ ਇਕ ਲੰਮਾ ਸਫਰ ਤਹਿ ਕੀਤਾ ਹੈ। ਸੋਵੀਅਤ ਸੰਘ ਦੇ ਵਿਘਟਨ ਤੋਂ ਬਾਅਦ ਸਾਡੇ ਆਲੇ ਦੁਆਲੇ ਵਿਚ ਠਹਿਰਾਓ ਵਿਆਪਕ ਹੈ। ਸੁੰਨੇ ਅਸਮਾਨਾਂ ਵਿਚ ਟਿਮਟਿਮਾਉਂਦੇ ਤਾਰਿਆਂ ਦੀ ਲੋਅ ਦੀ ਧਰਵਾਸ ਤੇ ਤੁਰਨ ਵਾਲੇ ਮੁਸਾਫਿਰਾਂ ਦੀ ਸਾਰਥਿਕਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਹੇਠਲੀਆਂ ਉਤਲੀਆਂ ਸਰਕਾਰਾਂ ਦਾ ਇਕ ਮਾਤਰ ਏਜੰਡਾ ਕੋਈ ਵੀ ਹਰਬਾ ਵਰਤਕੇ ਚੋਣਾਂ ਜਿੱਤਣਾ ਹੀ, ਰਹਿ ਗਿਆ ਹੈ।

ਨਾਵਲੈਟ 'ਕੁਦੇਸਣ' ਵਿਚ ਵਿਜੋਗੇ ਤੇ ਵੈਰਾਗੇ ਲੋਕਾਂ ਦੀ ਦਾਸਤਾਨ ਬਿਆਨ ਕੀਤੀ ਗਈ ਹੈ। ਦੁਆਬੇ ਦਾ ਇਕ ਪਿੰਡ ਜਿੱਥੇ ਕੋਈ ਨਾ ਕੋਈ "ਅਲੋਕਾਰ ਗੱਲ ਹੁੰਦੀ ਰਹਿੰਦੀ ਹੈ ਤੇ ਦੰਦ-ਕਥਾ ਦਾ ਤਾਅ ਚੜ੍ਹਿਆ ਰਹਿੰਦਾ।" ਆਰਥਕ ਮੰਦਵਾੜੇ ਦੀ ਸ਼ਿਕਾਰ ਕਿਸਾਨੀ ਨੂੰ ਖੂਨ ਦੇ ਆਖਰੀ ਕਤਰੇ ਤੱਕ ਨਿਚੋੜਿਆ ਜਾ ਰਿਹਾ ਸੀ। ਟੁੱਟਦੀ ਆਰਥਿਕਤਾ, ਟੁੱਟਦੇ ਜਿਸਮ, ਨਸ਼ੇ ਦੇ ਜੰਗਲ ਵਿਚ ਗੁਆਚ ਜਾਂਦੇ। ਥੋਹੜੇ ਹੀ ਉਹ ਲੋਕ ਰਹਿ ਗਏ ਸਨ ਜਿਹਨਾਂ ਦਾ ਭੂਤ ਭਵਿੱਖ ਉਹਨਾਂ ਦੇ ਵਰਤਮਾਨ ਦੀ ਮੁੱਠੀ ਵਿਚ ਬੰਦ ਸੀ। ਇਹੋ ਜਿਹੇ ਥੁੜਾਂ ਮਾਰੇ ਜੱਟਾਂ ਦੇ ਪੁੱਤਾਂ ਨੂੰ ਜਦੋਂ ਲਾਗੇ ਚਾਗਿਉਂ ਕੋਈ ਰਿਸ਼ਤਾ ਨਾ ਮਿਲਦਾ ਜਾਂ ਪੁਨੀ ਅਉਧ ਵਾਲੇ ਦੀ ਵਾਰਿਸ ਪੈਦਾ ਕਰਨ ਦੀ ਲਾਲਸਾ ਕਿਸੇ ਨਰੜ ਦਾ ਕਾਰਨ ਬਣਦੀ ਤਾਂ ਪੰਜਾਬੋਂ ਬਾਹਰਲੇ ਪੂਰਬ ਵੱਲ ਦੇ ਇਲਾਕਿਆਂ ਦੀਆਂ ਔਰਤਾਂ ਖਰੀਦ ਕੇ ਲਿਆਂਦੀਆਂ ਜਾਂਦੀਆਂ, ਜਿਹਨਾਂ ਦੇ ਮਾਂ ਬਾਪ ਮੁਫਲਿਸੀ ਦੀ ਚੱਕੀ ਵਿਚ ਪਿਸਦੇ ਸਨ। ਉਹ ਧੀਆਂ ਧਿਆਣੀਆਂ ਦੇ ਸੌਦੇ ਕਰਨ ਤੇ ਮਜਬੂਰ ਹਨ, ਜਿੱਥੋਂ ਦੇ ਬਾਬਰ ਜੋਰੀ ਦਾਨ ਮੰਗਦੇ ਹਨ। ਪੰਜਾਬ ਦੀ ਭਰਪੇਟ ਭੋਜਨ ਹਾਸਲ ਕਰਨ ਦੀ ਖੁਸ਼ਹਾਲੀ, ਉਹਨਾਂ ਪਰਦੇਸਣਾਂ ਦੇ ਚਿਹਰਿਆਂ ਤੇ ਚਮਕ ਲੈ ਆਉਂਦੀ ਹੈ, ਜਿਹਨਾਂ ਨੂੰ ਇਥੇ ਕੁਦੇਸਣ ਕਹਿ ਕੇ ਤ੍ਰਿਸਕ੍ਰਿਤ ਕੀਤਾ ਜਾਂਦਾ ਹੈ। ਕਿਸੇ ਵੀ ਸਾਊ ਸਮਾਜ ਦੇ ਮੱਥੇ ਤੇ ਇਸ ਤੋਂ ਵੱਡਾ ਕਲੰਕ ਕੀ ਹੋਏਗਾ, ਜਿੱਥੇ ਮੱਝਾਂ ਗਾਵਾਂ ਜਿਉਂ ਆਦਮ ਤੇ ਹਵਾ ਦੀਆਂ ਜਾਈਆਂ ਦੇ ਸੌਦੇ ਕੀਤੇ ਜਾਂਦੇ ਹਨ। ਇਸ ਵਿਚ ਉਹਨਾਂ ਵੈਲੀਆਂ ਦੇ ਕਿੱਸੇ ਹਨ ਜਿਹਨਾਂ ਦਾ ਨਾਂ ਕੋਈ ਘਰ ਰਿਹਾ ਨਾਂ ਘਾਟ। ਉਹ ਨਸ਼ਿਆਂ ਦੇ ਸੇਵਨ ਨਾਲ ਆਪਣੀ ਚਾਹਤ ਨੂੰ ਪਾਉਣ ਦੀਆਂ ਅਸਫਲ ਕੋਸ਼ਿਸ਼ਾਂ ਕਰਦੇ ਹਨ। ਖੁਦ ਨੂੰ ਦੁਰਕਾਰੇ ਲੋਕ ਸਮਝਦੇ ਹਨ। ਉਹਨਾਂ ਦੀਆਂ ਹਿੱਕਾਂ ਵਿਚ ਹਉਕੇ ਉੱਠਦੇ ਹਨ ਅੰਦਰ ਹੀ ਅੰਦਰ ਮਰ ਜਾਣ ਵਾਸਤੇ। ਦੂਜੇ ਸੂਬਿਆਂ ਵਿਚੋਂ ਲਿਆਂਦੀਆਂ ਔਰਤਾਂ ਨੂੰ ਵੀ ਪਿੱਤਰੀ ਸੰਪਤੀ ਸਮਝ ਕੇ, ਖਰੀਦਣ ਵਾਲਾ ਜੇ ਮਰ ਜਾਏ ਤਾਂ ਉਸਦੇ ਭਰਾ ਆਪਣਾ ਅਧਿਕਾਰ ਖੇਤਰ ਸਮਝਦੇ ਹਨ।

ਆਪਣੇ ਤੋਂ ਦੂਣੀ ਤੀਣੀ ਉਮਰ ਵਾਲਿਆਂ ਨਾਲ ਕਰੇਵੇ ਦੇ ਬੰਧਨ ਵਿਚ ਬੱਝੀਆਂ ਔਰਤਾਂ ਨੂੰ ਜੇ ਹਾਣ ਸੈਨਤਾਂ ਮਾਰੇ ਮਤਾਂ ਉਹ ਜੋਰ ਜਜ਼ਬਿਆਂ ਅੱਗੇ ਕਿਵੇਂ ਵੇਹਰਨ ? ਜਿੱਥੇ ਪ੍ਰੇਮ ਹੈ ਉਤੇ ਨੇਮ ਕੇਹਾ ? ਕਦੇ ਕਦੇ ਉਹਨਾਂ ਦੀ ਪਸੰਦ ਲੋਕ-ਲਾਜ ਦੇ ਸਾਰੇ ਬੰਧਨ ਤੋੜਕੇ ਆਪਣੀਆਂ ਮੁਰਾਦਾਂ ਪੂਰੀਆਂ ਕਰਦੀ ਹੈ। ਲੇਖਕ ਦੀ ਵਰਣਨ ਕਲਾ ਵਿਚ ਸੰਜਮ, ਸੰਖੇਪਤਾ ਅਤੇ ਸੂਹਜ ਬਰਕਰਾਰ ਹੈ। ਵਿਅਕਤੀਆਂ ਦੀ ਪਾਤਰ ਉਸਾਰੀ ਉਤੇ ਉਸ ਨੂੰ ਮੁਹਾਰਤ ਹਾਸਲ ਹੈ। ਜਿਵੇਂ ਸੁਚੱਜਾ ਕਲਾਕਾਰ ਬੁਰਸ਼ ਦੀਆਂ ਇਕ ਦੋ ਛੋਹਾਂ ਨਾਲ ਮੂਰਤਾਂ ਨੂੰ ਜਿਉਂਦਿਆਂ ਕਰ ਦਿੰਦਾ ਹੈ, ਇਵੇਂ ਹੀ ਉਹਦੀ ਕਲਮ ਜੀਉਂਦੇ ਜਾਗਦੇ ਪਾਤਰਾਂ ਨੂੰ ਸਿਰਜਣ ਦੇ ਸਮਰੱਥ ਹੈ। ਪੌਢ ਜੀਵਨ ਦਾ ਬਾਲ ਮਨ ਤੇ ਪਿਆ ਅਨੁਭਵ ਹੀ ਉਸਦੀ ਰਚਨਾ ਵਿਚ ਮਿੱਟੀ ਦੀ ਮਹਿਕ ਖਿਲੇਰਨ ਦਾ ਕਾਰਨ ਬਣਦਾ ਹੈ। ਪਹੇ, ਡੰਡੀਆਂ, ਕੱਚੇ ਰਸਤੇ, ਤੁਰਨ ਵਾਲੇ ਪੈਰਾਂ ਨੂੰ ਇਸ਼ਾਰੇ ਕਰਦੇ ਜਾਪਦੇ ਹਨ। ਹਾਰਿਆਂ ਚੁੱਲ੍ਹਿਆਂ ਵਿਚੋਂ ਨਿਕਲਦਾ ਧੂੰਆਂ ਜ਼ਿੰਦਗੀ ਨਾਲ ਕੋਈ ਤਾਰ ਜੋੜਦਾ ਮਾਲੂਮ ਹੁੰਦਾ ਹੈ। ਘਰ ਵਿਚ ਦੀਵਾ ਜਗਦਾ ਰੱਖਣ ਦਾ ਚਾਅ, ਬਾਲ ਕਿਲਕਾਰੀਆਂ ਨੂੰ ਲੋਚਦੇ ਕੰਨ, ਜਿਵੇਂ-ਕਿਵੇਂ ਤੀਵੀਂ ਦਾ ਜੁਗਾੜ ਕਰਨ ਦੀ ਸਿਆਣਪ, ਪੰਜਾਬੀ ਮਾਨਸਿਕਤਾ ਦਾ ਹਿੱਸਾ ਬਣ ਚੁੱਕਾ ਹੈ। ਜੱਗੋਂ ਟੁੱਟ ਲੋਕ ਜਾਂ ਸਾਧ ਬਣਦੇ ਜਾਂ ਡਾਕੂ, ਵੈਲੀ, ਪੰਜੇ ਐਬ ਸ਼ਰਈ। ਆਪਣੇ ਅੰਦਰ ਦੇ ਖ਼ਲਾਅ ਨੂੰ ਪੂਰਨ ਲਈ ਨਸ਼ਿਆਂ ਦਾ ਮਸਨੂਈ ਸਹਾਰਾ। ਪੰਛੀ ਨੇ ਜਿਸ ਪੈਨੀ ਦ੍ਰਿਸ਼ਟੀ ਨਾਲ ਇਹਨਾਂ ਅਣਹੋਇਆਂ ਦਾ ਜ਼ਿਕਰ ਕੀਤਾ ਹੈ ਉਹ ਉਸਦੀ ਕਲਾਤਮਕ ਪ੍ਰਬੀਨਤਾ ਦਾ ਸੂਚਕ ਹੈ। ਜੱਟਾਂ ਦੀ ਖਾਨਦਾਨੀ ਅੜਬਾਈ ਅਤੇ ਸ਼ਰੀਕਾਂ ਉਤੇ ਧੌਂਸ ਰੱਖਣ ਲਈ ਹੁੰਦੇ ਝਗੜੇ ਦਾ ਜ਼ਿਕਰ ਪੰਛੀ ਦੀ ਰਚਨਾ ਵਿਚ ਹਾਜ਼ਰ ਹੈ। ਕੋਈ ਕੋਈ ਸਿਰੜ ਵਾਲੀ ਔਰਤ ਆਪਣੇ ਨਿਤਾਣੇ ਜੁੱਸੇ ਵਾਲੇ ਮਰਦ ਲਈ ਹੌਸਲੇ ਦੀ ਕੰਧ ਬਣਕੇ ਖਲੋਤੀ ਦਿਸਦੀ ਹੈ। "ਕੁਦੇਸਣ" ਭਾਵੇਂ ਪਹਿਲਾਂ ਕਿਸੇ ਪੰਜਾਬੀ ਢਾਬੇ ਵਾਲੇ ਨਾਲ ਵਿਆਹੀ ਹੋਣ ਕਾਰਨ ਬੋਲੀ ਤੋਂ ਵਕਿਫ ਹੈ। ਫਿਰ ਵੀ ਦੇਸੀ ਔਰਤਾਂ ਸ਼ਾਇਦ ਉਸਨੂੰ ਆਪਣੇ ਰਾਹ ਦਾ ਰੋੜਾ ਸਮਝ ਕੇ, ਉਸ ਲਈ ਪਰਗਟ ਈਰਖਾ ਦਾ ਮੁਜ਼ਾਹਰਾ ਕਰਦੀਆਂ ਹਨ। ਪਿੰਡ ਦਾ ਗੱਭਰੂ ਸੁਲੱਖਣ ਜਦੋਂ ਅਖੀਰ ਤੇ ਪਰਦੇਸਣ ਤੀਵੀਂ ਨਾਲ ਲਾਵਾਂ ਫੇਰੇ ਕਰ ਲੈਂਦਾ ਹੈ ਤਾਂ ਪੰਛੀ, ਜਗੀਰੂ ਮਾਨਸਿਕਤਾ ਉਤੇ ਕੌਮਾਂਤਰੀ ਪੰਜਾਬੀ ਸੁਭਾਅ ਦੀ ਜਿੱਤ ਦੇ ਝੰਡੇ ਗੱਡ ਦਿੰਦਾ ਹੈ। ਤਕਰੀਬਨ ਇਹੋ ਜਹੀ ਸਮੱਸਿਆ ਪੰਛੀ ਦੇ ਇਕ ਹੋਰ ਨਾਵਲ "ਆਪਣੇ ਹਿੱਸੇ ਦੀ ਮਿੱਟੀ" ਵਿਚ ਮਿਲਦੀ ਹੈ। ਪੰਜਾਬ ਦੇ ਦੁਆਬੇ, ਪੁਆਧ ਖਿਤਿਆਂ ਤੋਂ ਬਾਦ ਬਿਹਾਰ ਦੇ ਆਂਚਲਕ ਜਗਤ ਦੇ ਦਰਸ਼ਨ ਇਸ ਨਾਵਲ ਵਿਚੋਂ ਹੁੰਦੇ ਹਨ। ਚੋਖਾ ਤੁਰਿਆ ਫਿਰਿਆ ਅਤੇ ਭਰਮਣ ਸ਼ੀਲ ਵਿਅਕਤੀ ਹੀ ਇਸ ਤਰ੍ਹਾਂ ਦੀਆਂ ਰਚਨਾਵਾਂ ਕਰਨ ਦੇ ਸਮਰੱਥ ਹੋ ਸਕਦਾ



Namdhari Elibrary NamdhariElibrary@gmail.com

ਹੈ। ਇਸ ਵਿਚ ਵੀ ਸਾਮੰਤੀ ਪਰਬੰਧ ਦੀ ਪਤਝੜ ਦਾ ਬਿਆਨ ਹੈ। ਜੇਤੂ ਸਰਮਾਏਦਾਰੀ ਖਿੱਤਿਆਂ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਭੂਗੋਲਿਕ ਪਿੰਡ ਦੀ ਸਿਰਜਣਾ ਦੇ ਆਹਰ ਵਿਚ ਹੈ। ਭਾਵੇਂ ਇਸ ਦਾ ਅਰਥ ਇਹ ਨਹੀਂ ਕਿ ਇਸ ਨਾਲ ਬੰਦੇ ਦੀਆਂ ਸਾਰੀਆਂ ਮੁਸੀਬਤਾਂ ਮੁੱਕ ਜਾਂਦੀਆਂ ਹਨ ਉਸ ਲਈ ਤਾਂ ਹੋਰ ਵਿਕਸਿਤ ਅਤੇ ਬੇਹਤਰ ਸਮਾਜੀ ਆਰਥਿਕ ਪ੍ਰਬੰਧ ਦੀ ਲੋੜ ਹੁੰਦੀ ਹੈ। ਜਿਸ ਤੋਂ ਪੰਛੀ ਪੂਰਾ ਸੁਚੇਤ ਹੈ।

"ਟੁਕੜਿਆਂ ਵਿਚ ਵੰਡਿਆ ਆਦਮੀ" ੨੯ ਕਾਂਡਾਂ ਤੇ ਫੈਲਿਆ ਨਾਵਲ ਹੈ। ਇਸ ਦੇ ਹਰ ਕਾਂਡ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਵਿਚ ਇਕ ਪੂਰੀ ਕਹਾਣੀ ਬਿਆਨ ਕੀਤੀ ਹੁੰਦੀ ਹੈ। ਸਾਰੀਆਂ ਕਹਾਣੀਆਂ ਆਪਣੇ ਆਪ ਵਿਚ ਸੁਤੰਤਰ ਕਥਾ ਇਕਾਈਆਂ ਵੀ ਹਨ ਤੇ ਸਾਰੀਆਂ ਦਾ ਜੋੜ ਇਕ ਉਪਨਿਆਸ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹ ਪੰਛੀ ਹੋਰਾਂ ਦੀ ਆਪਣੀ ਨਿਵੇਕਲੀ ਸ਼ੈਲੀ ਵਿਚ ਲਿਖਿਆ ਜੀਵਨੀ ਮੂਲਕ ਗਲਪ ਸਾਹਿਤ ਹੈ ਜਿਸ ਦੇ ਨਿੱਕੇ -ਨਿੱਕੇ ਟੁਕੜਿਆਂ ਦੀ ਜੁੜਤ ਦੀ ਆਪਣੀ ਅਨੂਠੀ ਵੱਥ ਹੈ। ਗਹਿਰ ਗੰਭੀਰ ਤੇ ਲੰਮੀਆਂ ਗੱਲਾਂ ਨੂੰ ਥੋਹੜੇ ਵਿਚ ਮੁਕਾਉਣ ਦੀ ਪੰਛੀ ਦੀ ਕਲਾ ਜੁਗਤ ਉਸ ਨੂੰ ਆਪਣਾ ਨਿਵੇਕਲਾ ਅੰਦਾਜ਼ ਬਖਸ਼ਦੀ ਹੈ। ਉਸ ਦੇ ਕੋਲ ਵਿਅੰਗ ਦੀ ਸੂਖਮ ਕੈਂਚੀ ਵੱਡੇ-ਵੱਡੇ ਖੱਬੀ ਖਾਨਾਂ ਦੇ ਪਰ ਕਤਰਣ ਵਿਚ ਦੇਰ ਨਹੀਂ ਲੱਗਣ ਦਿੰਦੀ। ਉਹ ਹਸਾਸ ਮਨੁੱਖੀ ਹਿਰਦਾ ਰੱਖਦਾ ਹੈ। ਵਿਤਕਰੇ ਤੇ ਅਨਿਆਂ ਵਿਰੁੱਧ ਚੁੱਪ ਰਹਿਣਾ ਉਸ ਨੂੰ ਭਾਉਂਦਾ ਨਹੀਂ। ਤਰਸ ਦਾ ਪਾਤਰ ਬਣਕੇ ਜਿਊਣਾ ਉਸ ਦੇ ਸੁਭਾਅ ਵਿਚ ਸ਼ਾਮਲ ਨਹੀਂ। ਸੰਸਕ੍ਰਿਤ ਦੇ ਉਸਤਾਦ ਹਰਬੰਸ ਲਾਲ ਦਾ ਰਟਨ ਮੰਤਰ "ਚਰੈਵੇਤੀ" "ਚਰੈਵੇਤੀ" (ਚੱਲਦੇ ਰਹੋ, ਚੱਲਦੇ ਰਹੋ) ਨੂੰ ਜੀਵਨ ਦਾ ਮੂਲ ਮੰਤਰ ਬਣਾ ਕੇ ਹੀ ਪੰਛੀ ਨੇ ਬੜਾ ਸਕਿਰਯ ਜੀਵਨ ਗੁਜ਼ਾਰਿਆ ਹੈ। ਭੈਣੀ ਸਾਹਿਬ ਵਿਦਿਆਲੇ ਦੇ ਜੀਵਨ ਵਿਚ ਪੰਛੀ ਹੋਰਾਂ ਨੇ ਬਹੁਤ ਸਾਰੀਆਂ ਇਤਿਹਾਸਕ, ਸਾਹਿਤਕ ਅਤੇ ਰਾਜਨੀਤਕ ਹਸਤੀਆਂ ਦੇ ਬੁਲੰਦ ਦਰਸ਼ਨ ਵੀ ਕੀਤੇ ਅਤੇ ਆਪਣੇ ਭਾਵੀ ਜੀਵਨ ਸੰਗਰਾਮ ਦੀ ਦਾਗ ਬੇਲ ਵੀ ਉਹਨਾਂ ਨੂੰ ਇੱਥੇ ਸਪੱਸ਼ਟ ਹੁੰਦੀ ਵਿਖਾਈ ਦਿੰਦੀ ਸੀ। ਆਪਣੇ ਨਾਨਕੇ ਪਰਿਵਾਰ ਵਿਚ ਜ਼ਮੀਨ ਦੇ ਲਾਲਚ ਕਰਕੇ ਸ਼ਰੀਕਾਂ ਦੁਆਰਾ ਕਰਵਾਈਆਂ ਮੌਤਾਂ ਤੋਂ ਪੰਛੀ ਦੇ ਮਨ ਵਿਚੋਂ ਜ਼ਮੀਨ ਦੀ ਮਾਲਕੀ ਭੋਗਣ ਦਾ ਮੋਹ ਵੀ ਉੱਡ ਪੁੱਡ ਗਿਆ। ਉਹ ਹੁਣ ਹੋਰ ਜ਼ਹਿਰ ਦੇ ਬੀਜ ਨਹੀਂ ਬੀਜਣਾ ਚਾਹੁੰਦਾ ਸੀ। ਨਿੱਜੀ ਸੰਪਤੀ ਦੀ ਹਵਸ ਤੋਂ ਮੁਕਤ ਹੋਣ ਦਾ ਕਾਰਜ ਉਹ ਬਹੁਤ ਪਹਿਲਾਂ ਕਰ ਆਇਆ ਸੀ। ਗੋਰਕੀ ਤੇ ਪ੍ਰੇਮ ਚੰਦ ਬਣਨ ਦੇ ਸੁਪਨੇ ਲੈਂਦਿਆਂ ਉਸ ਇਕ ਲੇਖਕ ਸੁਆਣੀ ਨਾਲ ਵਿਆਹ ਵੀ ਕਰਵਾਇਆ। ਵੱਡਾ ਬੰਦਾ ਛੋਟੇ ਟੀਚੇ ਕਿਉਂ ਮਿਥੇ ? ਉਹ ਜ਼ਿੰਦਗੀ ਦੀਆਂ ਰੰਗੀਨੀਆਂ ਦਾ ਬਿਆਨ ਵੀ ਬੜੀ ਸ਼ਿੱਦਤ ਨਾਲ ਕਰਦਾ ਹੈ। ਆਪਣੇ ਅੰਤਰੰਗ ਪਲਾਂ ਦੀ ਝਲਕ ਪਾਠਕਾਂ ਨੂੰ ਵਿਖਾਉਂਦਾ ਹੈ। ਪੰਛੀ ਹੋਰਾਂ ਦੀ ਇਹ ਪੁਸਤਕ ਦਿੱਲੀ ਸਰਕਾਰ ਤੋਂ ਸਨਮਾਨਿਤ ਵੀ ਹੋਈ।

ਉਹਨਾਂ ਦਾ ਅੰਤਿਮ ਨਾਵਲ "ਸੋਲਾਂ ਚਰਚ ਰੋਡ" ਵੀ ਉਪਰਲੇ ਨਾਵਲ ਦਾ ਅਗਲੇਰਾ ਵਿਸਥਾਰ ਹੈ। ਇਹ ਵੀ ਉਹਨਾਂ ਦੀ ਆਤਮ ਕਥਾ ਦੇ ਆਧਾਰ ਤੇ ਲਿਖਿਆ ਗਿਆ ਹੈ। ਇਸ ਵਿਚ ਉਹਨਾਂ ਨੇ ਕਮਿਊਨਿਸਟ ਅੰਦੋਲਨ ਦੀ ਧੁੱਪ -ਛਾਂ ਨੂੰ ਚਿਤਰਿਆ ਹੈ। ਵੱਖ-ਵੱਖ ਰੰਗਾਂ ਦੇ ਕਿਰਦਾਰ ਇਸ ਅੰਦੋਲਨ ਵਿਚ ਆਪਣੀ ਭੂਮਿਕਾ ਸਦਕਾ ਚਰਚਿਤ ਹੁੰਦੇ ਹਨ। ਕੁਝ ਦਮ ਉੱਖੜ ਗਿਆ ਅਤੇ ਰਸਤੇ ਵਿਚ ਡਿੱਗ ਪਏ। ਕੁੱਝ, ਜਿਹਨਾਂ ਕਦਰਾਂ ਕੀਮਤਾਂ ਜੋ ਵੇਲਾ ਵਿਹਾ ਚੁੱਕੀਆਂ ਸਨ, ਨਾਲ ਖਹਿਬੜਣ ਲਈ, ਘਰੋਂ ਨਿਕਲੇ ਸਨ, ਉਹਨਾਂ ਨਾਲ ਸਮਝੌਤਾ ਕਰ ਕੇ ਘਰ ਵਸਾ ਬੈਠੇ ਸਨ। ਕੁਝ ਪਹਾੜੀ ਚਸ਼ਮੇ ਦੇ ਪਾਣੀ ਜਿਉਂ ਬੜੇ ਸਾਫ-ਸ਼ਫਾਫ ਕਿਰਦਾਰ ਸਨ। ਅੰਦਰੋਂ ਬਾਹਰੋਂ ਇਕੋ ਜਹੇ। ਤੇ ਕੁਝ ਆਪਣੇ ਚੌਗਿਰਦੇ ਦੀ ਧੂੜ ਆਪਣੇ ਪਿੰਡਿਆਂ ਤੇ ਲੈਕੇ ਆਏ ਸਨ ਜੋ ਜੀਵਨ ਸਾਥੀਆਂ ਨਾਲ ਵੀ ਠੱਗੀਆਂ ਮਾਰਨੋਂ ਬਾਜ ਨਹੀਂ ਸਨ ਆਉਂਦੇ। ਪੱਛਮੀ ਪੰਜਾਬ ਦੇ ਨਾਵਲਕਾਰ ਫਰਜ਼ੰਦ ਅਲੀ ਨੇ ਆਪਣੇ ਪ੍ਰਸਿਧ ਨਾਵਲ 'ਭੁੱਬਲ' ਵਿਚ ਜਿਸ ਤਰ੍ਹਾਂ ਅਵਾਮੀ ਸ਼ਾਇਰ ਉਸਤਾਦ ਦਾਮਨ ਹੋਰਾਂ ਦੀ ਜੀਵਨੀ ਉਲੀਕੀ ਹੈ। ਪੰਛੀ ਹੋਰਾਂ ਆਪਣੇ ਇਸ ਨਾਵਲ ਵਿਚ ਲੋਕ-ਪੱਖੀ ਕਵੀ ਪਿਆਰਾ ਸਿੰਘ ਸਹਿਰਾਈ ਹੋਰਾਂ ਦੀਆਂ ਕਾਬਲੇ-ਰਸ਼ਕ ਨੋਕੀਆਂ ਦਰਜ ਕੀਤੀਆਂ ਹਨ ਜੋ ਉਹ ਉਜੜਿਆਂ, ਬੁਝਿਆਂ ਲੋੜਵੰਦਾਂ ਤੇ ਕਰਦੇ ਰਹੇ ਹਨ।

ਜੀਵਨ ਦੇ ਰਣ ਤੱਤੇ ਵਿਚ, ਕਲਮ ਦੇ ਮੋਰਚੇ ਤੇ ਜੂਝਣ ਵਾਲੇ ਪ੍ਰੀਤਮ ਸਿੰਘ ਪੰਛੀ, ਪੰਜਾਬੀ ਪਾਠਕਾਂ ਤੇ ਜਿਊਂਦੀ ਸੋਚ ਵਾਲੇ ਲੋਕਾਂ ਲਈ ਇਕ ਚੰਗੀ ਧਰੋਹਰ ਛੱਡ ਗਏ। ਉਹ ਨਾਮਧਾਰੀ ਅੰਦੋਲਨ ਦੇ ਇਨਕਲਾਬੀ ਵਿਰਸੇ ਨੂੰ, ਇਕ ਧਰੁਵੀ ਵਿਸ਼ਵ ਦੀਆਂ ਹਾਬੜੀਆਂ ਬਜ਼ਾਰ ਸ਼ਕਤੀਆਂ ਵਿਰੁੱਧ ਲਾਮਬੰਦੀ ਵਿਚ ਇਕ ਔਜ਼ਾਰ ਵਜੋਂ ਵਰਤਣਾ ਜਾਣਦੇ ਸਨ। ਵਿਰਸੇ ਤੇ ਵਰਤਮਾਨ ਦੇ ਦਵੰਦਤਾਮਕ ਰਿਸ਼ਤੇ ਦਾ ਉਹਨਾਂ ਨੂੰ ਚੰਗਾ ਭਾਨ ਸੀ। ਇਸ ਲਈ ਪੰਜਾਬੀ ਅਲੋਚਕਾਂ ਦੀ ਗਿਣੀ ਮਿਥੀ ਚੁੱਪੀ ਦੇ ਬਾਵਜੂਦ ਉਹਨਾਂ ਦੀਆਂ ਰਚਨਾਵਾਂ ਵਕਤ ਦੀ ਧੂੜ ਹੇਠੋਂ ਮੁੜ ਮੁੜ ਉਭਰਨ ਦੇ ਸਮਰੱਥ ਹਨ। ਸ਼ਾਇਦ ਪੰਛੀ ਜੀ ਪਾਕਿਸਤਾਨੀ ਪੰਜਾਬੀ ਸ਼ਾਇਰ ਇੱਬਾਦ ਨਬੀਲ ਸ਼ਾਦ ਦੇ ਇਸ ਸ਼ੇਅਰ ਨਾਲ ਆਪਣੇ ਪਾਠਕਾਂ ਨੂੰ ਮੁਖਾਤਿਬ ਹਨ :

"ਤੈਨੂੰ ਖੁੱਲ੍ਹ ਏ, ਛੱਡ ਦੇ, ਭੁੱਲ ਜਾ, ਚੇਤੇ ਰੱਖ,
ਮੈਂ ਤੇ ਤੋੜ ਨਿਭਾਣ ਦਾ ਵਾਅਦਾ ਕੀਤਾ ਏ।"

*ਕਰੀਵਾਲਾ (ਸਿਰਸਾ)*



Namdhari Elibrary NamdhariElibrary@gmail.com

# ਉਸਤਾਦ ਸਲਾਮਤ ਅਲੀ ਖ਼ਾਂ :
# ਸੰਗੀਤ, ਸਿਖਲਾਈ, ਸੁਰੀਲਾਪਨ ਅਤੇ ਸਾਤ੍ਵਿਕਤਾ

*—ਬਲਬੀਰ ਸਿੰਘ ਕੰਵਲ, ਯੂ.ਕੇ.*

ਸਲਾਮਤ ਅਲੀ ਖ਼ਾਂ ਉਸਤਾਦ ਵਿਲਾਇਤ ਅਲੀ ਖ਼ਾਂ (੧੯੦੪-੧੯੪੪) ਦੇ ਸਪੁੱਤਰ ਸਨ। ਵਿਲਾਇਤ ਖ਼ਾਂ ਦਾ ਰੰਗ ਤੇ ਬੇਸ਼ੱਕ ਕਾਲਾ ਭੁਜੰਗ ਸੀ, ਪਰ ਰੋਹਬ ਸੀ ਕਿਤੇ। ਉਨ੍ਹਾਂ ਦੀ ਅੱਖ 'ਚ ਹਰ ਵੇਲੇ ਉਂਝ ਵੀ ਸੁਰਖ਼ਾਈ ਜਿਹੀ ਰਹਿੰਦੀ ਸੀ। ਉਨ੍ਹਾਂ ਦਾ ਏਹੋ ਜਿਹਾ ਹੁਲੀਆ ਤਾਂ ਖ਼ਾਂ ਸਾਹਿਬ ਆਪਣੀ ਜ਼ੁਬਾਨੀ ਖ਼ੁਦ ਦੱਸਿਆ ਕਰਦੇ ਸਨ। ਲੋਕਾਂ ਦੀ ਜ਼ੁਬਾਨੀ ਇਹ ਸੀ ਕਿ ਬਜ਼ਾਤਿ ਖ਼ੁਦ ਉਹ ਆਪ ਐਨੇ ਤਕੜੇ ਗਾਇਕ ਤਾਂ ਨਹੀਂ ਸਨ, ਪਰ ਹਾਂ ਬਤਲਾਵੇ ਬਹੁਤ ਅੱਛੇ ਸਨ। ਨਜ਼ਾਕਤ ਸਲਾਮਤ ਦੀ ਜੋੜੀ ਨੂੰ ਜਿੱਥੇ ਉਹ ਰਾਗ ਰਾਗਨੀਆਂ ਦੀਆਂ ਕਈ ਕਈ ਬੰਦਸ਼ਾਂ ਹਿਫ਼ਜ਼ ਕਰਵਾਉਂਦੇ ਕਢਵਾਉਂਦੇ, ਓਥੇ ਜੇ ਇਹ ਚੇਤੇ ਨਾ ਰੱਖਣ ਜਾਂ ਉਂਜ ਹੀ ਰਿਆਜ਼ ਵਿਚ ਜ਼ਰਾ ਅਣਗਹਿਲੀ ਕਰਨ ਤਾਂ ਆਪਣੀਆਂ ਅੱਖਾਂ ਦੀ ਉਸ ਗਹਿਰ ਘੂਰ ਦੀ ਵਰਤੋਂ ਵੀ ਕਰ ਲੈਂਦੇ ਸਨ। ਲਾਡ ਕਰਦੇ ਪਰ ਧਮਕਚੌਂਗੀ ਫਿਰਨ ਦਾ ਡਰ ਵੀ ਬਣਾਈ ਰਖਦੇ।

ਸੰਗੀਤ ਵਿਦਿਆ ਦੇ ਉਸਤਾਦ ਹੋਣ ਤੋਂ ਛੁੱਟ ਉਹ ਹਿਕਮਤ ਦੇ ਵੀ ਵੱਡੇ ਗਿਆਤਾ ਸਨ। ਇਸ ਲਈ ਜਿੱਥੇ ਉਹ ਰਾਗਾਂ ਦੀ ਸਹੀਖਾਨੀ ਦਰਸਾਉਂਦਿਆਂ ਦਰਸ ਦਿੰਦੇ, ਓਥੇ ਉਹ ਹਕੀਮ ਹੋਣ ਦਾ ਫਾਇਦਾ ਉਠਾਉਂਦਿਆਂ ਆਪਣੇ ਇਨ੍ਹਾਂ ਦੋਹਾਂ ਬੇਟਿਆਂ ਨੂੰ ਸਾਤਵਿਕ ਭੋਜਨ ਬਾਰੇ ਵੀ ਗੱਲਾਂ ਬਾਤਾਂ ਆਮ ਦੱਸਦੇ ਰਹਿੰਦੇ। ਸਿਆਣਿਆਂ ਦੇ ਇਸ ਕਥਨ 'ਚ ਕਿੰਨੀ ਵੱਡੀ ਸੱਚਾਈ ਘੁੰਡ ਸਜਾਏ ਛੁਪੀ ਬੈਠੀ ਹੈ ਕਿ ਜੈਸਾ ਅੰਨ ਵੈਸਾ ਮਨ, ਜੈਸਾ ਪਾਣੀ-ਵੈਸੀ ਬਾਣੀ, ਜੈਸਾ ਦੁੱਧ-ਵੈਸੀ ਬੁੱਧ, ਜੈਸੀ ਸੰਗਤ-ਵੈਸੀ ਰੰਗਤ। ਸੋ ਉਹ ਇਨ੍ਹਾਂ ਬੱਚਿਆਂ ਨੂੰ ਤੋਰੀਆਂ, ਮੂਲੀਆਂ, ਵੇਂਗਣਾਂ, ਗੱਲ ਕੀ ਹਰ ਸਬਜ਼ੀ ਦੇ ਅਸਰ ਪ੍ਰਹੇਜ਼ ਜਾਂ ਨਫੇ ਨੁਕਸਾਨ ਤੋਂ ਜਾਣੂ ਕਰਵਾਉਂਦੇ। ਭਾਵੇਂ ਕਿ ਮਾਹਾਂ ਦੀ ਦਾਲ ਵੀ ਬੜੀ ਸੁਆਦ ਬਣਦੀ ਹੈ- ਪੌਸ਼ਟਿਕ ਤੱਤਾਂ ਨਾਲ ਭਰਪੂਰ, ਖ਼ੂਨ ਦੇ ਧਾਤੂਆਂ 'ਚ ਵਾਧਾ ਕਰਨ ਵਾਲੀ (ਉਂਝ ਬਾਦੀ), ਸੁਸਤੀ ਆਲਸੀ ਨੂੰ ਦੂਰ ਕਰਨ ਵਾਲੀ ਮਨੁੱਖ 'ਚ ਘੋੜੇ ਜਿਹੀ ਤਾਕਤ ਪੈਦਾ ਕਰਨ ਦੇ ਸਮਰੱਥ ਵੀ। ਇਨ੍ਹਾਂ ਸਭਨਾਂ ਗੱਲਾਂ ਨੂੰ ਜਾਣਦੇ ਵੀ ਉਹ ਯੋਗੀਆਂ ਫ਼ਕੀਰਾਂ ਵਾਂਗ ਦਾਲਾਂ ਵਿਚੋਂ ਮੂੰਗੀ ਸਾਬਤ ਨੂੰ ਸ਼ਹਿਨਸ਼ਾਹ ਮੰਨਦੇ। ਉਹ ਆਖਦੇ ਕਿ ਸ਼ੋਰਾ ਗਲਾ ਅਤੇ ਛਾਤੀ ਸਾਫ਼ ਕਰਦਾ ਹੈ। ਮਾਸ ਬਣਾਉਣ ਲੱਗਿਆਂ ਉਹ ਵਿਚ ਕੋਈ ਨਾ ਕੋਈ ਸਬਜ਼ੀ ਰਲਾ ਕੇ ਚਾੜ੍ਹਨ ਨੂੰ ਇਸ ਲਈ ਤਰਜੀਹ ਦਿੰਦੇ ਕਿ ਇੰਝ ਕਰਨ ਨਾਲ ਪੇਟ ਖ਼ਰਾਬ ਨਹੀਂ ਹੁੰਦਾ। ਉਹ ਇਸ ਯਕੀਨ ਦੇ ਧਾਰਨੀ ਸਨ ਕਿ ਜੇਕਰ ਤੁਸੀਂ ਕਿਸੇ ਦਾਲ ਸਬਜ਼ੀ ਦਾ ਅਸਰ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਇਸ ਨੂੰ ਇਕ ਦੋ ਡੰਗ ਖਾਣ ਦੀ ਬਜਾਏ, ਘੱਟੋ ਘੱਟ ਬਿਨਾ ਨਾਗਾ ਇਕ ਹਫਤਾ ਖਾਓ...ਤਾਂ ਹੀ ਤਾਂ ਠੀਕ ਅਸਰ ਹੋਏਗਾ... ਨਹੀਂ ਤੇ ਨਹੀਂ। ਮਠਿਆਈ ਗਲ 'ਚ ਬਹਿੰਦੀ ਹੈ। ਖੱਟੀਆਂ ਚੀਜ਼ਾਂ ਤਾਂ ਬਹੁਤ ਦੂਰ ਦੀ ਗੱਲ ਹੈ, ਉਹ ਇਨ੍ਹਾਂ ਭਰਾਵਾਂ ਨੂੰ ਬੇਰ ਖਾਣ ਅਤੇ ਗੰਨਾ ਚੂਪਣ ਤੋਂ ਵੀ ਵਰਜਦੇ। ਅਖੇ ਇਨ੍ਹਾਂ ਦੋਹਾਂ ਚੀਜ਼ਾਂ ਨਾਲ ਆਵਾਜ਼ ਖ਼ੁਸ਼ਕ ਹੋ ਜਾਂਦੀ ਹੈ। ਢਿੱਡ ਭਰ ਕੇ ਕੋਈ ਫਲ ਖਾਣ ਦੀ ਜੇਕਰ ਛੁੱਟੀ ਸੀ ਤਾਂ ਉਹ ਕੇਲਾ ਸੀ। ਹਾਂ ਰਾਤ ਨੂੰ ਜਾਂ ਫਿਰ ਰੱਜਵਾਂ ਦੁੱਧ। ਸਲਾਮਤ ਅੰਬ ਬਹੁਤ ਪਸੰਦ ਕਰਦੇ ਸਨ।

ਮਿਹਨਤ ਰਿਆਜ਼ੀ, ਐਨੀ ਕਰੜੀ ਤਪੱਸਿਆ ਅਤੇ ਨਿਗਰਾਨੀ ਦਾ ਇਹ ਅਸਰ ਹੋਇਆ ਕਿ ਇਨ੍ਹਾਂ ਦਾ ਗਲ਼ਾ ਮਾਖਿਉਂ ਮਿੱਠਾ ਹੋ ਗਿਆ ਅਤੇ ਉਂਜ ਵੀ ਹੋਰਨਾਂ ਗਵੱਈਆ ਵਾਂਗ ਚੌਥੀ ਤਾਨ ਤੇ ਹੀ ਪਾਣੀ ਪੀਣ ਦੀ ਲੋੜ ਮਹਿਸੂਸ ਕਰਨ ਦੀ ਬਜਾਏ, ਸੱਤ ਅੱਠ ਘੰਟੇ ਪਾਣੀ ਦਾ ਇਕ ਘੁੱਟ ਵੀ ਪੀਤੇ ਬਗ਼ੈਰ ਲਗਾਤਾਰ ਗਾਉਣ ਦੇ ਸਮਰੱਥ ਹੋ ਗਏ। ੧੯੪੭ 'ਚ ਪਾਕਿਸਤਾਨ ਕਾਹਦਾ ਬਣਿਆ ? ਸੱਤਾ ਦੇ ਭੁੱਖਿਆਂ ਸਿਆਸੀ-ਲੀਡਰਾਂ ਜਾਂ ਕੱਟੜਪੰਥੀਆਂ ਲਈ ਬਣ ਗਿਆ ਹੋਵੇਗਾ ਸੱਭ ਕੁਝ। ਪਰ ਜੇਕਰ ਸਹੀ ਪੁੱਛੋ ਤਾਂ ਉਹ ਪੰਜਾਬੀ ਸਭਿਆਚਾਰ ਦੀ ਸਦੀਆਂ ਪਿਛੋਂ ਪਨਪੀ ਪੱਸਰੀ ਮੌਲੀ ਗੰਗਾ-ਜਮਨੀ ਰਹਿਤਲ ਦਾ ਜੇਕਰ ਕਬਰਸਤਾਨ ਨਹੀਂ ਤਾਂ ਘੱਟੋ ਘੱਟ ਕੱਲਤ ਜ਼ਰੂਰ ਸੀ।

ਉਨ੍ਹਾਂ ਜੀ-ਭਿਆਣੇ ਸਮਿਆਂ ਵਿੱਚ ਸ਼ਾਮਚੁਰਾਸੀ ਘਰਾਣੇ ਦੇ ਇਨ੍ਹਾਂ ਕਲਾਕਾਰਾਂ ਦਾ ਕਾਫ਼ਲਾ ਨਵੇਂ ਬਣੇ ਮੁਲਕ ਨੂੰ ਰਵਾਨਾ ਹੋ ਗਿਆ। ਉਨ੍ਹਾਂ ਨੂੰ ਗੁਆ ਕੇ ਕਿਹੜਾ ਸੰਗੀਤ ਪ੍ਰੇਮੀ ਸੀ ਜਿਸ ਨੇ ਧਾਹਾਂ ਨਹੀਂ ਮਾਰੀਆਂ। ਭਾਰਤ ਦੀਆਂ ਕੁਝ ਸੰਸਥਾਵਾਂ ਦੇ ਸੱਦੇ ਤੇ ਕਦੇ ਕਦੇ ਉਹ ਫਿਰ ਵੀ ਏਧਰ ਆ ਜਾਂਦੇ ਰਹੇ ਅਤੇ ਆਪਣੇ ਮਧੁਰ ਗਲਿਆਂ ਦੁਆਰਾ ਆਪਣੇ



Namdhari Elibrary NamdhariElibrary@gmail.com

ਸੰਗੀਤ ਦਾ ਜਾਦੂ ਬਖੇਰਦੇ ਰਹੇ। ਹਮਾਤੜਾਂ ਨੂੰ ਜਲੰਧਰ ਹਰਿਵੱਲਭ ਸੰਗੀਤ ਸੰਮੇਲਨਾਂ ਤੇ ਸੁਣਨ ਦਾ ਸਬੱਬ ਜੁੜਦਾ ਰਿਹਾ। ਹੁਸ਼ਿਆਰਪੁਰ ਵੀ ਜ਼ਰੂਰ ਹਾਜ਼ਰੀ ਭਰਦੇ। ਬਾਉਲੀਆਂ ਦੇ ਇਕੱਠ ਤੇ ਏਥੇ ਸ੍ਰੋਤਿਆਂ ਨੂੰ ਕੀਲਦੇ। ਏਥੇ ਇਕ ਸਾਡੇ ਪੁਰਾਣੇ ਮਿਤ੍ਰ ਜਗਜੀਤ ਸਿੰਘ ਤਰਸ ਰੇਡੀਓ ਆਰਟਿਸਟ, ਜਿਹੜੇ ਕਿ ਉਦੋਂ ਯੂਨੀਵਰਸਿਟੀ ਕਾਲਜ ਹੁਸ਼ਿਆਰਪੁਰ ਸੰਗੀਤ ਦੇ ਪ੍ਰੋਫੈਸਰ ਸਨ, ਉਨ੍ਹਾਂ ਨੂੰ ਵੀ ਮਿਲਦੇ। ਕਸ਼ਮੀਰੀ ਬਾਜ਼ਾਰ ਗੱਪ ਸ਼ੱਪ ਲੱਗਦੀ। ਵਿਸ਼ਨੂੰ ਫੋਟੋਗ੍ਰਾਫਰਜ਼ ਤਾਂ ਉਨ੍ਹਾਂ ਦੇ ਪਰਿਵਾਰ ਦੇ ਪੁਰਾਣੇ ਮੁਦਾਹਾਂ ਚੋਂ ਸਨ। ਸੂਝਵਾਨ ਸਰੋਤਿਆਂ ਵਲੋਂ ਉਨ੍ਹਾਂ ਨੂੰ ਹਰ ਥਾਂ ਭਰਪੂਰ ਸਲਾਹੁਤਾ ਮਿਲਦੀ ਰਹੀ। ਏਥੋਂ ਤੱਕ ਕਿ ਉਨ੍ਹਾਂ ਦੀ ਦੂਜੀ ਫੇਰੀ ਦੌਰਾਨ ਬਨਾਰਸ ਦੀ ਪ੍ਰਸਿੱਧ ਟੱਪਾ ਗਾਇਕ ਰਸੂਲਨ ਬਾਈ ਨੇ ਆਪਣੇ ਹੇਰਵੇ, ਹਿਰਖ ਅਤੇ ਸਤਿਕਾਰ ਦਾ ਇਜ਼ਹਾਰ ਕਦੇ ਏਹੋ ਜਿਹੇ ਸ਼ਬਦਾਂ ਰਾਹੀਂ ਕੀਤਾ ਸੀ, "ਉਹ ਭਈ ਨਜ਼ਾਕਤ ਸਲਾਮਤ ਤਾਂ ਫਾਤਹਿ (ਜੇਤੂ) ਹਿੰਦ-ਪਾਕਿ ਹਨ। ਹਿੰਦੁਸਤਾਨ ਉਹ ਫਤਿਹ ਕਰਨ ਲਈ ਹੀ ਆਉਂਦੇ ਹਨ। ਪਰ ਚਲੋ:-

ਨਜ਼ਾਕਤ ਸਲਾਮਤ, ਸਲਾਮਤ ਰਹੇਂ,
ਯਹਾਂ ਪਰ ਰਹੇਂ, ਯਾ ਵਹਾਂ ਪਰ ਰਹੇਂ !

੧੯੪੪ ਦੀਆਂ ਗੱਲਾਂ ਹਨ। ਇਨ੍ਹਾਂ ਭਰਾਵਾਂ ਦੀ ਤੂਫਾਨੀ ਜੋੜੀ ਆਪਣੇ ਪਿਤਾ ਨਾਲ ਹਿੰਦੁਸਤਾਨ ਦਾ ਦੌਰਾ ਕਰ ਰਹੀ ਸੀ। ਕਲਕੱਤੇ ਮਿਊਜ਼ਿਕ ਕਾਨਫ੍ਰੰਸ ਵਿਚ ਭਾਗ ਲੈਣ ਜਾ ਰਹੇ ਸਨ। ਘੁੰਮਦੇ ਘੁਮਾਉਂਦੇ ਜਦ ਇਹ ਉਰਦੂ ਦੇ ਪ੍ਰਸਿਧ ਸ਼ਾਇਰ ਅਲੀ ਸਿਕੰਦਰ 'ਜਿਗਰ' ਦੇ ਸ਼ਹਿਰ ਅਰਥਾਤ ਮੁਰਾਦਾਬਾਦ ਪਹੁੰਚੇ ਤਾਂ ਇਨ੍ਹਾਂ ਦੇ ਵਾਲਿਦ ਦੀ ਤਬੀਅਤ ਢਿੱਲੀ ਹੋ ਗਈ। ਛੇਤੀ ਹੀ ਫਿਰ ਕਾਲਵਸ ਹੋ ਗਏ। ਉਨ੍ਹਾਂ ਨੂੰ ਫਿਰ ਓਥੇ ਹੀ ਦਫਨਾ ਦਿੱਤਾ ਗਿਆ ਸੀ!

## ਸ਼ਹੀਦ ਭਗਤ ਸਿੰਘ ਬਾਰੇ ਕਵਿਤਾਵਾਂ

ਨੈਸ਼ਨਲ ਬੁੱਕ ਟ੍ਰੱਸਟ ਵਲੋਂ, ਸ਼ਹੀਦ ਭਗਤ ਸਿੰਘ ਬਾਰੇ ਛਪੀਆਂ ਕਵਿਤਾਵਾਂ ਦਾ ਸੰਗ੍ਰਹਿ ਤਿਆਰ ਹੋ ਰਿਹਾ ਹੈ। ਕੋਈ ਕਵੀ ਇਸ ਵਿਚ ਆਪਣੀ ਕਵਿਤਾ ਭੇਜਣਾ ਚਾਹੇ ਤਾਂ ਇਸ ਪਤੇ ਤੇ ਭੇਜੇ/ਸੰਪਰਕ ਕਰੇ:-

ਡਾ. ਧਰਮਪਾਲ ਸਿੰਗਲ
੫੫੨, ਫੇਜ਼ ੧ ਮੁਹਾਲੀ
੧੬੦੦੫

# ਘਰਾਂ ਦਾ ਸ਼ਿੰਗਾਰ—ਵਰਿਆਮ

ਅੱਜ ਦੁਨੀਆ ਦੀ ਪੈਸੇ ਪਿੱਛੇ ਦੌੜ ਲੱਗੀ ਹੋਈ ਹੈ। ਹਰ ਕੋਈ ਪੈਸੇ ਨੂੰ ਅਹਿਮੀਅਤ ਦਿੰਦਾ ਹੈ। ਚਾਹੇ ਕੋਈ ਵੀ ਰਿਸ਼ਤਾ ਹੋਵੇ ਭਾਵੇਂ ਮਾਂ-ਪਿਉ, ਭੈਣ-ਭਰਾ ਜਾਂ ਕੋਈ ਸਾਕ-ਸਬੰਧੀ ਪੈਸੇ ਨੂੰ ਪ੍ਰਧਾਨ ਸਮਝਕੇ ਹੀ ਉਸ ਮਗਰ ਦੌੜ ਲਾਈ ਬੈਠੇ ਹਨ। ਪਰ ਇਸ ਯੁੱਗ ਵਿਚ ਜਿਸ ਨੂੰ ਹਰ ਕੋਈ ਕਲਯੁੱਗ ਕਹਿ ਕੇ ਪੁਕਾਰਦਾ ਹੈ, ਕੁਝ ਇਹੋ ਜਿਹੇ ਇਨਸਾਨ ਵੀ ਹਨ ਜਿਨ੍ਹਾਂ ਨੂੰ ਪੈਸੇ ਨਾਲੋਂ ਇਨਸਾਨ ਦੀ ਕਦਰ ਜ਼ਿਆਦਾ ਹੈ, ਕਦੇ ਵੀ ਪੈਸੇ ਮਗਰ ਦੌੜਦਿਆਂ ਨਹੀਂ ਦੇਖਿਆ ਅਤੇ ਨਾ ਹੀ ਪੈਸੇ ਦੀ ਚਾਹ ਰੱਖੀ ਹੈ। ਸਾਊ ਸੁਭਾਅ ਅਤੇ ਮਿੱਠ-ਬੋਲੜਾ ਆਪਣੇ ਮੋਢਿਆਂ 'ਤੇ ਏਨੀ ਵੱਡੀ ਜ਼ਿੰਮੇਵਾਰੀ ਲੈ ਕੇ ਹਰ ਵੇਲੇ ਖੁਸ਼ ਰਹਿਣ ਵਾਲਾ ਜਗਦੀਸ਼ ਸਿੰਘ ਨਾਮਧਾਰੀ ਨੂੰ ਕੌਣ ਨਹੀਂ ਜਾਣਦਾ। ਸੰਤ ਦੇ ਨਾਂਅ ਨਾਲ ਜ਼ਿਆਦਾ ਲੋਕ ਜਾਣਦੇ ਹਨ। 'ਵਰਿਆਮ' ਨਾਂਅ ਦਾ ਰਸਾਲਾ ਕੱਢਣ ਕਰ ਕੇ ਜਗਦੀਸ਼ ਸਿੰਘ ਵਰਿਆਮ ਬਣ ਗਏ। ਵਰਿਆਮ ਵਾਕਿਆ ਹੀ ਬਹਾਦਰ, ਦਲੇਰ, ਅਣਖੀਲਾ ਰਸਾਲਾ ਹੈ, ਕਦੇ ਵੀ ਲੱਚਰਤਾ ਜਾਂ ਅਸ਼ਲੀਲਤਾ ਉਸ ਦੇ ਲਾਗਿਉਂ ਨਹੀਂ ਲੰਘੀ। ਹਰ ਵਾਰ ਉਸਾਰੂ ਅਤੇ ਨਵੇਂ ਰਾਹ ਦਿਖਾਉਣ ਵਾਲੇ ਲੇਖ ਉਸਦੀ ਵਰਿਆਮਤਾ ਦਾ ਸਬੂਤ ਦੇਂਦੇ ਹਨ। ਜਦੋਂ ਦਾ 'ਵਰਿਆਮ' ਨੇ ਜਨਮ ਲਿਆ ਹੈ, ਉਸ ਦੇ ਨੇੜੇ ਹੋ ਕੇ ਦੇਖਿਆ ਕਿ ਉਹ ਮੁਸੀਬਤਾਂ ਭਰੇ ਰਾਹਾਂ ਵਿਚੋਂ ਹੱਸ ਕੇ ਗੁਜ਼ਰਦਾ ਰਿਹਾ ਹੈ। ੩੦ ਸਾਲਾਂ ਨੂੰ ਢੁੱਕਦਾ ਹੋਇਆ ਇਹ ਵਰਿਆਮ ਦਿਨੋਂ-ਦਿਨ ਲੋਕਾਂ ਦੇ ਘਰਾਂ ਦਾ ਸ਼ਿੰਗਾਰ ਬਣਦਾ ਜਾ ਰਿਹਾ ਹੈ। ਲੱਚਰ ਕਿਸਮ ਦੇ ਇਸ਼ਤਿਹਾਰਾਂ ਅਤੇ ਅਸ਼ਲੀਲ ਤਸਵੀਰਾਂ ਦੇ ਨੇੜਿਉਂ ਵੀ ਨਾ ਲੰਘਦਾ ਹੋਇਆ, ਨੌਜਵਾਨਾਂ ਦੀ ਰੁਚੀ ਬਣਿਆ ਹੋਇਆ ਹੈ। ਨਾਮਧਾਰੀ ਸੰਸਥਾ ਨਾਲ ਸੰਬੰਧਿਤ ਇਹ 'ਵਰਿਆਮ' ਹਰ ਧਰਮ ਲਈ ਇਕੋ ਜਿੰਨਾ ਹਿੱਸਾ ਪਾਉਂਦਾ ਹੈ। ਅੱਜ ਦੇ ਜ਼ਮਾਨੇ 'ਚ ਅਖ਼ਬਾਰਾਂ, ਰਸਾਲੇ ਨਿੱਤ ਦਿਨ ਜਨਮ ਲੈਂਦੇ ਹਨ ਅਤੇ ਕੁਝ ਸਮਾਂ ਚਲ ਕੇ ਪਤਾ ਨਹੀਂ ਕਿਧਰ ਨੂੰ ਅਲੋਪ ਹੋ ਜਾਂਦੇ ਹਨ। ਸਿਆਸਤ ਤੋਂ ਪ੍ਰੇਹਜ ਕਰਨ ਵਾਲਾ ਇਹ ਰਸਾਲਾ ਆਪਣੇ ਆਪ ਵਿਚ ਵੱਖਰੀ ਪਹਿਚਾਣ ਹੈ। ਇਸ ਨਾਲ ਸੰਬੰਧਿਤ ਕੰਮ ਕਰਨ ਵਾਲਾ ਦੇਖਣ ਨੂੰ ਤਾਂ ਕਾਕਾ ਜਿਹਾ ਹੀ ਲੱਗਦਾ ਹੈ, ਪਰ ਹੈ ੫੭ ਸਾਲ ਦਾ, ਰੋਜ਼ਾਨਾ ੨੬-੨੭ ਮੀਲ ਆਉਣ-ਜਾਣ ਦਾ ਸਫਰ ਤੈਅ ਕਰਨ ਵਾਲਾ ਇਹ ਨੌਜਵਾਨ ਕਈ ਵਾਰ ਸਾਈਕਲ 'ਤੇ ਜਾ ਰਿਹਾ ਹੋਵੇ ਤਾਂ ਭੁਲੇਖੇ ਵਿਚ ਉਸ ਨੂੰ ਲਾਗਿਉਂ ਪਾਸ ਕਰਨ ਵਾਲੇ ਕਹਿ ਦਿੰਦੇ ਹਨ, ਕਿ ਦੇਖੀਂ ਕਾਕਾ ਅੱਗੋਂ ਹੱਟੀਂ। ਜਦੋਂ ਪਿਛੇ ਮੁੜ ਕੇ ਦੇਖਦੇ ਹਨ ਤਾਂ ਸੌਰੀ ਅੰਕਲ ਭੁਲੇਖਾ ਲੱਗ ਗਿਆ। 'ਵਰਿਆਮ' ਨੂੰ ਹਰ ਪਾਸਿਉਂ ਚੰਗਾ ਛਪਾਈ, ਕਰਵਾਉਣ, ਪਰਫੂ ਰੀਡਿੰਗ ਕਰਵਾਉਣ, ਡਾਕਘਰ ਪਹੁੰਚਾਣ ਤਕ ਉਸ ਦਾ ਹੀ ਕੰਮ ਹੁੰਦਾ ਹੈ। ਮੇਰੀ ਇਹੋ ਕਾਮਨਾ ਹੈ ਕਿ ਵਰਿਆਮ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਰਹੇ।

*ਗੁਰਬਚਨ ਸ਼ਰਮਾ ੯੧ ਗੁਰਜੀਤ ਨਗਰ, ਜੰਲਧਰ।*



Namdhari Elibrary NamdhariElibrary@gmail.com

# ਸੁਆਮੀ ਜੀ

*—ਮਹਿੰਦਰ ਸਿੰਘ ਮਠਾੜੂ 'ਚਿਤਾਰ'*

ਭਾਰਤ ਦੇ ਦੱਖਣ-ਪੱਛਮ ਵਿਚ ਵਸਿਆ ਕੋਲ੍ਹਾਪੁਰ ਇਕ ਰਿਆਸਤ ਸੀ। ਪੰਜਾਬ ਦੇ ਪਟਿਆਲੇ ਦੀ ਰਿਆਸਤ ਵਾਂਗੂ ਆਪਣੇ ਰਾਜਸੀ ਠਾਠ-ਬਾਠ, ਆਨ-ਬਾਨ ਅਤੇ ਸ਼ਾਨ ਲਈ ਮਸ਼ਹੂਰ ਸੀ। ਕੁਦਰਤੀ ਤੌਰ ਤੇ ਇਸ ਇਲਾਕੇ ਨੂੰ ਬੜੀ ਬਖ਼ਸ਼ਿਸ਼ ਰਹੀ ਹੈ। ਖੇਤੀ-ਬਾੜੀ ਨਾਲ-ਨਾਲ ਇਕ ਸਾਂਸਕ੍ਰਿਤ ਕੇਂਦਰ ਅਤੇ ਧਾਰਮਿਕ ਪ੍ਰਚਾਰ ਦਾ ਕੇਂਦਰ ਵੀ ਸੀ। ਮਹਾਰਾਜਿਆਂ ਸਮੇਂ ਇਥੇ ਹਿੰਦੂ ਧਰਮ ਦਾ ਪ੍ਰਚਾਰ ਬਹੁਤ ਚੰਗੀ ਤਰ੍ਹਾਂ ਫਲਿਆ-ਫੁਲਿਆ। ਅੱਜ ਇਕ ਉਦਯੋਗਿਕ ਸ਼ਹਿਰ ਬਣ ਗਿਆ ਹੈ। ਖੇਤੀ ਬਾੜੀ ਦੇ ਨਾਲ-ਨਾਲ ਇਥੋ ਦਾ ਬਣਿਆ ਗੁੜ ਗੰਨਿਆਂ ਦੀ ਅਧਿਕ ਉਪਜ ਕਾਰਣ ਬਾਲਟੀਆਂ ਅੰਦਰ ਪਾ ਉਸੇ ਸਰੂਪ ਵਿਚ ਭਾਰਤ ਅਤੇ ਵਿਦੇਸਾਂ ਵਿਚ ਆਪਣਾ ਸਾਨੀ ਨਹੀਂ ਰੱਖਦਾ।

ਹਿੰਦੂ ਧਰਮ ਨਾਲ-ਨਾਲ ਵਿਦੇਸ਼ੀ ਧਰਮਾਂ ਨੂੰ ਵੀ ਇਸ ਰਿਆਸਤ ਵਿਚ ਸ਼ਰਨ ਮਿਲੀ, ਪਰ ਮੂਲ ਹਿੰਦੂ ਧਰਮ ਦੀ ਸ਼ਾਖ ਬਰਕਰਾਰ ਰਹੀ, ਜਿਸ ਵਿਚ ਸ਼ਿਵ ਜੀ ਦੇ ਉਪਾਸ਼ਕਾਂ ਦਾ ਲਿੰਗਾਇਤ ਧਰਮ ਬਹੁਤ ਵਧਿਆ ਅਤੇ ਅੱਜ ਵੀ ਉਸੇ ਉੱਚ ਮਾਨਤਾ ਨਾਲ ਜਾਣਿਆ ਜਾਂਦਾ ਹੈ। ਕੋਲ੍ਹਾਪੁਰ ਤੋਂ ਲਗਪਗ ੧੦ ਕਿਲੋਮੀਟਰ ਦੱਖਣ ਦੇ ਪਾਸੇ ਇਕ ਪਹਾੜੀ ਤੇ ਇਸ ਧਰਮ ਨੂੰ ਮੰਨਣ ਵਾਲਿਆਂ ਉਦਯੋਗਿਕ ਘਰਾਣਿਆਂ ਅਤੇ ਆਮ ਜਨਤਾ ਦਾ ਚਹੇਤਾ ਮੱਠ ਵੀ ਹੈ। ਸ਼ਿਵਰਾਤਰੀ ਨੂੰ ਇੱਥੇ ਬੜਾ ਭਾਰੀ ਮੇਲਾ ਲੱਗਦਾ ਹੈ ਅਤੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਆਪਣੇ ਪਰਿਵਾਰ ਨਾਲ ਇੱਕਠੇ ਹੁੰਦੇ ਹਨ। ਇਸ ਮੱਠ ਦੇ ਸੁਆਮੀ ਜੀ ਜਿਹਨਾਂ ਦੀ ਉਮਰ ਲਗਭਗ ਪਚਾਸੀ ਸਾਲ ਸੀ, ਮੇਰੇ ਨਾਲ ਮੁਲਾਕਾਤ ਕਰਨ ਦੀ ਇੱਛਾ ਜ਼ਾਹਿਰ ਕੀਤੀ ਜਦੋਂ ਕਿ ਮੈਂ ਸੁਆਮੀ ਜੀ ਨੂੰ ਜਾਣਦਾ ਹੀ ਨਹੀਂ ਸਾਂ। ਬਚਪਨ ਤੋਂ ਹੀ ਮੇਰੇ ਆਪਣੇ ਜੀਵਨ ਵਿਚ ਸੰਤ, ਮਹਾਤਮਾ, ਵਿਦਵਾਨਾਂ, ਗੁਣੀ-ਗਿਆਨੀਆਂ ਦਾ ਮਾਰਗ ਦਰਸ਼ਨ "ਮਾਲਿਕ" ਦੀ ਅਪਾਰ ਕਿਰਪਾ ਨਾਲ ਮਿਲਦਾ ਰਿਹਾ।

ਵਿਦੇਸ਼ੀ ਦੌਰੇ ਤੋਂ ਭਾਰਤ ਪਰਤਦਿਆਂ ਜਿਸ ਕੰਪਨੀ ਵਿਚ ਮੈਂ ਅਧਿਕਾਰੀ ਸਾਂ ਤਾਲਾ-ਬੰਦੀ ਹੋ ਚੁੱਕੀ ਸੀ ਜਿਸਦੀ ਭਨਕ ਲੰਡਨ ਵਿਚ ਘਰ ਵਾਲਿਆਂ ਕੋਲੋਂ ਮਿਲ ਚੁੱਕੀ ਸੀ, ਜੋ ਉਸ ਵੇਲੇ ਭਾਰਤ ਵਿਚ ਸਨ। ਇਹ ਉਹ ਸਮਾਂ ਸੀ ਜਦੋਂ ਭਾਰਤ ਦੇ ਉਦਯੋਗਿਕ ਘਰਾਣੇ ਆਪਣੇ ਅੱਖੜ-ਪੁਣੇ ਅਤੇ ਮਾਲੀ ਤਾਕਤ ਨਾਲ ਸ਼ੋਸ਼ਲ ਕਰ ਰਹੇ ਸਨ। ਇਹਨਾਂ ਮਤਹਿਤ ਕੰਮ ਕਰਨ ਵਾਲੇ ਅਧਿਕਾਰੀ ਆਪਣੇ ਨਿਜੀ ਸੁਆਰਥ ਲਈ ਕੰਪਨੀਆਂ ਨੂੰ ਰਾਜਨੀਤੀ ਦੇ ਅਖਾੜੇ ਬਣਾ ਰਹੇ ਸਨ। ਮਜ਼ਦੂਰਾਂ ਦਾ ਜ਼ਿਆਦਾ ਸ਼ੋਸ਼ਣ ਹੋਣ ਕਰਕੇ ਉਹ ਵੀ ਇਕੱਠੇ ਹੋ ਇਸ ਵਿਵਸਥਾ ਨੂੰ ਟੱਕਰ ਦੇ ਰਹੇ ਸਨ। ਵਿਗੜੇ ਹਾਲਾਤ ਆਪਣੀ ਚਰਮ ਸੀਮਾ ਤੇ ਸਨ।

ਦੋਹਾਂ ਧੜਿਆਂ ਦਾ ਸਮਝੌਤਾ ਹੋਣ ਤੇ ਪੰਜਾਂ ਮਹੀਨਿਆਂ ਤੋਂ ਲੱਗੀ ਤਾਲਾਬੰਦੀ ਖੁੱਲ੍ਹੀ। ਕੰਪਨੀ ਵਿਚ ਅੰਦਰੂਨੀ ਤਬਦੀਲੀਆਂ ਕੀਤੀਆਂ ਗਈਆਂ, ਜਿਸ ਕਾਰਨ ਕੰਪਨੀ ਦੇ ਕੁਝ ਮਹੱਤਵ ਪੂਰਨ ਅਤੇ ਅਸੰਤੁਸ਼ਟ ਵਿਭਾਗਾਂ ਦੀ ਜਾਣਕਾਰੀ ਮੈਨੂੰ ਸੰਭਾਲਣੀ ਪਈ। ਇਸ ਵਿਚੋਂ ਕਿ ਵਿਭਾਗ ਦਾ ਅਧਿਕਾਰੀ ਸਜੱਣ ਜੋ ਬਚਪਨ ਤੋਂ ਹੀ ਸੁਆਮੀ ਜੀ ਦੇ ਦੇਖ ਰੇਖ ਵਿਚ ਪਲਿਆ ਸੀ, ਅੱਛੇ ਸੰਸਕਾਰਾਂ ਕਾਰਨ ਮੇਰੇ ਨਾਲ ਖਾਸ ਕਰਕੇ ਜੁੜ ਗਿਆ, ਆਪਣੇ ਕੰਮ ਵਿਚ ਵੀ ਬਹੁਤ ਮਾਹਿਰ ਸੀ। ਉਸ ਨੇ ਸੁਆਮੀ ਜੀ ਨਾਲ ਮੇਰੇ ਅਤੇ ਮੇਰੇ ਪਰਿਵਾਰ ਦੇ ਸ਼ਾਕਾਹਾਰੀ ਹੋਣ ਦੀ ਚਰਚਾ ਕੀਤੀ। ਸੁਆਮੀ ਜੀ ਦਾ ਆਪਣਾ ਨਿਜੀ ਅਨੁਭਵ ਇਸ ਨੂੰ ਸਵੀਕਾਰ ਨਹੀਂ ਸੀ ਕਰਦਾ। ਇਕ ਸਿੱਖ ਉਹ ਵੀ ਪੂਰਾ ਸ਼ਾਕਾਹਾਰੀ, ਸ਼ਾਇਦ ਇਹੋ ਕਾਰਣ ਸੀ ਕਿ ਸੁਆਮੀ ਜੀ ਨੇ ਸ਼ਹਿਰ ਤੋਂ ਬਾਹਰ ਖੁੱਲ੍ਹੇ ਵਾਤਾਵਰਨ ਵਿਚ ਮਿਲਣ ਦੀ ਇੱਛਾ ਜ਼ਾਹਰ ਕੀਤੀ।

ਦੁਪਿਹਰ ਆਪਣੇ ਸਿਖਰ ਤੇ ਸੀ। ਪੂਨੇ ਸ਼ਹਿਰ ਤੋਂ ਕਾਫੀ ਬਾਹਰ ਸੁਆਮੀ ਜੀ ਨੂੰ ਇਕ ਖੁੱਲ੍ਹੇ ਖੇਤ ਵਿਚ ਸੜਕ ਦੇ ਇਕ ਪਾਸੇ ਦਰਖ਼ਤ ਦੀ ਗੂੜ੍ਹੀ ਛਾਂ ਹੇਠ ਆਪਣੇ ਸ਼ਾਗਿਰਦਾਂ ਨਾਲ ਭਗਵੇ ਵੇਸ਼-ਭੂਸ਼ਾ ਵਿਚ ਦੂਰੋਂ ਹੀ ਵੇਖ ਲਿਆ। ਕੁਟੰਬ ਕੋਲ ਪਹੁੰਚ ਅਸੀਂ ਵੀ ਬੈਠ ਗਏ। ਅਨਉਪਚਾਰਿਕ ਪਛਾਣ ਬਾਦ ਸੁਆਮੀ ਜੀ ਨੇ ਭੋਜਨ ਕਰਨ ਦੀ ਪੇਸ਼ਕਸ਼ ਕੀਤੀ। ਮੈਨੂੰ ਬੜਾ ਅੱਛਾ ਲਗਿਆ। ਚਰਚਾ ਕਰਦਿਆਂ ਮੈਂ ਸੁਆਮੀ ਜੀ ਨੂੰ ਜਾਣਕਾਰੀ ਦਿੱਤੀ ਕਿ ਸਿੱਖਾਂ ਦਾ ਇਕ ਬਹੁਤ ਵੱਡਾ ਘਟਕ ਸ਼ੁੱਧ ਸ਼ਾਕਾਹਾਰੀ ਹੈ, ਸਫੈਦ ਬਸਤਰ ਦਾ ਪਹਿਰਾਵਾ ਹੈ ਅਤੇ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਲਈ ਨਾਂਮਿਲਵਰਤਨ ਦੀ ਮੁਹਿਮ ਚਲਾਈ ਸੀ, ਜਿਸ ਨੂੰ ਬਾਦ ਵਿਚ ਮਹਾਤਮਾਂ ਗਾਂਧੀ ਨੇ ਅਪਨਾਇਆ ਸੀ, ਅੱਜ ਵੀ ਸ਼ੁੱਧਤਾ ਦੇ ਪ੍ਰਤੀਕ ਹਨ ਅਤੇ ਵਿਦੇਸ਼ਾਂ ਵਿਚ ਵੀ ਇਸ ਪਰੰਪਰਾ ਨੂੰ ਕਾਇਮ ਰੱਖਿਆ ਹੈ।

ਕੁਝ ਕੁ ਮਹੀਨਿਆਂ ਬਾਦ ਆਪਣੇ ਪੂਨੇ ਦੇ ਦੌਰੇ ਸਮੇਂ ਸੁਆਮੀ ਜੀ ਇਕ ਦਿਨ ਸਾਡੇ ਨਿਵਾਸ ਅਸਥਾਨ ਤੇ ਪਧਾਰੇ ਅਤੇ ਮਹਾਰਾਸ਼ਟਰੀਅ ਸ਼ਾਕਾਹਾਰੀ ਨਾਸ਼ਤੇ ਲਈ ਆਖਿਆ। ਮੇਰੇ ਘਰੋਂ ਜੋ ਲਗਭਗ ਮੇਰੇ ਨਾਲ ਪਿਛਲੇ ਸੋਲ੍ਹਾਂ ਸਾਲਾਂ ਤੋਂ ਸਨ ਮਹਾਰਾਸ਼ਟਰਾ ਦੇ ਰੀਤੀ-ਰਿਵਾਜ ਅਤੇ ਖਾਣ-ਪਾਣ ਦੇ



Namdhari Elibrary NamdhariElibrary@gmail.com

ਅੱਛੇ ਜਾਣਕਾਰ ਬਣ ਚੁੱਕੇ ਸਨ ਸੁਆਮੀ ਜੀ ਨਾਸ਼ਤਾ ਕਰਨ ਬਾਦ ਬੜੇ ਪ੍ਰਸੰਨ ਹੋਏ, ਮੇਰੇ ਘਰ ਆਉਣ ਦਾ ਉਹਨਾ ਦਾ ਖ਼ਾਸ ਮਕਸਦ ਸੀ ਜੋ ਉਹਨਾਂ ਗੱਲਾਂ-ਗੱਲਾਂ ਵਿਚ ਜ਼ਾਹਰ ਕਰ ਹੀ ਦਿੱਤਾ। ਨੌਜੁਆਨ ਪੀੜ੍ਹੀ ਲਈ ਦਸਤਕਾਰੀ ਦੇ ਮਾਰਗ ਖੋਲ੍ਹਣ ਲਈ ਤਜਵੀਜ਼ ਪੇਸ਼ ਕੀਤੀ। ਕੁਝ ਕੁ ਵਿਚਾਰਾਂ ਦਾ ਖੁਲਾਸਾ ਕਰਨ ਬਾਦ ਕਿਸੀ ਵੀ ਮੇਹਤਾਨੇ ਤੋਂ ਬਗੈਰ ਸਮਾਜ ਦੇ ਸੇਵਾ ਭਾਵ ਨਾਲ ਕਰਨ ਦੀ ਆਪਣੀ ਇੱਛਾ ਜ਼ਾਹਿਰ ਕਰ ਦਿੱਤੀ।

ਕੁਝ ਹਫਤਿਆਂ ਬਾਦ ਉਹਨਾਂ ਦੇ ਉਪਾਸ਼ਕਾਂ ਵੱਲੋਂ ਸੁਆਮੀ ਜੀ ਦਾ ਸੰਦੇਸ਼ਾ ਮਿਲਿਆ-ਜਿਹਨਾਂ ਦੀ ਤਾਦਾਦ ਇਸ ਇਲਾਕੇ ਵਿਚ ਬਹੁਤ ਹੀ ਹੈ, ਅਤੇ ਇਸ ਮੱਠ ਦਾ ਕੇਂਦਰ ਵੀ ਬਣ ਗਿਆ ਹੈ। ਆਪ ਜੀ ਨੇ ਕੋਲ੍ਹਾਪੁਰ ਦੇ ਮੱਠ ਵਿਚ ਆਉਣ ਵਾਲੀ ਸ਼ਿਵਰਾਤਰੀ ਨੂੰ ਹਾਜ਼ਰੀ ਲਾਉਣੀ ਹੈ। ਮਿਥੇ ਸਮੇਂ ਅਨੁਸਾਰ ਅਸੀਂ ਸੜਕ ਰਾਹੀਂ ਨਿੱਜੀ ਵਾਹਨ ਦੁਆਰਾ ਕੋਲ੍ਹਾਪੁਰ ਦੇ ਮੱਠ ਤੇ ਸ਼ਾਮ ਨੂੰ ਪਹੁੰਚ ਗਏ। ਸੁਆਮੀ ਜੀ ਵੱਲੋਂ ਆਓ-ਭਗਤ ਦੇ ਬਾਦ ਇਕ ਦਮ ਉਠ ਖੜੋਤੇ ਤੇ ਮੇਰੇ ਵਲ ਇਸ਼ਾਰਾ ਕਰ ਬੋਲੇ ਕਿ ਅਸੀਂ ਦੋਨੋਂ ਜ਼ਰਾ ਘੁੰਮ ਕੇ ਆਉਂਦੇ ਹਾਂ। ਬਾਹਰ ਆ ਮੇਰੇ ਮੋਢਿਆਂ ਤੇ ਹੱਥ ਰੱਖ ਹੌਲੀ-ਹੌਲੀ ਤੁਰਦਿਆਂ ਮਰਾਠੀ ਜ਼ਬਾਨ ਵਿਚ ਗੱਲਾਂ ਕਰਦਿਆਂ ਮੱਠ ਦਾ ਇਤਿਹਾਸ ਦਸਿਆ। ਉਹਨਾਂ ਦੇ ਉਪਾਸ਼ਕ ਬੜੇ ਉਦਯੋਗਪਤੀ ਸਣੇ ਪਰਿਵਾਰ ਜੋ ਉਸ ਸਮੇਂ ਹਾਜ਼ਰ ਸਨ ਜਿਹਨਾਂ ਨੂੰ ਮੈਂ ਨਿਜੀ ਤੌਰ ਤੇ ਜਾਣਦਾ ਸਾਂ ਇਹਨਾਂ ਬਾਰੇ ਦੱਸਣ ਬਾਦ ਅਧਿਆਤਮਕ ਚਰਚਾ ਵਿਚ ਰੁੱਝ ਗਏ। ਮੇਰੀ ਸਪੱਸ਼ਟ ਵਾਦੀ ਪ੍ਰਵਿਰਤੀ ਕਾਰਣ ਚਰਚਾ ਦਾ ਸਮਾਂ ਕੁਝ ਜ਼ਿਆਦਾ ਹੀ ਹੋ ਗਿਆ। ਸੂਰਜ ਵੀ ਢਲਣ ਦੀ ਅਵਸਥਾ ਵਿਚ ਸੀ। ਸੁਆਮੀ ਜੀ ਦਾ ਗੱਲਾਂ ਕਰਨ ਦਾ ਢੰਗ ਤੇ ਆਪਣਾਪਣ ਇਵੇਂ ਲੱਗਣ ਲਗ ਪਿਆ ਜਿਵੇਂ ਅਸੀਂ ਬਹੁਤ ਪੁਰਾਣੇ ਮਿੱਤਰ ਹਾਂ।

ਰਾਤ ਦਾ ਭੋਜਨ ਕਰਦਿਆਂ ਸੁਆਮੀ ਜੀ ਹੋਰ ਪਤਵੰਤਿਆਂ ਨਾਲ ਜਾਣ-ਪਛਾਣ ਕਰਾਈ। ਭਵਿੱਖ ਵਿਚ ਕੀ ਅਤੇ ਕਿਸ ਤਰ੍ਹਾਂ ਕਰਨਾ ਹੈ ਵਿਸਥਾਰ ਨਾਲ ਚਰਚਾ ਹੋਈ, ਜਿਸ ਵਿਚ ਉਦਯੋਗਪਤੀ ਵੀ ਸ਼ਾਮਿਲ ਸਨ। ਬੜੇ ਹੀ ਸੂਝਵਾਨ ਨਿਰਣੇ ਲੀਤੇ ਗਏ। ਅੰਤ ਵਿਚ ਸੁਆਮੀ ਜੀ ਮੱਠ ਦੇ ਮੰਦਰ ਵਿਚ ਪੂਜਾ-ਅਰਚਨਾ ਨੂੰ ਸੰਪੂਰਨ ਕਰਵਾਉਣਾ ਹੈ ਕਹਿ ਭਗਤਾਂ ਨਾਲ ਚਲ ਗਏ। ਮੈਂ ਅਤੇ ਮੇਰੇ ਮਿਤਰ ਰਾਤ ਉਹਨਾਂ ਦੇ ਪੁਰਾਣੇ ਤਰ੍ਹਾਂ ਦੇ ਮਕਾਨ ਵਿਚ ਬਿੱਸਤਰਿਆਂ ਤੇ ਜਾ ਲੇਟੇ। ਅਚਾਨਕ ਅੱਖ ਖੁੱਲ੍ਹੀ ਤਾਂ ਸੂਰਜ ਸਿਰ ਤੇ ਚੜ੍ਹ ਆਇਆ ਸੀ ਨਿਤ-ਕਰਮ ਕਰ ਤਿਆਰ ਹੋ ਅਸੀਂ ਸੁਆਮੀ ਜੀ ਦੇ ਕਮਰੇ ਵਿਚ ਗਏ। ਥੱਕੇ ਹਾਰੇ ਇਕ ਬੜੀ ਜਿਹੀ ਆਰਾਮ-ਕੁਰਸੀ ਜੋ ਕਮਰੇ ਤੋਂ ਬਾਹਰ ਜਾਣ ਵਾਲੇ ਦਰਵਾਜ਼ੇ ਜਿਹੜਾ ਮੰਦਰ ਵਲਾਂ ਖੁਲਦਾ ਸੀ ਤੇ ਆਰਾਮ ਕਰ ਰਹੇ ਸਨ। ਬੜੇ ਪ੍ਰਸੰਨ ਹੋ ਮਿਲੇ ਅਤੇ ਆਖਿਆ ਰਾਤ ਭਰ ਘੰਟਿਆਂ ਅਤੇ ਮੰਤਰਾਂ ਦੀ ਆਵਾਜ਼ ਨਾਲ ਧਾਰਮਿਕ ਵਿਧੀ ਪੂਰੀ ਕਰਦਿਆਂ ਬਹੁਤ ਥੱਕ ਚੁੱਕੇ ਹਾਂ ਇਸ ਲਈ ਦੁਪਿਹਰ ਬਾਦ ਮਿਲਾਂਗੇ ਤੁਸੀਂ ਘੁੰਮ ਫਿਰ ਮੱਠ ਦਾ ਇਲਾਕਾ ਦੇਖ ਲਓ। ਅੱਛਾ ਜੀ ਕਹਿ ਮੈਂ ਦੱਸੇ ਰਸਤੇ ਤੋਂ ਬਾਹਰ ਆਇਆ ਤੇ ਸੋਚਿਆ ਘੰਟਿਆਂ ਅਤੇ ਮੰਤਰਾਂ ਦੀ ਆਵਾਜ਼ ਤਾਂ ਕੰਨਾਂ ਵਿਚ ਪਈ ਨਹੀਂ। ਰਾਤ ਬੜੀ ਗੂੜ੍ਹੀ ਨੀਂਦ ਵਿਚ ਗੁਜ਼ਾਰੀ। ਪੁਰਾਤੱਤ ਨਾਲ ਲਗਨ ਹੋਣ ਕਾਰਨ ਮੱਠ ਅਤੇ ਮੰਦਰ ਦੇ ਨਿਰਮਾਣ ਦਾ ਬੜੀ ਬਾਰੀਕੀ ਨਾਲ ਅਧਿਅਨ ਕੀਤਾ ਅਤੇ ਉੱਚੀ ਪਹਾੜੀ ਤੋਂ ਕੁਦਰਤੀ ਨਜ਼ਾਰੇ ਦੇਖਣਾ ਅਨੋਖਾ ਅਨੁਭਵ ਰੱਖਦਾ ਹੈ।

ਦੁਪਿਹਰ ਦੇ ਲਗਭਗ ਗਿਆਰਾਂ ਵੱਜ ਚੁੱਕੇ ਸਨ। ਭੀੜ ਭੜੱਕਾ ਵੀ ਕੁਝ ਹੱਦ ਤਕ ਘਟ ਗਿਆ ਸੀ। ਇਕ ਮਾਈ ਉਹ ਕਮਰਿਆਂ ਦੇ ਸਾਹਮਣੇ ਹੱਥ ਜੋੜ ਕੇ ਬੈਠੀ ਸੀ। ਸ਼ਾਇਦ ਸੱਤਰਾਂ ਸਾਲਾ ਦੇ ਕਰੀਬ ਪਹੁੰਚ ਚੁੱਕੀ ਸੀ। ਮੈਂ ਉਥੋਂ ਲੰਘਦਿਆਂ ਪਹਿਲਾਂ ਵੀ ਉਸਨੂੰ ਉਸੇ ਅਸਥਾਨ ਤੇ ਬੈਠਿਆਂ ਦੇਖਿਆ ਸੀ। ਪਰ ਇਤਨੀ ਧੁੱਪ ਚੜ੍ਹਨ ਦੇ ਬਾਵਜੂਦ ਹੁਣ ਉਹ ਇੱਕਲੀ ਹੀ ਬੈਠੀ ਸੀ। ਕੋਲ ਜਾ ਮੈਂ ਪੁਛਿਆ ਕਿ ਮਾਈ ਘਰ ਨਹੀਂ ਜਾਣਾ ਦੁਪਿਹਰ ਹੋ ਚੁੱਕੀ ਹੈ ਅਤੇ ਮੇਲਾ ਵੀ ਛੱਟ ਗਿਆ ਹੈ। ਉਸ ਮੇਰੇ ਵੱਲ ਇੰਝ ਵੇਖਿਆ ਜਿਵੇਂ ਮੈਂ ਕੋਈ ਅਜੂਬਾ ਹਾਂ ਕਿਉਂਕਿ ਇਸ ਲੱਖਾਂ ਦੇ ਕੱਠ ਵਿਚ ਇਕੋ-ਇਕ ਸਿੱਖ ਸਾਂ ਅਤੇ ਮਰਾਠੀ ਵਿਚ ਗੱਲਬਾਤ ਕਰਕੇ ਮਾਈ ਦੀ ਇੱਛਾ ਜਾਨਣਾ ਚਾਹੁੰਦਾ ਸਾਂ ਜਦਕਿ ਮੱਠ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਭਗਤਾਂ ਦਾ ਸਮੂਹ ਅਤੇ ਸੇਵਾਦਾਰ ਉਸ ਕੋਲੋਂ ਲੰਘ ਕੇ ਜਾ ਰਹੇ ਸਨ। ਇਸ਼ਾਰੇ ਨਾਲ ਮਾਈ ਨੇ ਮੈਨੂੰ ਕੋਲ ਬਿਠਾਇਆ ਅਤੇ ਬੜੀ ਹੌਲੀ-ਹੌਲੀ ਬੋਲਦਿਆਂ ਦੱਸਿਆ ਕਿ ਮੈਂ ਹਰ ਸਾਲ ਇਸ ਸ਼ੁੱਭ ਸਮੇਂ ਸੁਆਮੀ ਦੀ ਦੇ ਸਾਖ਼ਸ਼ਾਤ ਦਰਸ਼ਨ ਕਰਦੀ ਆਈ ਹਾਂ। ਇਸ ਸਾਲ ਪਤਾ ਨਹੀਂ ਕੀ ਕਾਰਨ ਹੈ ਕਿ ਦੂਰੋਂ ਵੀ ਚੰਗੀ ਤਰ੍ਹਾਂ ਦਰਸ਼ਨ ਨਹੀਂ ਹੋਏ। ਇਸ ਲਈ ਇੰਤਜ਼ਾਰ ਵਿਚ ਬੈਠੀ ਹਾਂ ਕਿ ਦਰਸ਼ਨ ਕਦੋਂ ਹੋਵਣ ਅਤੇ ਮੈਂ ਆਪਣੇ ਘਰ ਪਰਤ ਜਾਵਾਂ ਜੋ ਇਸ ਮੱਠ ਤੋਂ ਬਹੁਤ ਦੂਰ ਹੈ ਵਾਹਨ ਦੇ ਸਾਧਨ ਨਹੀਂ ਦੇ ਬਰਾਬਰ ਹਨ ਇਸ ਲਈ ਪੈਦਲ ਹੀ ਜਾਣਾ ਪੈਂਦਾ ਹੈ। ਇਹ ਸੁਣ ਮੈਂ ਆਪ ਵੀ ਸੋਚਣ ਲੱਗ ਪਿਆ ਸ਼ਰਧਾ ਤੇ ਵਿਸ਼ਵਾਸ ਦੀ ਕੋਈ ਸੀਮਾ ਨਹੀਂ। ਅਚਾਨਕ ਫੁਰਨਾ-ਫੁਰਿਆ ਤੇ ਮੈਂ ਮਾਈ ਨੂੰ ਆਖਿਆ ਕਿ ਮੈਂ ਜਾਣਦਾ ਹਾਂ ਸੁਆਮੀ ਜੀ ਇਸ ਬੰਦ ਦਰਵਾਜ਼ੇ ਦੇ ਪਿੱਛੇ ਹੀ ਕੁਰਸੀ ਤੇ ਆਰਾਮ ਕਰ ਰਹੇ ਹਨ। ਮੈਂ ਅੰਦਰ ਜਾਂਦਾ ਹਾਂ ਕਿਸੇ ਤਰ੍ਹਾਂ ਦਰਵਾਜ਼ਾ ਖੋਲਦਾ ਹਾਂ ਅੱਗੇ ਮਾਈ ਤੇਰੀ ਹਿੰਮਤ ਅਤੇ ਸੁਆਮੀ ਜੀ ਦੀ ਕਿਰਪਾ। ਮੈਂ ਪਿਛੋਂ ਘੁੰਮ-ਘੁਮਾ ਉਸ ਕਮਰੇ ਵਿਚ ਵੜਿਆ-ਵੇਖਿਆ ਸੁਆਮੀ ਜੀ ਅੱਖਾਂ ਮੀਟੇ ਸੁੱਤੇ ਹੋਏ ਹਨ। ਕਮਰੇ ਵਿਚ ਦੋ ਸੇਵਾਦਾਰ ਦਰੀਆਂ ਵਿਛਾ ਫਰਸ਼ ਤੇ



Namdhari Elibrary NamdhariElibrary@gmail.com

ਲੇਟੇ ਹੋਏ ਸਨ। ਮੈਂ ਚੁਪਚਾਪ ਸੁਆਮੀ ਜੀ ਦੇ ਸਾਹਮਣੇ ਜਾ ਖੜੋਤਾ ਹੌਲੀ ਜਿਹੀ ਉਪਰਲੀ ਕੁੰਡੀ ਖੋਲੀ, ਅੰਦਰ ਨੂੰ ਖੁੱਲ੍ਹਣ ਵਾਲੇ ਦੋ ਦਰਵਾਜ਼ਿਆਂ ਵਿਚੋਂ ਇਕ ਨੂੰ ਖੋਹਲ ਬਾਹਰ ਆ ਗਿਆ ਮਾਈ ਵੀ ਦਰਵਾਜਾ ਖੁੱਲਾ ਵੇਖ ਅੰਦਰ ਨੂੰ ਸ਼ੇਰਨੀ ਵਾਗੂੰ ਝਪਟੀ ਅਤੇ ਸੁਆਮੀ ਜੀ ਦੇ ਪੈਰ ਫੜ ਲਏ। ਸ਼ਾਇਦ ਕੁੰਡੇ ਜੀ ਆਵਾਜ਼ ਉਸਨੂੰ ਸਤਰਕ ਕਰ ਦਿਤਾ ਸੀ।

ਇਹ ਸਭ ਕੁਝ ਇਤਨਾ ਅਚਾਨਕ ਹੋਇਆ ਕਿ ਸੁਆਮੀ ਜੀ ਅਤੇ ਉਹਨਾਂ ਦੇ ਸੇਵਾਦਾਰ ਸਕਤੇ ਵਿਚ ਆ ਗਏ ਕਿਉਂਕਿ ਦਰਵਾਜਾ ਖੁੱਲ੍ਹਣ ਦੀ ਦੇਰ ਸੀ ਕਿ ਸ਼ਰਧਾਲੂਆਂ ਦਾ ਹਜੂਮ ਹੜ੍ਹ ਵਾਗੂੰ ਆ ਗਿਆ. ਜਿਸਨੂੰ ਰੋਕਣ ਲਈ ਸੇਵਾਦਾਰਾਂ ਨੂੰ ਬਹੁਤ ਸਮਾਂ ਲਗਿਆ। ਲਗਭਗ ਇਕ ਸੌ ਸੇਵਾਦਾਰਾਂ ਨੂੰ ਬੜੀ ਤਕੜੀ ਮਿਹਨਤ ਕਰਨੀ ਪਈ। ਮੈਂ ਬਾਹਰ ਇਹ ਕਰਿਸ਼ਮਾ ਦੇਖ ਰਿਹਾ ਸਾਂ।

ਕੁਝ ਕੁ ਘੰਟਿਆਂ ਬਾਦ ਜਦੋਂ ਅਸੀਂ ਵਾਪਸ ਪੂਨੇ ਆਉਣ ਲਈ ਸੁਆਮੀ ਜੀ ਕੋਲੋਂ ਵਿਦਾ ਲੈਣ ਲਈ ਪਹੁੰਚੇ ਤਾਂ ਉਹਨਾਂ ਮੁਸਕਰਾਂਦਿਆਂ ਹੋਇਆਂ ਕਿਹਾ ਕਿ ਸ਼ਾਇਦ ਇਹ ਤੁਹਾਡਾ ਕਾਰਨਾਮਾ ਹੈ। ਮੇਰੇ ਹਾਂ ਕਹਿਣ ਅਤੇ ਕਾਰਨ ਦੱਸਣ ਤੇ ਹੱਸ ਪਏ। ਉਹਨਾਂ ਦੇ ਹੱਸਣ ਅਤੇ ਮੁਸਕੁਰਾਉਣ ਦਾ ਕਾਰਣ ਕਈ ਸਾਲਾਂ ਬਾਦ ਪਤਾ ਲਗਿਆ ਜਦੋਂ ਪੂਨੇ ਵਿਚ ਬਹੁਤ ਬੜੇ ਸਮਾਗਮ ਤੇ ਇੱਕਠ ਵਿਚ ਉਹਨਾਂ ਨੂੰ ਆਖਰੀ ਵਾਰ ਮਿਲਿਆ ਸਾਂ।

ਸਿਰ ਤੇ ਸਾਫਾ ਬੰਨ੍ਹਿਆ ਬਾਹਰ ਬੜੀ ਦੇਰ ਤੋਂ ਮਿਲਣ ਦੇ ਇੰਤਜ਼ਾਰ ਵਿਚ ਖੜ੍ਹਾ ਸਾਂ। ਅਚਾਨਕ ਸੁਆਮੀ ਜੀ ਦੇ ਪੁਰਾਣੇ ਭਗਤ ਅਤੇ ਮੇਰੇ ਜਾਣਕਾਰ ਸੱਜਨ ਨੇ ਮੈਨੂੰ ਬਾਹਰ ਖੜ੍ਹਿਆਂ ਦੇਖ ਲਿਆ ਅਤੇ ਚੱਲ ਰਹੇ ਲੰਗਰ-ਭੰਡਾਰੇ ਵਿਚ ਬੈਠਣ ਦਾ ਆਗ੍ਰਹ ਕੀਤਾ। ਮੈਂ ਉਸਨੂੰ ਆਪਣੀ ਸੁਆਮੀ ਜੀ ਨੂੰ ਮਿਲਣ ਦੀ ਮਨਸ਼ਾ ਦੱਸੀ। ਉਹ ਵੀ ਕੁੱਝ ਸੋਚ ਵਿਚ ਪੈ ਗਿਆ ਕਿ ਇਤਨੇ ਬੜੇ ਸਮਾਗਮ ਅਤੇ ਇਕੱਠ ਵਿਚ ਕੀ ਕਰੇ ? ਆਖਿਰ ਮੇਰਾ ਹੱਥ ਫੜ ਲੈ ਤੁਰਿਆ। ਜੋ ਕੋਈ ਵੀ ਉਸਨੂੰ ਪੁੱਛੇ ਕਿ ਕਿੱਧਰ ਜਾ ਰਹੇ ਹੋ ਤਾਂ ਉਹ ਕਹਿ ਦਿੰਦਾ ਆਖਰੀ ਕਤਾਰ ਵਿਚ ਬੈਠਣ ਲਈ ਜਾ ਰਹੇ ਹਾਂ। ਇਸ ਤਰ੍ਹਾਂ ਜਦੋਂ ਆਖਰੀ ਕਤਾਰ ਲੰਘ ਇਕ ਕਮਰੇ ਦੇ ਦਰਵਾਜ਼ੇ ਸਾਹਮਣੇ ਜਾ ਖੜ੍ਹਾ ਕੀਤਾ ਅਤੇ ਹਦਾਇਤ ਦਿੱਤੀ ਕਿ ਜਲਦੀ ਅੰਦਰ ਵੜ ਜਾਓ। ਇਸ ਤੋਂ ਪਹਿਲਾਂ ਕੋਈ ਪੁਛ-ਗਿਛ ਸ਼ੁਰੂ ਕਰ ਦੇਵੇ। ਮੈਂ ਝੱਟਪਟ ਦਰਵਾਜ਼ਾ ਖੋਲ੍ਹ ਅੰਦਰ ਜਾ ਵੜਿਆ। ਵੜਦਿਆਂ ਹੀ ਦੇਖਿਆ ਕਿ ਕੁਝ ਪਰਿਵਾਰ ਹੱਥ ਜੋੜ ਮੰਜੇ ਤੇ ਲੇਟੇ ਹੋਏ ਸੁਆਮੀ ਜੀ ਅੱਗੇ ਉਸ ਛੋਟੇ ਜਿਹੇ ਕਮਰੇ ਵਿਚ ਖੜੋਤੇ ਸਨ। ਮੈਨੂੰ ਅਚਾਨਕ ਅੰਦਰ ਵੇਖ ਸਭ ਕੁਝ-ਵਿਚਾਰ ਵਿਚ ਗੁੰਮੇ ਹੋ ਗਏ-ਇਹ ਸਰਦਾਰ ਅਚਾਨਕ ਅੰਦਰ ਕਿਸ ਤਰ੍ਹਾਂ ਆ ਗਿਆ! ਮੈਂ ਝਟਪਟ ਬੋਲਿਆ ਸੁਆਮੀ ਜੀ ਪਛਾਣਿਆਂ।" ਬੋਲੇ "ਕਿਉਂ ਨਹੀਂ! ਦੱਸ ਤੁਹਾਡੀ ਕੀ ਮਨਸ਼ਾ ਹੈ ?" ਮੈਂ ਆਖਿਆ "ਸੁਆਮੀ ਜੀ ਕਈ ਸਾਲ ਬੀਤ ਗਏ ਹੁਣ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸਾਂ, ਇਤਨੀ ਹੀ ਮਨਸ਼ਾ ਸੀ ਜੋ ਪੂਰੀ ਹੋ ਗਈ ਹੁਣ ਮੈਂ ਚਲਦਾ ਹਾਂ।" ਠੀਕ ਹੈ ਇਕ ਸੇਬ-ਫਲ ਮੇਰੇ ਹੱਥ ਫੜਾ ਕਹਿਣ ਲੱਗੇ "ਪ੍ਰਸਾਦ ਸਮਝ ਖਾ ਲਈ।" ਪਰ ਜਦੋਂ ਮੈਂ ਮੁੜ ਦਰਵਾਜ਼ੇ ਵੱਲ ਪਰਤਿਆ ਤਾਂ ਆਵਾਜ਼ ਦੇ ਬੁਲਾਇਆ। ਦੂਸਰਾ ਸੇਬ ਹੱਥ ਫੜਾ-ਇਹ ਪ੍ਰਸਾਦ ਘਰ ਵਾਲੀ ਲਈ ਲੈ ਜਾਹ ਅਤੇ ਇਕ ਹੋਰ ਗੱਲ ਸੁਣ, ਵੇਖ ਜਿਤਨੇ ਇਹ ਭਗਤ ਹੱਥ ਜੋੜੀ ਕਤਾਰ ਵਿਚ ਖੜੇ ਹਨ, ਮਨ ਦੇ ਸਾਫ ਨਹੀਂ, ਚੋਰ ਹਨ, ਪਰ ਤੂੰ ਆਪਣੇ ਨੂੰ ਬਦਲੀ ਨਾ ਜੋ ਹੈਂ ਉਸ ਤਰ੍ਹਾਂ ਦਾ ਹੀ ਰਹੀਂ। ਮੈਂ ਸਕਤੇ ਵਿਚ ਆ ਗਿਆ ਕਿਉਂਕਿ ਹੱਥ ਜੋੜੀ ਪਰਿਵਾਰਾਂ ਵਿਚੋਂ ਕਈਆਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ ਅਤੇ ਉਹ ਆਪਣੇ ਸਮਾਜ ਦੇ ਬਹੁਤ ਉੱਚੇ ਘਟਕ ਸਨ।

*ਦਾਪੋਡੀ, ਪੂਨਾ (ਮਹਾਰਾਸ਼ਟਰਾ)*

## ਕੀ ਹੋਇਆ

*—ਕਰਤਾਰ ਸਿੰਘ ਪੰਛੀ*

ਕੀ ਹੋਇਆ, ਜੇ ਤਨ ਦਾ ਜ਼ਰਾ ਵਿਗੋਚਾ ਹੈ।
ਫਿਰ ਵੀ ਜੀਵਨ ਜੀਣ ਦੀ , ਪਿਆਰੀ ਲੋਚਾ ਹੈ।

ਕੀ ਹੋਇਆ, ਜੇ ਤਨ ਦੀ ਕੁੱਝ ਕਮਜ਼ੋਰੀ ਹੈ।
ਇਹ ਤਾਂ ਮਹਿਜ਼ ਬੜ੍ਹਾਪੇ ਦੇ ਵਿੱਚ ਲੋਰੀ ਹੈ।

ਕੀ ਹੋਇਆ, ਜੇ ਕੱਲਿਆਂ ਮਨ ਘਬਰਾਉਂਦਾ ਹੈ।
ਨਾਲ ਬੱਚਿਆਂ ਬਹਿ ਕੇ ਤਾਂ ਮੁਸਕਾਉਂਦਾ ਹੈ।

ਕੀ ਹੋਇਆ, ਜੇ ਆਪਣੇ ਵਤਨ ਤੋਂ ਦੂਰੀ ਹੈ।
ਏਥੇ ਵੀ ਤਾਂ ਖੁਸ਼ੀਆਂ-ਖੇੜਾ ਤੇ ਮਸ਼ਹੂਰੀ ਹੈ।

ਕੀ ਹੋਇਆ, ਜੇ ਜੀਵਨ ਦੇ ਵਿੱਚ ਚੱਕਰ ਹੈ।
ਚੱਕਰਾਂ ਨੇ ਹੀ ਦਿਲ ਨੂੰ ਕੀਤਾ ਫ਼ੱਕਰ ਹੈ।

ਕੀ ਹੋਇਆ, ਜੇ ਜੀਵਨ ਪੈਂਡਾ ਬਿਖੜਾ ਹੈ।
ਸਾਹਿਤਕ ਸਫ਼ਰ ਵੀ ਤਾਂ ਅਗੜ ਦੁਗੜਾ ਹੈ।

ਕੀ ਹੋਇਆ, ਜੇ ਦੁਨੀਆਂ ਮੋਚ ਨਾ ਆਈ ਹੈ।
ਸਬਰ-ਸ਼ੁਕਰ ਕਰਕੇ ਵੀ ਝੱਟ ਲੰਘਾਈ ਹੈ।

ਕੀ ਹੋਇਆ, ਜੇ ਲਹਿਰਾਂ ਸੰਗ ਟਕਰਾਇਆ ਹਾਂ।
ਫਿਰ ਵੀ ਮਿੱਤਰਾਂ ਸੰਗ ਤੁਰਕੇ ਮੁਸਕਾਇਆ ਹਾਂ।

ਕੀ ਹੋਇਆ, ਜੇ ਆਲ-ਦੁਆਲਾਂ ਭੁੜਕ ਰਿਹਾ।
'ਪੰਛੀ' ਫਿਰ ਵੀ ਜੀਵਨ ਅੰਦਰ ਤੁੜਕ ਰਿਹਾ।



Namdhari Elibrary NamdhariElibrary@gmail.com

# 'ਇੰਜ ਦੇ ਵੀ ਹੋਂਦੇ ਨੇ ਲੋਕ'

—ਸਾਧੂ ਸਿੰਘ ਕਿਸਾਨ

ਮੇਰੇ ਇੱਕ ਰਿਸ਼ਤੇਦਾਰ ਨੇ ਆਖਿਆ, "ਹਿਸਾਰ ਜੇਲ੍ਹ ਵਿਚ ਉਮਰ ਕੈਦ ਭੁਗਤ ਰਹੇ ਇਕ ਕੈਦੀ ਨੂੰ, ਚੱਕੀਬੰਦੀ 'ਚੋਂ ਕਢਾਣਾ ਏ, ਜਿਸ ਨੂੰ ਜੇਲ੍ਹ ਦਾਰੋਗੇ ਨੇ ਇਕ ਝਗੜੇ ਪਾਰੋਂ ਬੇਮਿਆਦ ਚੱਕੀਬੰਦ ਕੀਤਾ ਹੋਇਆ ਏ। ਹਿਸਾਰ ਵਾਲੇ ਜ਼ਮਾਨਤਾਂ ਦੇ ਨਾਲ ਰਿਸ਼ਵਤਾਂ ਵੀ ਮੰਗਦੇ ਨੇ, ਚੰਡੀਗੜ ਹਰਿਆਣਾ ਜੇਲ੍ਹਾਂ ਦੇ ਡੀ.ਆਈ.ਜੀ. ਪੁਰੀ ਸਾਹਿਬ ਨਾਲ ਜੇ ਵਾਕਫ਼ੀ ਲੱਭੇ ਤਾਂ ਕੰਮ ਸੌਖਾ ਹੋ ਸਕਦਾ ਏ।" ਮੈਂ ਆਖਿਆ, "ਜਾਣਕਾਰੀ ਲੱਭਣ ਵਾਲੇ ਪਾਸੇ ਤਾਂ ਫੇਰ ਜਾਵਾਂਗੇ.... ਸੁਣਿਆਂ ਏ ਪੁਰੀ ਸਾਹਿਬ ਅਮਲੇ ਸਮੇਤ ਭ੍ਰਿਸ਼ਟਾਚਾਰ ਤੋਂ ਬਚੇ ਹੋਏ ਨੇ।"

ਕਾਫ਼ੀ ਵੱਡੇ ਅਫਸਰ ਹੋਣ ਕਰਕੇ ਓਹਨਾਂ ਦੇ ਆਪਣੇ ਬਚੇ ਰਹਿਣ ਦੀ ਗੱਲ ਤਾਂ ਕੁਝ ਸਮਝ ਵਿਚ ਔਂਦੀ ਸੀ-ਵਡੀ ਤਨਖਾਹ, ਘਰੋਗੀ ਜਾਇਦਾਦ ਬਹੁਤੀ, ਕੁਦਰਤੋਂ ਖਾਨਦਾਨ ਚੰਗਾ ਜਾਂ ਏਸੇ ਤਰ੍ਹਾਂ ਦਾ ਕੋਈ ਹੋਰ ਕਾਰਨ ਹੋਣ ਕਰਕੇ ਸ਼ਾਇਦ ਕੁਝ ਆਰਾਮ ਹੋਵੇ, ਪਰ ਨਾਲ ਹੀ ਜੇਹੜੀ ਦਫਤਰ ਵਾਲੀ ਗੱਲ ਸੀ, ਏਹਦੇ ਬਾਰੇ ਮਨ ਵਿਚ ਉਤਸੁਕਤਾ ਸੀ।

ਏਹ ਗੱਲ ਪਿਛਲੀ ਸਦੀ ਦੇ ਚੌਥੇ ਪਹਿਰ ਦੇ ਪਹਿਲੇ ਵਰ੍ਹੇ ਦੇ ਏੜ-ਗੇੜ ਦੀ ਏ— ' ਪੁਰੀ ਸਾਹਿਬ ਦਾ ਪੂਰਾ ਨਾਂ ਚੇਤੇ ਨਹੀਂ ਰਿਹਾ, ਅਸੀਂ ਦੋਵੇਂ ਚੰਡੀਗੜ੍ਹ ਪਹੁੰਚਕੇ ੯-ਸੈਕਟਰ ਪੁਰੀ ਸਾਹਿਬ ਦੇ ਦਫਤਰ ਅੱਗੇ ਜਾ ਖੜ੍ਹੇ। ਸਿਆਣੇ ਜਹੇ ਜਾਪਦੇ ਸੇਵਦਾਰ ਹੱਥ ਅੰਦਰ ਚਿੱਟ ਭੇਜੀ। ਵੇਹਲ ਹੋਣ ਕਰਕੇ ਸਾਨੂੰ ਓਸੇ ਵੇਲੇ ਅੰਦਰ ਸੱਦ ਲਿਆ ਗਿਆ। ਬੜੀ ਖੁਸ਼ ਖੁਲਕੀ ਨਾਲ ਸਾਡੀ ਸਤਿ ਸ੍ਰੀ ਅਕਾਲ ਦੇ ਹੁੰਗਾਰੇ ਬਾਦ ਸਾਨੂੰ ਕੁਰਸੀਆਂ ਤੇ ਬਹਿਣ ਵਾਸਤੇ ਦੋਹਾਂ ਹੱਥਾਂ ਨਾਲ ਇਸ਼ਾਰਾ ਕੀਤਾ। ਇਤਨੇ ਚਿਰ ਨੂੰ ਸੇਵਾਦਾਰ ਪਾਣੀ ਲੈ ਆਇਆ। ਕਹਿਣ ਲਗੇ, "ਗਰਮੀ ਬਹੁਤ ਹੈ, ਪਹਿਲਾਂ ਪਾਣੀ ਪੀ ਲਓ! ਫਿਰ ਕੰਮ ਬਾਰੇ ਗੱਲ ਕਰਾਂਗੇ।"

ਸਾਡੀ ਗੱਲ ਸੁਣ ਕੇ ਪੁਰੀ ਸਾਹਿਬ ਨੇ ਸਬੰਧਤ ਕਲਰਕ ਨੂੰ ਬੁਲਾ ਕੇ ਪੁਛਿਆ-ਏਸ ਕੰਮ ਦੀ ਕਾਗਜ਼ੀ ਪੁਜ਼ੀਸ਼ਨ ਕਿਸ ਤਰਾਂ ਦੀ ਹੈ। ਉਸ ਨੌਜਵਾਨ ਨੇ, ਜਿਸ ਨੂੰ ਪੁਰੀ ਸਾਹਿਬ ਨੇ ਮੁਕੰਦ ਸਿੰਘ ਆਖ ਕੇ ਬੁਲਾਇਆ ਸੀ ਫ਼ਾਇਲ ਅੰਦਰੋਂ ਲਿਆ ਕੇ ਦੋ ਮਿੰਟਾਂ ਵਿਚ ਸਾਰੀ ਜਾਣਕਾਰੀ ਪੇਸ਼ ਕਰ ਦਿੱਤੀ। ਫ਼ਾਇਲ ਵੇਖਕੇ, ਪੁਰੀ ਸਾਹਿਬ ਦੇ ਸ਼ਬਦਾਂ ਵਿਚ, "ਤੁਹਾਡਾ ਸਾਥੀ ਕਾਗਜ਼ਾਂ ਵਿਚ ਝਗੜੇਬਾਜ਼ ਬੜਾ ਹੈ... ਜੇ ਅਗੋਂ ਵਾਸਤੇ ਓਹਦੇ ਸੁਧਰ ਜਾਣ ਦੀ ਗਰੰਟੀ ਦੇ ਦਿਓ, ਤਾਂ ਹੁਣੇ ਚੱਕੀਓਂ-ਮੁਕਤ ਕਰਨ ਵਾਸਤੇ ਲਿਖ ਦੇਨੇ ਆਂ।"

ਸਾਡੇ ਹਾਂ ਕਰਨ ਦੀ ਦੇਰ ਸੀ ਕਿ ਹੁਕਮ ਲਿਖ ਕੇ ਮੁਕੰਦ ਸਿੰਘ ਨੂੰ ਸੌਂਪ ਦਿੱਤਾ, ਜਿਸ ਨੇ ਓਸੇ ਵੇਲੇ ਕਾਗਜ਼ੀ ਕਾਰਵਾਈ ਮੁਕੰਮਲ ਕਰਕੇ, ਆ ਕੇ ਦੱਸਿਆ, "ਤੁਹਾਡੇ ਹਿਸਾਰ ਪੁਜਣ ਤੋਂ ਪਹਿਲਾਂ ਚੱਕੀਬੰਦ ਖੁਲ੍ਹੇ ਕਮਰੇ ਵਿਚ ਆ ਗਿਆ ਹੋਇਗਾ"

ਪੁਰੀ ਸਾਹਿਬ ਦਾ ਸੁਭਾਅ ਮਿਲਾਪੜਾ, ਕੰਮ ਢੰਗ ਬੜਾ ਸਾਦਾ ਜਿਹਾ, ਕੁਝ ਸਾਹਿਤਕ ਮੱਸ ਹੋਣ ਕਰਕੇ, ਮੇਰੇ ਹੱਥ ਵਿੱਚ ਪ੍ਰੀਤ ਲੜੀ ਵੇਖ ਖੁਲ੍ਹੀਆਂ ਗੱਲਾਂਬਾਤਾਂ ਕਰਦਿਆਂ ਅੱਧਾ ਘੰਟਾ ਲੰਘ ਗਿਆ। ਏਸ ਵਕਤ ਵਿਚ ਅਸਾਂ ਵੇਖਿਆ ਮੁਲਾਕਾਤੀਆਂ ਜਾਂ ਕੰਮਾਂ ਵਾਲਿਆਂ ਨੂੰ ਬਹੁਤਾ ਉਡੀਕਣਾ ਨਹੀਂ ਪੈਂਦਾ। ਕੰਮ ਬਾਰੇ ਹਾਂ ਜਾਂ ਨਾਂਹ ਕਰਕੇ ਦਫ਼ਤਰ ਵਿਚ ਭੀੜ ਨਹੀਂ ਪੈਣ ਦਿੱਤੀ ਜਾਂਦੀ।

ਜਦੋਂ ਆਗਿਆ ਲੈ ਕੇ ਅਸੀਂ ਬਾਹਰ ਆਏ ਤਾਂ ਮੇਰੇ ਸਾਥੀ ਨੇ ਕਿਹਾ, "ਸਾਡਾ ਕੰਮ ਸੈਂਕੜਿਆਂ ਤੇ ਕਈ ਫੇਰਿਆਂ ਦਾ ਸੀ, ਪਰ ਏਥੇ ਵਕਤ ਪੰਜ ਮਿੰਟ ਤੇ ਖਰਚ ਪੰਜ ਪੈਸੇ ਵੀ ਨਾ ਹੋਣ ਕਰਕੇ ਸ. ਮੁਕੰਦ ਜੀ ਨੂੰ ਕੁਝ ਸ਼ੁਕਰਾਨਾ ਭੇਟ ਕਰ ਚੱਲੀਏ।" ਜਦੋਂ ਉਸਨੇ ਦਫ਼ਤਰੀ ਅਸੂਲ ਮੁਜਬ ਅੰਦਰ ਜਾ ਕੇ ਮੁਕੰਦ ਸਿੰਘ ਜੀ ਨੂੰ ਕੋਈ ਸੇਵਾ ਪੁੱਛੀ ਤਾਂ ਉਹ ਨਾਲ ਹੀ ਬਾਹਰ ਆ ਗਿਆ। ਮੇਰਾ ਸਫ਼ੈਦ ਨਾਮਧਾਰੀ ਪਹਿਰਾਵਾ ਵੇਖ ਕੇ ਆਖਣ ਲੱਗਾ, "ਮੈਨੂੰ ਲਗਦਾ ਏ ਤੁਸੀਂ ਏਸ ਦਫਤਰ ਵਿਚ ਪਹਿਲੀ ਵਾਰ ਆਏ ਹੋ। ਇਸ ਕਰਕੇ ਤੁਹਾਨੂੰ ਪਤਾ ਨਹੀਂ,.. ਨਹੀਂ ਤੇ ਮੈਂ ਹੁਣੇ ਪੁਰੀ ਸਾਹਿਬ ਦੇ ਤੁਹਾਨੂੰ ਪੇਸ਼ ਕਰ ਦੇਣਾ ਸੀ, ਜੇਹੜੇ ਕਈ ਅਸੀਂ, ਕੁਝ ਬਚੇ ਵੀ ਹੋਏ ਆਂ, ਤੁਸੀਂ ਬਚੇ ਨਹੀਂ ਰਹਿਣ ਦੇਣਾ ਚਾਹੁੰਦੇ... ਜੇਹੜੇ ਬਿਨ ਮੰਗਿਆਂ ਨੋਟ ਸਾਡੀਆਂ ਜੇਬਾਂ ਵਿਚ ਤੁੰਨੀ ਜਾਂਦੇ ਓ।"

ਅਸਾਂ ਏਸ ਅਨੋਖੇ ਦਫ਼ਤਰ ਬਾਰੇ ਅੰਞਾਣਪੁਣਾ ਪ੍ਰਗਟ ਕਰਕੇ ਖਿਮਾਂ ਮੰਗ ਕੇ ਮੁਸ਼ਕਿਲ ਨਾਲ ਛੁਟਕਾਰਾ ਪਾਇਆ।



Namdhari Elibrary NamdhariElibrary@gmail.com

# ਖ਼ਬਰਨਾਮਾ

## ਮਾਲੇਰਕੋਟਲੇ ਦੇ ਸ਼ਹੀਦਾਂ ਨਮਿਤ ਭਾਰੀ ਸਮਾਗਮ

ਅੰਗਰੇਜੀ ਸਾਮਰਾਜ ਵਲੋਂ ੧੭-੧੮ ਜਨਵਰੀ ੧੮੭੨ ਨੂੰ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਸ਼ਹੀਦ ਕੀਤੇ ਗਏ ਅਜ਼ਾਦੀ ਲਹਿਰ ਦੇ ੬੬ ਨਾਮਧਾਰੀ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਭੈਣੀ ਸਾਹਿਬ ਵਿਖੇ ਇਕ ਰਾਜ ਪੱਧਰ ਦਾ ਸਮਾਗਮ ਕਰਵਾਇਆ ਗਿਆ। ਇਸ ਸਮਾਰੋਹ ਵਿਚ ਸ੍ਰੀ ਲਾਲ ਸਿੰਘ ਪੇਂਡੂ ਵਿਕਾਸ ਤੇ ਪੰਚਾਇਤ, ਸਿੰਚਾਈ ਅਤੇ ਬਿਜਲੀ ਮੰਤਰੀ ਪੰਜਾਬ, ਸ੍ਰੀ ਐਚ. ਐਸ. ਹੰਸਪਾਲ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਸ੍ਰੀ ਸ਼ਮਸ਼ੇਰ ਸਿੰਘ ਦੂਲੋਂ ਐਮ. ਪੀ., ਸ੍ਰੀ ਸਾਧੂ ਸਿੰਘ ਧਰਮਸੋਤ ਪਾਰਲੀਮਾਨੀ ਸਕੱਤਰ, ਸ੍ਰੀ ਅਮਰੀਕ ਸਿੰਘ ਢਿੱਲੋਂ ਤੇ ਸ੍ਰੀ ਮਲਕੀਤ ਸਿੰਘ ਦਾਖਾ (ਦੋਵੇਂ ਐਮ. ਐਲ. ਏ.) ਅਤੇ ਸ੍ਰੀ ਜਸਬੀਰ ਸਿੰਘ ਸੰਗਰੂਰ ਸਾਬਕਾ ਮੰਤਰੀ ਨੇ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ. ਲਾਲ ਸਿੰਘ ਨੇ ਕਿਹਾ ਕਿ ਇਨ੍ਹਾਂ ੬੬ ਨਾਮਧਾਰੀ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਦੇ ਸਮਾਨ ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇਸ਼ ਭਗਤ ਨਾਮਧਾਰੀ ਸ਼ਹੀਦਾਂ ਨੇ ਕੁਰਬਾਨੀਆਂ ਦੇ ਕੇ ਦੇਸ਼ ਦੀ ਆਜ਼ਾਦੀ ਲਈ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿਚ ਸਤਿਗੁਰੂ ਰਾਮ ਸਿੰਘ ਅੰਗਰੇਜ਼ ਸਰਕਾਰ ਦੀਆਂ ਸੇਵਾਵਾਂ ਦਾ ਬਾਈਕਾਟ ਕੀਤਾ ਅਤੇ ਆਪਣੇ ਸਕੂਲ, ਡਾਕਖਾਨੇ ਤੇ ਨਿਆਇਕ ਪ੍ਰਣਾਲੀ ਸਥਾਪਤ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦਾਂ ਦੇ ਪਦ-ਚਿੰਨ੍ਹਾਂ 'ਤੇ ਚੱਲਦੇ ਹੋਏ ਸਮਾਜ ਵਿਚ ਇਕਸਾਰਤਾ ਅਤੇ ਖੁਸ਼ਹਾਲੀ ਲਿਆਉਣ ਲਈ ਯੋਗਦਾਨ ਦੇਣ, ਇਹੋ ਹੀ ਸ਼ਹੀਦਾਂ ਨੂੰ ਸੁੱਚੀ ਸ਼ਧਾਂਜਲੀ ਹੋਵੇਗੀ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਵੱਲੋਂ ਸ੍ਰੀ ਭੈਣੀ ਸਾਹਿਬ ਦੇ ਵੱਖ-ਵੱਖ ਵਿਕਾਸ ਕੰਮਾਂ ਲਈ ਜਲਦੀ ਹੈ ਉਚਿਤ ਮਾਤਰਾ ਵਿਚ ਫੰਡ ਜਾਰੀ ਕੀਤੇ ਜਾਣਗੇ। ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਇਕ ਅਣਥੱਕ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਸਮਾਜ ਵਿੱਚ ਵੱਡੀ ਗਿਣਤੀ ਵਿਚ ਕੁਰੀਤੀਆਂ ਜਿਵੇਂ ਦਾਜ ਪ੍ਰਥਾ, ਜਾਤੀ ਪ੍ਰਥਾ, ਕੰਨਿਆ ਹੱਤਿਆ ਆਦਿਕ ਨੂੰ ਖਤਮ ਕਰਨ ਲਈ ਕਿਹਾ ਆਪਣਾ ਸਮਾਜਿਕ ਢਾਂਚਾ ਕਾਇਮ ਕੀਤਾ ਜਿਸ ਨੂੰ ਹੁਣ ਤੱਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ ਸਮੁਚੀ ਨਾਮਧਾਰੀ ਸੰਗਤ ਅਪਣਾ ਰਹੀ ਹੈ। ਉਨ੍ਹਾਂ ਭਰੂਣ ਹੱਤਿਆ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਲੜਕੀਆਂ ਦੀ ਹੱਤਿਆ ਕਰਨ ਵਾਲਿਆਂ ਦਾ ਸਮਾਜ ਵਿਚ ਮੁਕੰਮਲ ਬਾਈਕਾਟ ਕਰ ਦੇਣਾ ਚਾਹੀਦਾ ਹੈ। ਸਤਿਗੁਰੂ ਜਗਜੀਤ ਸਿੰਘ ਨੇ ਇਕੱਤਰ ਹੋਈ ਸੰਗਤ ਨੂੰ ਆਸ਼ੀਰਵਾਦ ਦਿੱਤਾ ਅਤੇ ਸਤਿਗੁਰੂ ਰਾਮ ਸਿੰਘ ਦੇ ਸੰਦੇਸ਼ 'ਤੇ ਮੁਕੰਮਲ ਅਮਲ ਕਰਨ ਲਈ ਕਿਹਾ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸ੍ਰੀ ਅਵਤਾਰ ਸਿੰਘ ਬਰਾੜ ਵਾਈਸ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਸ੍ਰੀ ਈਸ਼ਰ ਸਿੰਘ ਮੇਹਰਬਾਨ ਸਾਬਕਾ ਮੰਤਰੀ, ਵਿੰਗ ਕਮਾਂਡਰ ਪਰਮਜੀਤ ਸਿੰਘ ਸਿਬੀਆ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸ੍ਰੀ ਜਗਮੋਹਨ ਸ਼ਰਮਾ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ (ਸ਼ਹਿਰੀ), ਸ੍ਰੀ ਹਰਮੋਹਿੰਦਰ ਸਿੰਘ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ (ਦਿਹਾਤੀ), ਸ੍ਰੀ ਕੇ. ਕੇ. ਬਾਵਾ, ਸ੍ਰੀ ਗੁਰਦੀਪ ਸਿੰਘ ਅਤੇ ਸ੍ਰੀ ਮਨਜੀਤ ਸਿੰਘ ਹੰਬੜਾ ਪ੍ਰਧਾਨ ਜ਼ਿਲ੍ਹਾ ਯੂਥ ਕਾਂਗਰਸ ਵੀ ਹਾਜ਼ਰ ਸਨ। ਸਤਿਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਮੁਖੀ ਡਾ: ਜੋਗਿੰਦਰ ਸਿੰਘ ਤੇ ਡਾ ਸੁਵਰਨ ਸਿੰਘ ਵਿਰਕ ਨੇ ਨਾਮਧਾਰੀ ਇਤਿਹਾਸ 'ਤੇ ਚਾਨਣਾ ਪਾਇਆ। ਭਾਰੀ ਗਿਣਤੀ ਵਿਚ ਨਾਮਧਾਰੀ ਨੇਤਾ ਅਤੇ ਸੰਗਤਾਂ ਹਾਜ਼ਰ ਸਨ।

## ਜਲੰਧਰ ਵਿਚ ਦਸਮੇਸ਼ ਪੁਰਬ

ਨਾਮਧਾਰੀ ਗੁਰਦੁਆਰਾ ਬਸਤੀ ਬੂਰੇ ਖਾਂ-ਪ੍ਰੀਤ ਨਗਰ ਸੋਡਲ ਰੋਡ ਜਲੰਧਰ ਵਿਖੇ ਦਸਮੇਸ਼ ਪਿਤਾ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਿਤੀ ੯ ਜਨਵਰੀ ੨੦੦੫ ਐਤਵਾਰ ਨੂੰ ਬਹੁਤ ਸ਼ਰਧਾ ਸਹਿਤ ਮਨਾਇਆ ਗਿਆ। ਅਮ੍ਰਿਤ ਵੇਲੇ ਦੀਵਾਨ ਦਾ ਆਰੰਭ ਸੰਤ ਬਲਬੀਰ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਨਾਲ ਕੀਤਾ। ਉਪਰੰਤ ੧ ਪਾਠ ਦਾ ਭੋਗ ਪਾਇਆ ਗਿਆ। ਗਿਆਰਾਂ ਵਜੇ ਮੁੜ ਦੀਵਾਨ ਆਰੰਭਿਆ ਗਿਆ ਜੋ ਦੁਪਹਿਰ ਢਾਈ ਵਜੇ ਤਕ ਚਲਦਾ ਰਿਹਾ। ਇਸ ਵਿਚ ਪਹਿਲਾਂ ਸੰਤ ਸੰਤੋਖ ਸਿੰਘ ਜੀ ਦਿਲਰੁਬਾ ਵਾਦਕ ਨੇ ਕੀਰਤਨ ਕੀਤਾ। ਉਪਰੰਤ ਸੰਤ ਬਲਬੀਰ ਸਿੰਘ ਮੌਜੀ ਜੀ ਨੇ ਕੀਰਤਨ ਦੇ ਨਾਲ ਵਖਿਆਣ ਦੁਆਰਾ ਸਤਿਗੁਰੂ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ। ਉਸ ਤੋਂ ਬਾਦ ਵਰਤਮਾਨ ਸਮੇਂ ਦੇ ਸਿਰਕੱਢ ਪ੍ਰਚਾਰਕ ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਦਾ ਭਰਪੂਰ ਹੱਲੇ ਦਾ ਦੀਵਾਨ ਸਜਿਆ। ਆਪ ਨੇ ਕਰੀਬ ਦੋ ਘੰਟੇ ਤਕ ਕੀਰਤਨ, ਵਖਿਆਣ, ਸਾਖੀ ਪ੍ਰਮਾਣਾ ਅਤੇ ਸ਼ਬਦ ਗੀਤਾਂ ਧਾਰਨਾ ਅਤੇ ਕਵਿਤਾਵਾਂ ਦੇ ਇਕ ਸਿਲਸਲੇ ਦੁਆਰਾ ਸੰਗਤ ਨੂੰ ਮੰਤਰ ਮੁਗਧ ਕੀਤਾ। ਪ੍ਰਸਿਧ ਕਵੀ ਸ੍ਰੀ ਫਕੀਰ ਚੰਦ ਤੁਲੀ ਅਤੇ ਮਾਸਟਰ ਸੁਜਾਣ ਸਿੰਘ ਸੁਜਾਨ ਹੁਰਾਂ ਕਵਿਤਾਵਾਂ ਦੁਆਰਾ ਵਾਹਵਾ ਰੰਗ ਬੰਨਿਆ। ਸ: ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਹੋਰਾਂ ਆਪਣੇ ਭਾਸ਼ਣ ਵਿਚ ਦਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਮਾਨਸ ਦੀ ਇਕ ਜਾਤ ਅਤੇ ਸਭ ਜੀਆਂ ਵਿਚ ਇਕ ਜੋਤ ਦਸਦੀ ਹੈ। ਪਰ



Namdhari Elibrary NamdhariElibrary@gmail.com

ਅਸੀਂ ਦੁਨੀਆ ਨੂੰ ਇਹ ਦਸਣ ਵਿਚ ਵੀ ਸਫਲ ਨਹੀਂ ਅਤੇ ਆਪ ਸਮਝਣ ਤੋਂ ਵੀ ਕੋਰੇ ਹਾਂ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਧਰਮ ਅਰਥ ਕਾਮ ਮੋਖਸ਼ ਦੇ ਵਿਸ਼ਿਆਂ ਨੂੰ ਸਮਝਣ ਸਮਝੌਣ ਵਾਸਤੇ ਬਹੁਤ ਸਾਰਾ ਸਹਿਤ ਆਪ ਰਚਿਆ, ਕਵੀਆਂ ਤੋਂ ਰਚਵਾਇਆ ਅਤੇ ਅਨੁਵਾਦ ਕਰਵਾਇਆ। ਗੁਰੂ ਦਾ ਸਿਖ ਦੀਨ ਦੁਨੀਆਂ ਦੀ ਸਿਖਿਆ ਵਿਚ ਪਾਰੰਗਤ ਹੋਣਾ ਚਾਹੀਦਾ ਹੈ। ਸੂਬਾ ਜੁਗਿੰਦਰ ਸਿੰਘ ਜੀ ਨੇ ਸਭ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਕਤਰ ਦੀਪ ਸਿੰਘ ਹੋਰਾਂ ਪੂਰੀ ਯੋਗਤਾ ਨਾਲ ਕੀਤਾ। ਅੰਤ ਉੱਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਔਰੰਗਾਬਾਦ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਔਰੰਗਾਬਾਦ— ਸ੍ਰੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ, ੫੩੬ਵਾਂ, ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ੮੫ਵਾਂ ਪ੍ਰਕਾਸ਼ ਉਤਸਵ ਮਿਤੀ ੨੮-੧੧-੨੦੦੪, ਦਿਨ ਐਤਵਾਰ ਨੂੰ ਨਾਮਧਾਰੀ ਫਾਰਮਜ਼ ਔਰੰਗਾਬਾਦ (ਮਹਾਰਾਸ਼ਟਰ) ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ।

ਸਵੇਰੇ ੧੦ ਵਜੇ ਤੋਂ ਦੁਪਹਿਰ ੨ ਵਜੇ ਤਕ ਪ੍ਰੋਗਰਾਮ ਚਲਦਾ ਰਿਹਾ। ਇਸ ਸ਼ੁਭ ਮੌਕੇ ਤੇ ਪਹਿਲਾਂ ਇਕ ਘੰਟਾ ਨਾਮ ਸਿਮਰਨ ਹੋਇਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਉਪਦੇਸ਼ ਟੇਪ ਰਾਹੀਂ ਸੁਣਾਇਆ ਗਿਆ। ਫਿਰ ਅੱਧਾ ਘੰਟਾ ਮਰਾਠੀ ਲੜਕੀਆਂ ਨੇ ਗਾਇਨ ਕੀਤਾ ਅਤੇ ਦੀਵਾਨ ਲਗਾਇਆ। ਉਨ੍ਹਾਂ ਨੇ ਧਾਰਨਾ ਪੜ੍ਹੀ— "ਕਲਿ ਤਾਰਣ ਗੁਰੂ ਨਾਨਕ ਆਇਆ"। ਉਨ੍ਹਾਂ ਤੋਂ ਬਾਅਦ ਮਰਾਠੀ ਲੜਕਿਆਂ ਨੇ ਅੱਧਾ ਘੰਟਾ ਦੀਵਾਨ ਲਗਾਇਆ ਤੇ ਉਹੀ ਧਾਰਨਾ ਪੜ੍ਹੀ। ਇਨ੍ਹਾਂ ਤੋਂ ਬਾਅਦ ਸ੍ਰੀ ਹਰਭਜਨ ਸਿੰਘ ਜੀ ਔਰੰਗਾਬਾਦ ਨੇ ਇਕ ਘੰਟਾ ਦੀਵਾਨ ਲਗਾਇਆ। ਅਤੇ ਦੋਨਾਂ ਸਤਿਗੁਰੂ ਸਾਹਿਬਾਨ ਜੀ ਦੀਆਂ ਸੰਖੇਪ ਵਿਚ ਜੀਵਨੀਆਂ ਸੁਣਾਈਆਂ। ਉਨ੍ਹਾਂ ਧਾਰਨਾ ਪੜ੍ਹੀ— "ਬਾਝ ਗੁਰੂ ਡੁਬਾ ਜਗ ਸਾਰਾ" ਅਤੇ "ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ"।

ਇਸ ਮੌਕੇ ਉਤੇ ਸ. ਹਰਭਜਨ ਸਿੰਘ ਹੋਰਾਂ ਦੇ ਮੁਸਲਮਾਨ ਦੋਸਤ ਵੀ ਆਏ ਹੋਏ ਸਨ। ਉਨ੍ਹਾਂ ਨੇ ਮੱਕੇ ਦੀ ਸਾਖੀ ਬੜੇ ਵਿਸਥਾਰ ਨਾਲ ਸੁਣਾਈ ਅਤੇ ਧਾਰਨਾ ਪੜ੍ਹੀ— "ਨੀਲ ਬਸਤਰ ਧਾਰੇ ਬਨਵਾਰੀ" ਅਤੇ "ਕਲਿ ਤਾਰਣ ਗੁਰੂ ਨਾਨਕ ਆਇਆ"। ਫਿਰ ਉਨ੍ਹਾਂ ਸ੍ਰੀ ਆਲਮ ਜੀ ਦੀ ਪੰਜਾਬੀ ਦੀ ਇਕ ਕਵਿਤਾ ਸੁਣਾਈ। ਬੋਲ ਸਨ—

"ਨਾਨਕ ਕੂਕਦੀ ਨਾਨਕ ਦਾ ਰੂਪ ਹੋ ਗਈ"
ਉਧਰ ਗੁਰੂ ਨਾਨਕ ਅਰਬ ਦੇਸ਼ ਅੰਦਰ
ਸਤਿਨਾਮ ਦਾ ਝੰਡਾ ਝੂਲਾ ਰਹੇ ਸਨ।"

ਇਸ ਤੋਂ ਬਾਦ ਸ੍ਰੀ ਤੁੱਕਾ ਦਾਸ ਕਾਂਟੇ ਗੁਰੂ ਜੀ, ਜਿਹੜੇ ਕਿ ਬੱਚਿਆਂ ਨੂੰ ਸੰਗੀਤ ਸਿਖਾਉਂਦੇ ਹਨ, ਨੇ ਅੱਧਾ ਘੰਟਾ ਕੀਰਤਨ ਕੀਤਾ ਅਤੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅੰਤ ਸਮੇਂ ਦੀ ਸਾਖੀ ਸੁਣਾਈ।

ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਸੁਭਾਸ਼ ਰਾਵ, ਸਟੇਜ ਸੈਕਟਰੀ ਨੇ ਧੰਨਵਾਦ ਦਾ ਭਾਸ਼ਣ ਦਿੱਤਾ ਅਤੇ ਕੁਮਾਰੀ ਸਾਰਿਕਾ ਤਾਂਛੇ ਨੇ ਸਮਾਪਤੀ ਦੀ ਅਰਦਾਸ ਕੀਤੀ। ਠੀਕ ੨ ਵਜੇ ਪ੍ਰੋਗ੍ਰਾਮ ਦੀ ਸਮਾਪਤੀ ਹੋਈ। ਉਪਰੰਤ ਆਈ ਸੰਗਤ ਨੂੰ ਲੰਗਰ ਛਕਾਇਆ, ਜੋ ਕਿ ਸ਼ਾਮ ਦੇ ੭ ਵਜੇ ਤਕ ਚਲਦਾ ਰਿਹਾ।

*—ਸੁਭਾਸ਼ ਰਾਵ ਜਵਕਰ*
*ਸਟੇਜ ਸੈਕਟਰੀ ਨਾਮਧਾਰੀ*
*ਸੰਗਤ ਔਰੰਗਾਬਾਦ*

## ਜੋਸ਼ ਭਰਿਆ ਕਵੀ ਦਰਬਾਰ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਰਬੰਸ ਦਾਨੀ ਜੀ ਦੇ ਸੰਘਰਸ਼ ਮਈ ਜੀਵਨ ਉਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਐਲਨਾਬਾਦ ਵਲੋਂ ਅਵਤਾਰ ਦਿਵਸ ਤੇ ੫ ਜਨਵਰੀ ਨੂੰ ਬੜਾ ਸ਼ਾਨਦਾਰ ਮੇਲਾ ਮਨਾਇਆ ਗਿਆ ਸਾਰਾ ਦਿਨ ਕੀਰਤਨ ਦੀਵਾਨ ਰਾਗੀ ਢਾਡੀ ਕਵੀਸ਼ਰੀ ਜਥੇ ਗੁਰੂ ਜੀ ਦੇ ਕੁਰਬਾਨੀਆਂ ਭਰੇ ਜੀਵਨ ਤੇ ਚਾਨਣਾ ਪਾਉਂਦੇ ਰਹੇ ਤੇ ਸ਼ਾਮ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭ ਸ੍ਰੀ ਜੀਵਨ ਨਗਰ ਵਲੋਂ ਬਹੁਤ ਹੀ ਜੋਸ਼ ਭਰਿਆਂ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਅੱਗੇ ਲਿਖੇ ਕਵੀਆਂ ਨੇ ਭਾਗ ਲਿਆ : ਕਰਨੈਲ ਸਿੰਘ ਅਸਪਾਲ, ਪੂਰਨ ਸਿੰਘ ਨਿਰਾਲਾ, ਜੋਗਿੰਦਰ ਸਿੰਘ ਮੁਕਤਾ, ਵਰਿਆਮ ਸਿੰਘ ਪਿਆਸਾ, ਹਰਭਜਨ ਸਿੰਘ ਰਾਜਾ, ਗੁਰਦਿਆਲ ਸਿੰਘ ਪ੍ਰੀਤ, ਮਾਸਟਰ ਅਮਰੀਕ ਸਿੰਘ ਜੀ, ਕੁਲਦੀਪ ਸਿੰਘ ਦੀਪ, ਰਾਜਿੰਦਰ ਸਿੰਘ ਰਾਜ, ਬਲਦੇਵ ਸਿੰਘ ਵੜੈਚ ਗੁਰਬਖਸ਼ ਸਿੰਘ ਰਾਮਪੁਰੀ ਗੁਪਾਲ ਸਿੰਘ ਅੱਲਖ, ਬਲਵਿੰਦਰ ਕੌਰ, ਰਣਜੀਤ ਕੌਰ। ਕਵਿਤਾਵਾਂ ਦੇ ਨਾਲ-ਨਾਲ ਜੈਕਾਰਿਆਂ ਦੀ ਗੂੰਜ ਨਾਲ ਪੰਡਾਲ ਗੂੰਜਦਾ ਰਿਹਾ। ਵਾਹ-ਵਾਹ ਦੀਆਂ ਅਵਾਜ਼ਾਂ ਆਉਂਦੀਆਂ ਰਹੀਆਂ। ਮਾਸਟਰ ਅਮਰੀਕ ਸਿੰਘ ਜੀ ਸਟੇਜ ਦਾ ਕੰਮ ਸੁੰਦਰ ਤਰੀਕੇ ਨਾਲ ਨਿਭਾਂਦੇ ਰਹੇ ਤੇ ਬਾਦ ਵਿਚ ਗੁਰਦਵਾਰੇ ਦੇ ਪ੍ਰਧਾਨ ਸ. ਨਰਿੰਦਰ ਸਿੰਘ ਐਡਵੋਕੇਟ ਵਲੋਂ ਮਾਸਟਰ ਅਮਰੀਕ ਸਿੰਘ ਜੀ ਨੂੰ ਸਿਰੋਪਾ ਭੇਟ ਕੀਤਾ ਗਿਆ।

*—ਪੂਰਨ ਸਿੰਘ ਨਿਰਾਲਾ ਐਲਨਾਬਾਦ ਸਰਸਾ*

### ਪੰਜਾਬੀ ਕਹਾਣੀਆਂ, ਗੁਜਰਾਤੀ ਭਾਸ਼ਾ ਦੇ ਵਿਹੜੇ ਵਿਚ

ਪੰਜਾਬੀ ਸਾਹਿਤ ਸਭਾ ਰਜਿ. ਸੰਗਰੂਰ ਵਲੋਂ ਇਕ ਵਿਸ਼ਾਲ ਕਵੀ ਦਰਬਾਰ, ਸਨਮਾਨ ਸਮਾਰੋਹ ਅਤੇ ਪੁਸਤਕ ਵਿਮੋਚਨ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਸਿੱਧ ਸਾਹਿਤਕਾਰ ਸ੍ਰੀ ਰਾਮ ਸਰੂਪ ਅਣਖੀ, ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਗੁਜਰਾਤੀ ਭਾਸ਼ਾ ਦੇ ਇਕ ਸੌ ਤੋਂ ਵਧ ਕਿਤਾਬਾਂ ਦੇ ਲੇਖਕ ਅਨੁਵਾਦਕ ਸਾਂ. ਜੇ. ਪਟੇਲ ਨੇ



Namdhari Elibrary NamdhariElibrary@gmail.com

ਭਾਗ ਲਿਆ। ਇਨ੍ਹਾਂ ਦੇ ਨਾਲ ਪ੍ਰਧਾਨਗੀ ਮੰਡਲ ਵਿਚ ਮਹਿਰਮ ਗਰੁੱਪ ਪਬਲੀਕੇਸ਼ਨ ਦੇ ਮਾਲਕ ਸੰਪਾਦਕ, ਕਵੀ, ਕਹਾਣੀਕਾਰ, ਨਾਵਲਕਾਰ ਸ੍ਰੀ ਬੀ. ਐਸ. ਬੀਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਰੀਡਰ ਤੇ ਪ੍ਰਸਿੱਧ ਆਲੋਚਕ ਡਾ: ਸੁਖਦੇਵ ਸਿੰਘ, ਡਾ: ਤੇਜਵੰਤ ਮਾਨ, ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਪ੍ਰੋ. ਪ੍ਰੀਤਮ ਸਿੰਘ ਰਾਹੀ, ਪ੍ਰਸਿੱਧ ਪੰਜਾਬੀ ਕਵੀ ਤੇ ਅੰਗਰੇਜ਼ੀ ਨਾਵਲਕਾਰ ਇਕਬਾਲ ਰਾਮੂਵਾਲੀਆ (ਕਨੇਡਾ), ਕਵੀ ਕਹਾਣੀਕਾਰ ਮੋਹਨ ਸ਼ਰਮਾ ਸ਼ਾਮਲ ਹੋਏ।

ਕਵੀ ਦਰਬਾਰ ਦਾ ਆਰੰਭ ਗੁਰਜਿੰਦਰ ਸਿੰਘ ਰਸੀਆ (ਬਹਾਦਰਪੁਰ) ਦੇ ਗੀਤ ਨਾਲ ਕੀਤਾ ਗਿਆ। ਉਪਰੰਤ ਡਾ. ਸੁਦਰਸ਼ਨ ਗਾਸੋ (ਅੰਬਾਲਾ), ਡਾ. ਗੁਰਦਰਪਾਲ ਸਿੰਘ (ਜੀਰਕ), ਡਾ. ਲਕਸ਼ਮੀ ਨਾਰਾਇਣ ਭੀਖੀ (ਪਟਿਆਲਾ), ਜੁਗਰਾਜ ਧੌਲਾ, ਭੂਪਿੰਦਰ (ਜਗਰਾਓਂ), ਅਨਵਾਰ ਅੰਜੁਮ (ਮਲੇਰਕੋਟਲਾ), ਰਾਮ ਸਿੰਘ ਚਾਹਲ (ਮਾਨਸਾ), ਹਰਭਜਨ ਸਿੱਧੂ ਮਾਨਸਾ, ਰਾਜਿੰਦਰ ਸ਼ੌਕੀ (ਬਰਨਾਲਾ) ਅਮਰੀਕ ਸਿੰਘ ਗਾਗਾ, ਸੁਰਜੀਤ ਦਿਹੜ, ਗੁਰਚਰਨ ਸਿੰਘ ਪਬਾਰਾਲੀ, ਅਮਰਿੰਦਰ ਸੰਧੂ ਸਾਦਿਕ, ਸੁਖਪਾਲ ਦਰਦੀ (ਸਾਦਿਕ) ਧਰਮ ਸਿੰਘ ਗੁਲਾਟੀ, ਡਾ: ਬਚਨ ਸਿੰਘ ਬਚਨ (ਝਨੇੜੀ) ਰਾਜਵਿੰਦਰ ਸਿੰਘ, ਪ੍ਰੋ: ਪ੍ਰੀਤਮ ਸਿੰਘ ਰਾਹੀ (ਬਰਨਾਲਾ), ਬੀ.ਐਸ.ਬੀਰ (ਨਾਭਾ) ਤੇ ਇਕਬਾਲ ਰਾਮੂਵਾਲੀਆ (ਕਨੇਡਾ) ਆਦਿ ਨੇ ਆਪਣੇ ਗੀਤ ਗਜ਼ਲਾਂ ਤੇ ਨਜ਼ਮਾਂ ਪੜ੍ਹੀਆਂ। ਇਨ੍ਹਾਂ ਤੋਂ ਇਲਾਵਾ ਸ੍ਰੀਮਤੀ ਪ੍ਰਾਅ ਪਟੇਲ (ਪਤਨੀ ਸ੍ਰੀ ਸਾਂ ਜੇ. ਪਟੇਲ ਅਹਿਮਦਾਬਾਦ), ਅਰਵਿੰਦਰ ਕੌਰ ( ਕਾਕੜਾ), ਸੁਖਵਿੰਦਰ ਕੌਰ ਆਹੀ (ਪਟਿਆਲਾ) ਨੇ ਵੀ ਆਪਣੀਆਂ ਰਚਨਾਵਾਂ ਪੜ੍ਹੀਆਂ।

ਦੂਸਰੇ ਸੈਸ਼ਨ ਵਿਚ ਗੁਰਮੇਲ ਮਡਾਹੜ ਦੀਆਂ ਗੁਜਰਾਤੀ ਵਿਚ ਸ੍ਰੀ ਸਾਂ.ਜੇ. ਪਟੇਲ ਵਲੋਂ ਅਨੁਵਾਦ ਕੀਤੀਆਂ ਕਹਾਣੀਆਂ ਦੀ ਪੁਸਤਕ 'ਸਦਾਚਾਰ ਖੋਇਓ ਛੇ' ਨੂੰ ਸ੍ਰੀ ਇਕਬਾਲ ਰਾਮੂਵਾਲੀਆਂ ਵਲੋਂ, 'ਕਾਗਦਿ ਕੀ ਨਾ ਪਾਈ' (ਸਾਹਿਤਕ ਪੱਤਰ) ਡਾ. ਤੇਜਵੰਤ ਮਾਨ ਦੀ ਪੁਸਤਕ ਨੂੰ ਸ੍ਰੀ ਰਾਮ ਸਰੂਪ ਅਣਖੀ ਵਲੋਂ, 'ਪੀੜ ਪ੍ਰਾਹੁਣੀ' ਕਾਵਿ ਸੰਗ੍ਰਹਿ ਰਚਿਤ ਗੌਰਵ ਕੱਕੜ 'ਵਾਰਿਸ' ਨੂੰ ਬੀ.ਐਸ.ਬੀਰ ਵਲੋਂ ਅਤੇ 'ਜੱਟ ਤੇਜੇ ਤੇ ਬਾਲਦ ਕਲਾਂ ਦਾ ਇਤਿਹਾਸ' (ਖੋਜ) ਰਚਿਤ ਗੁਰਨਾਮ ਸਿੰਘ ਨੂੰ ਡਾ: ਸੁਖਦੇਵ ਸਿੰਘ ਵਲੋਂ ਲੋਕ ਅਰਪਣ ਕੀਤਾ ਗਿਆ। ਇਨ੍ਹਾਂ ਪੁਸਤਕਾਂ ਬਾਰੇ ਕ੍ਰਮਵਾਰ ਸ੍ਰਵਸ੍ਰੀ ਸਤਿੰਦਰ ਸਿੰਘ ਨੰਦਾ, ਡਾ. ਭਗਵੰਤ ਸਿੰਘ, ਡਾ. ਸੁਦਰਸ਼ਨ ਗਾਸੋ ਤੇ ਡਾ. ਸੁਖਜਿੰਦਰ ਸਿੰਘ ਵਲੋਂ ਬੜੀ ਵਿਦਵਤਾ ਭਰਪੂਰ ਜਾਣਕਾਰੀ ਕਰਵਾਈ ਗਈ। ਇਸ ਤੋਂ ਬਾਅਦ ਡਾ. ਸੁਖਜਿੰਦਰ ਸਿੰਘ ਦੀਆਂ ਦੋ ਆਲੋਚਨਾ ਦੀਆਂ ਪੁਸਤਕਾਂ 'ਮਨੋਵਿਗਿਆਨ ਅਤੇ ਪੰਜਾਬੀ ਨਾਵਲ' ਅਤੇ 'ਪੰਜਾਬੀ ਨਾਵਲ ਨਗਰ ਚੇਤਨਾ ਦੇ ਪਸਾਰ' ਵੀ ਰਲੀਜ਼ ਕੀਤੀਆਂ ਗਈਆਂ।

ਸਭਾ ਵਲੋਂ ਗੁਜਰਾਤੀ ਲੇਖਕ ਸ੍ਰੀ ਸਾਂ ਜੇ. ਪਟੇਲ ਨੂੰ ਪੰਜਾਬੀ ਦੀਆਂ ਬਾਈ ਪੁਸਤਕਾਂ ਗੁਜਰਾਤੀ ਵਿਚ ਅਨੁਵਾਦ ਕਰਕੇ ਪੰਜਾਬੀ ਭਾਸ਼ਾ ਦੇ ਪਸਾਰ ਵਿਚ ਪਾਏ ਯੋਗਦਾਨ ਬਦਲੇ ਸਨਮਾਨਤ ਕੀਤਾ ਗਿਆ। ਸ੍ਰੀ ਗੌਰਵ ਕੱਕੜ 'ਵਾਰਿਸ' ਅਤੇ ਸ੍ਰੀ ਗੁਰਨਾਮ ਸਿੰਘ ਨੂੰ ਉਨ੍ਹਾਂ ਦੀ ਪਹਿਲੀ ਪੁਸਤਕ ਪ੍ਰਕਾਸ਼ਤ ਹੋਣ ਤੇ ਹੌਸਲਾ ਉਪਜਊ ਸਨਮਾਨ ਦਿਤਾ ਗਿਆ।

ਪ੍ਰਧਾਨਗੀ ਮੰਡਲ ਦੀ ਪ੍ਰਤੀਨਿੱਧਤਾ ਕਰਦਿਆਂ ਡਾ. ਸੁਖਦੇਵ ਸਿੰਘ ਨੇ ਆਪਣੇ ਭਾਸ਼ਨ ਵਿਚ ਜਿਥੇ ਅਨੁਵਾਦ ਦੀ ਮਹੱਤਤਾ ਬਾਰੇ ਰੋਸ਼ਨੀ ਪਾਈ ਉਥੇ ਸਾਂ. ਜੇ. ਪਟੇਲ ਦਾ ਉਸ ਵਲੋਂ ਪੰਜਾਬੀ ਸਾਹਿਤ ਦੇ ਪਸਾਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਗੁਰਮੇਲ ਮਡਾਹੜ ਨੂੰ ਵੀ ਮੁਬਾਰਕਬਾਦ ਕਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅੱਜ ਵਿਸ਼ਵ ਚਿੰਤਨ ਵਿਚ ਸੱਤਾ ਤੋਂ ਦੂਰ ਵਿਚਰਨ ਵਾਲੇ ਲੋਕਾਂ ਦੀ ਗਲ ਹੋ ਰਹੀ ਹੈ। ਉਹ ਲੋਕ ਜੋ ਹੁਣ ਤਕ ਸੱਤਾ ਸੁਖ ਤੋਂ ਵੰਚਤਿ ਰਖੇ ਗਏ ਹਨ ਹੁਣ ਸਾਹਿਤ ਤੇ ਕਲਾ ਵਿਚ ਉਨ੍ਹਾਂ ਦੀ ਆਵਾਜ਼ ਨੂੰ ਬੜਾ ਭਰਵਾਂ ਹੁੰਘਾਰਾ ਮਿਲ ਰਿਹਾ ਹੈ। ਯਕਦਰੀਦਾ, ਹੋਮੀਭਾਵਾ, ਇਜ਼ਾਜ਼ ਅਹਿਮਦ ਅਤੇ ਐਡਵਰਡ ਸੱਈਅਦ ਆਦਿ ਚਿੰਤਕਾਂ ਨੇ ਹਾਸ਼ੀਏ ਤੋਂ ਬਾਹਰ ਵਿਚਰਦੇ ਲੋਕਾਂ ਦੇ ਕਲਾ ਤੇ ਸਾਹਿਤ ਨੂੰ ਬਦਲਵਾਂ ਸਾਹਿਤ ਅਤੇ ਚਿੰਤਨ ਕਿਹਾ ਹੈ। ਸਥਾਪਤ ਸਾਹਿਤ ਦੇ ਚਿੰਤਨ ਦੇ ਵਿਰੋਧ ਵਿਚ ਇਹ ਚਿੰਤਨ ਦੇ ਸਾਹਿਤ ਲੋਕਾਂ ਦੀ ਮੁਕਤੀ ਦਾ ਇਕ ਨਵਾਂ ਪ੍ਰਵਚਨ ਸਿਰਜਦਾ ਹੈ। ਇਹ ਸਾਹਿਤ ਅਸਹਿਮਤੀ ਦਾ ਸਾਹਿਤ ਹੈ ਅਤੇ ਇਹ ਕਲਾ, ਦਰਸ਼ਨ, ਇਤਿਹਾਸ ਅਤੇ ਰਾਜਨੀਤੀ ਦੇ ਖੇਤਰ ਵਿਚ ਇਕ ਬਦਲਵਾਂ ਮੂਲ ਵਿਧਾਨ ਸਿਰਜਨ ਦੀ ਵਕਾਲਤ ਕਰਦਾ ਹੈ।

ਅੰਤ ਵਿਚ ਸਭਾ ਦੇ ਪ੍ਰਧਾਨ ਗੁਰਮੇਲ ਮਡਾਹੜ ਨੇ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸਮੂਹ ਸਾਹਿਤਕਾਰਾਂ, ਕਲਾ ਪ੍ਰੇਮੀਆਂ ਦਾ ਧੰਨਵਾਦ ਕੀਤਾ।

*—ਕੇਸਰਾ ਰਾਮ*

## ਵਿਦਵਾਨ ਲੇਖਕ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਦਾ ਸਨਮਾਨ

ਪੰਜਾਬੀ ਲਿਖਾਰੀ ਸਭਾ ਸਾਦਿਕ ਵਲੋਂ ਪ੍ਰਸਿੱਧ ਵਿਦਵਾਨ ਲੇਖਕ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਦੇ ਸਨਮਾਨ ਵਿੱਚ ਇੱਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਸਥਾਨਕ ਰਾਮਗੜ੍ਹੀਆ ਬਰਾਦਰੀ ਭਵਨ ਵਿਖੇ ਕਰਵਾਇਆ ਗਿਆ। ਜਿਸ ਵਿੱਚ ਭਾਰੀ ਗਿਣਤੀ ਵਿੱਚ ਪਾਠਕ, ਲੇਖਕ ਤੇ ਬੁੱਧੀਜੀਵੀ ਹਾਜ਼ਰ ਹੋਏ। ਆਲੋਚਕ, ਵਿਦਵਾਨ ਤੇ ਸਾਹਿਤਕਾਰ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਬਾਰੇ ਬੋਲਦਿਆਂ ਪ੍ਰਸਿੱਧ ਲੇਖਕ ਨਿੰਦਰ ਘੁਗਿਆਣਵੀ ਨੇ ਕਿਹਾ ਕਿ ਪ੍ਰੋਫੈਸਰ ਸਹਿਬ ਦੀ ਸ਼ਖਸੀਅਤ ਬਹੁਪੱਖੀ ਹੈ। ਉਹਨਾਂ ਇਸ ਮੌਕੇ ਪ੍ਰੋਫੈਸਰ ਸਾਹਿਬ ਦੀ ਸਾਹਿਤਕ ਦੇਣ ਬਾਰੇ ਚਾਨਣਾ ਪਾਇਆ। ਸਭਾ ਦੇ ਸਰਗਰਮ ਵਰਕਰ ਮਾਸਟਰ ਸ਼ਾਮ ਸਿੰਘ ਬਰਾੜ ਭਾਗ ਸਿੰਘ ਵਾਲਾ ਨੇ ਇਹ ਆਖਿਆ ਕਿ, "ਕਰਤਾ ਹੀਰ ਦਿਆ ਵਾਰਿਸਾ, ਸੱਚ ਜਾਣੀਂ



Namdhari Elibrary NamdhariElibrary@gmail.com

ਮੰਨਾਂ ਮੈਂ ਪੰਜਾਬੀ ਦਾ ਪੀਰ ਤੈਨੂੰ, ਦਿੱਤਾ ਜਨਮ ਤੂੰ ਹੀਰ ਸਲੇਟੜੀ ਨੂੰ, ਦੇ ਗਈ ਸਦਾ ਦੀ ਜ਼ਿੰਦਗੀ ਹੀਰ ਤੈਨੂੰ" ਪ੍ਰੋਫੈਸਰ ਸਾਹਿਬ ਨੇ ਕਈ ਕਿਤਾਬਾਂ ਲਿਖੀਆਂ ਹਨ, ਮਾਸਟਰ ਸ਼ਾਮ ਸਿੰਘ ਨੇ ਪ੍ਰੋਫੈਸਰ ਸਾਹਿਬ ਦੀਆਂ ਕਿਤਾਬਾਂ ਦੀ ਤੁਲਨਾ ਹੀਰ ਤੇ ਉਸਦੇ ਕਰਤਾ ਨਾਲ ਕੀਤੀ। ਪ੍ਰੋਫੈਸਰ ਬ੍ਰਹਮ ਜਗਦੀਸ਼ ਸਿੰਘ ਨੇ ਆਪਣੇ ਬੇਹੱਦ ਖ਼ੂਬਸੂਰਤ ਅੰਦਾਜ ਵਿੱਚ ਵੰਨ-ਸੁਵੰਨੇ ਵਿਸ਼ਿਆਂ ਉਤੇ ਬੋਲ ਕੇ ਸ੍ਰੋਤਿਆਂ ਤੇ ਪਾਠਕਾਂ ਨੂੰ ਅੰਤਰ ਮੁਗਧ ਕੀਤਾ। ਇਸ ਸਮੇਂ ਪ੍ਰੋਫੈਸਰ ਸਾਹਿਬ ਨੂੰ ਸਭਾ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਡਾ. ਕੇਵਲ ਅਰੋੜਾ, ਸਾਧੂ ਸਿੰਘ ਪ੍ਰੋਫੈਸਰ, ਸਰਦੂਲ ਦਰਦ,ਕੁਲਦੀਪ ਭਾਗ ਸਿੰਘ, ਛਿੰਦਰਪਾਲ ਚੌਹਾਨ ਸਮੇਤ ਕਈ ਲੇਖਕਾਂ ਨੇ ਰਚਨਾਵਾਂ ਪੜੀਆਂ। ਸਟੇਜ ਸੰਚਾਲਨਾ ਮਾਸਟਰ ਸ਼ਾਮ ਸਿੰਘ ਭਾਗ ਸਿੰਘ ਵਾਲਾ ਨੇ ਬਾਖ਼ੂਬੀ ਨਿਭਾਈ।

## ਕੰਗ ਪ੍ਰੀਵਾਰ ਵੱਲੋਂ ਨਵੇਂ ਗ੍ਰਹਿ ਵਿਖੇ ਪ੍ਰਵੇਸ਼

ਲੁਧਿਆਣਾ:- ਸ੍ਰ: ਜੋਗਿੰਦਰ ਸਿੰਘ ਕੰਗ (ਪ੍ਰਧਾਨ ਪੰਜਾਬੀ ਕਵੀ ਸਭਾ ਲੁਧਿਆਣਾ) ਜੋ ਸੈਸ਼ਨ ਕੋਰਟ ਲੁਧਿਆਣਾ ਵਿਖੇ ੨੨ ਸਾਲਾਂ ਤੋਂ ਬਤੌਰ ਲਾਇਬ੍ਰੇਰੀਅਨ ਸਰਕਾਰੀ ਸਰਵਿਸ ਕਰ ਰਹੇ ਹਨ ਨੇ ਆਪਣਾ ਨਵਾਂ ਮਕਾਨ ਗਲੀ ਨੰ: ੬ ਸਤਜੋਤ ਨਗਰ, ਦੁੱਗਰੀ-ਧਾਂਦਰਾ ਰੋਡ ਲੁਧਿਆਣਾ ਵਿਖੇ ਬਣਾਇਆ ਹੈ। ੭ ਨਵੰਬਰ ਨੂੰ ਗ੍ਰਹਿ ਪ੍ਰਵੇਸ਼ ਸਮੇਂ ਬੀਬੀਆਂ ਦੇ ਜੱਥੇ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ, ਇੱਕ ਸਹਿਜ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਹਜ਼ੂਰੀ ਰਾਗੀ ਸ੍ਰੀ ਭੈਣੀ ਸਾਹਿਬ ਸੰਤ: ਹਰਬੰਸ ਸਿੰਘ ਘੁੱਲਾ ਦੇ ਜੱਥੇ ਨੇ ਨਿਰਧਾਰਿਤ ਰਾਗਾਂ ਵਿਚ ਮਨੋਹਰ ਕੀਰਤਨ ਕੀਤਾ। ਪੰਜਾਬੀ ਕਵੀ ਸ੍ਰ: ਹਰਦੇਵ ਸਿੰਘ ਕਲਸੀ ਨੇ ਆਏ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਪ੍ਰੀਵਾਰ ਵੱਲੋਂ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਗੁਰਦੁਆਰਾ ਹਰਿਦਰ ਨਗਰ ਵਿਖੇ ਕਵੀ ਦਰਬਾਰ

ਫਰੀਦਕੋਟ— ਦਸਮੇਸ਼ ਆਗਮਨ ਪੁਰਬ ਦੇ ਸ਼ੁਭ ਅਵਸਰ 'ਤੇ ਗੁਰਦੁਆਰਾ ਹਰਿੰਦਰ ਨਗਰ ਫ਼ਰੀਦਕੋਟ ਵਿਖੇ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਪ੍ਰੋ: ਸਾਧੂ ਸਿੰਘ, ਪ੍ਰਿੰ: ਨਵਰਾਹੀ ਘੁਗਿਆਣਵੀ, ਬਲਬੀਰ ਸਿੰਘ ਧੀਰ ਅਤੇ ਪ੍ਰੋ. ਦਵਿੰਦਰ ਸੈਰਾਂਵਾਲੀ ਨੇ ਗੁਰੂ-ਜਸ ਨਾਲ ਭਰਪੂਰ ਕਵਿਤਾਵਾਂ ਪੇਸ਼ ਕੀਤੀਆਂ ਅਤੇ ਸੰਗਤਾਂ ਪਾਸੋਂ ਵਾਹਵਾ ਖੱਟੀ। ਮਰਵਾਹਾ ਗਰਲਜ਼ ਕਾਲਜ ਫਰੀਦਕੋਟ ਦੀ ਇੱਕ ਬੱਚੀ ਭੁਪਿੰਦਰ ਢੁੱਡੀ ਅਤੇ ਇੱਕ ਛੋਟੇ ਜਿਹੇ ਬੱਚੇ ਬਲਜੀਤ ਸਿੰਘ ਨੇ ਵੀ ਕਵਿਤਾਵਾਂ ਰਾਹੀਂ ਹਾਜ਼ਰੀ ਲੁਆਈ। ਸਟੇਜ ਸਕੱਤਰ ਦੇ ਫ਼ਰਜ ਪ੍ਰੋ. ਸਾਧੂ ਸਿੰਘ ਨੇ ਬਾਖ਼ੂਬੀ ਨਿਭਾਏ। ਅੰਤ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਸ. ਮੁਹਿੰਦਰ ਸਿੰਘ ਰੋਮਾਣਾ ਨੇ ਸੰਗਤਾਂ ਅਤੇ ਕਵੀਆਂ ਦਾ ਧੰਨਵਾਦ ਕੀਤਾ।

*—ਨਵਰਾਹੀ ਘੁਗਿਆਣਵੀ*



## ਬੀਬੀ ਦਵਿੰਦਰ ਕੌਰ ਜੰਮੂ ਨਮਿਤ ਮੇਲਾ

ਬੀਬੀ ਦਵਿੰਦਰ ਕੌਰ ਜੰਮੂ ਵਾਲੇ ਮਿਤੀ ੨੬ ਦਸੰਬਰ ੨੦੦੪ ਐਤਵਾਰ ਨੂੰ ਜੰਮੂ ਵਿਖੇ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੨ ਜਨਵਰੀ ੨੦੦੫ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਲੋਇਰ ਗੁੰਮਟ ਜੰਮੂ ਤਵੀ ਵਿਖੇ ਪਾਇਆ ਗਿਆ।

ਬੀਬੀ ਦਵਿੰਦਰ ਕੌਰ ਗੁਰੂਘਰ ਦੀ ਪ੍ਰੇਮੀ ਅਤੇ ਸੇਵਾ ਵਿਚ ਵਿਅਸਤ ਰਹਿਣ ਵਾਲੀ ਸ਼ਖਸੀਅਤ ਸਨ। ਘੰਟਿਆਂ ਤੱਕ ਖੜ੍ਹੇ ਰਹਿ ਕੇ ਸ੍ਰੀ ਭੈਣੀ ਸਾਹਿਬ ਦੇ ਵੱਡੇ ਮੇਲਿਆਂ ਤੇ ਆਈਆਂ ਸੰਗਤਾਂ ਨੂੰ ਥਾਂ ਪਰ ਥਾਂ ਬੈਠਾਉਣ ਅਤੇ ਆਵਾਜਾਈ ਦੇ ਪਰਬੰਧ ਦੀ ਸੇਵਾ ਕਰਦੇ। ਆਪ ਹਮੇਸ਼ਾ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ, ਜੰਮੂ ਹੋਵੇ ਜਾਂ ਸ੍ਰੀ ਭੈਣੀ ਸਾਹਿਬ ਪਹਿਲਾਂ ਪੁੱਜਦੇ, ਸੇਵਾ ਕਰਦੇ ਸਿਮਰਨ ਕਰਦੇ ਅਤੇ ਕੀਰਤਨ ਸੁਣਦੇ। ਜੰਮੂ ਵਿਚ ਬੀਬੀਆਂ ਦਾ ਘੰਟਿਆਂ ਬਧੀ ਕੀਰਤਨ ਕਰਨ ਵਾਲਾ ਤਗੜਾ ਉਤਸ਼ਾਹੀ ਜੱਥਾ ਹੈ। ਬੀਬੀ ਦਵਿੰਦਰ ਕੌਰ ਇਸ ਇਸਤਰੀ ਜੱਥੇ ਵਿਚ ਵੈਰਾਗ ਅਤੇ ਪ੍ਰੇਮ ਨਾਲ ਕੀਰਤਨ ਵੀ ਕਰਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ ਵਿਚ ਸਦਾ ਸੇਵਾ ਲਈ ਤੱਤਪਰ ਰਹਿੰਦੇ ਅਤੇ ਗੁਰੂ ਮਹਿਲ ਸ੍ਰੀ ਮਾਤਾ ਚੰਦ ਕੌਰ ਦੀ ਦੀਆਂ ਖਾਸ ਸੇਵਕਾਵਾਂ ਵਿਚੋਂ ਸਨ। ਬੀਬੀ ਜੀ ਅੰਮ੍ਰਿਤਸਰ ਦੇ ਸੰਤ ਦੀਵਾਨ ਸਿੰਘ ਅਤੇ ਮਾਤਾ ਰਤਨ ਕੌਰ ਜੀ ਦੀ ਸਪੁੱਤਰੀ ਸਨ। ਆਪ ਦਾ ਅਨੰਦ ਕਾਰਜ ਸੰਤ ਜੇਠਾ ਸਿੰਘ ਜੀ (ਪਿਛਲਾ ਪਿੰਡ ਖਾਰਾ ਦੇਊਆਂ ਜ਼ਿਲ੍ਹਾ ਸਿਆਲਕੋਟ) ਦੇ ਸਪੁੱਤਰ ਸ. ਸਵਰਨ ਸਿੰਘ ਨਾਲ ਹੋਇਆ, ਜੋ ਜੰਮੂ ਵਿਖੇ ਮਾਡਰਨ ਗੰਨ ਵਰਕਸ ਫੈਕਟਰੀ ਦੇ ਮੁਖੀਆਂ ਵਿਚੋਂ ਸਨ। ਬੀਬੀ ਜੀ ਦੇ ਪਤੀ ਸ. ਸਵਰਨ ਸਿੰਘ ਦਾ ਪਿਛਲੇਰੇ ਜਿਹੇ ਦੇਹਾਂਤ ਹੋ ਗਿਆ ਸੀ। ਬੀਬੀ ਦਵਿੰਦਰ ਕੌਰ ਜੰਮੂ ਦੇ ਮੌਜੂਦਾ ਸੂਬਾ ਸੰਤ ਸੁਖਦੇਵ ਸਿੰਘ ਦੇ ਚਾਚੀ ਜੀ ਸਨ। ਆਪ ਦੇ ਗ੍ਰਹਿ ਵਿਖੇ ਤਿੰਨ ਸਪੁੱਤਰਾਂ ਹਰਵਿੰਦਰ ਸਿੰਘ 'ਲਹਿਰੀ' - ਮਨੋਹਰ ਸਿੰਘ ਬੌਬੀ, ਬਿਕਰਮ



Namdhari Elibrary NamdhariElibrary@gmail.com

ਸਿੰਘ ਸੋਨੂੰ ਅਤੇ ਇਕ ਸਪੁਤਰੀ ਨੇ ਜਨਮ ਲਿਆ। ਬੀਬੀ ਜੀ ਭਾਵੇਂ ਕੁਝ ਸਮੇਂ ਤੋਂ ਇਕ ਵੱਡੀ ਬੀਮਾਰੀ ਦੀ ਪਕੜ ਵਿਚ ਸਨ ਪਰ ਆਪ ਨੇ ਜਿਸ ਵਿਸ਼ਵਾਸ਼ ਦ੍ਰਿੜਤਾ ਅਤੇ ਅਡੋਲਤਾ ਨਾਲ ਮੁਕਾਬਲਾ ਕੀਤਾ ਅਤੇ ਬੀਮਾਰੀ/ਇਲਾਜ ਸਮੇਂ ਹੱਸਮੁਖਤਾ, ਸੇਵਾ ਸਿਮਰਨ ਅਤੇ ਸਹਿਜਤਾ ਵਿਚ ਵਿਚਰਦੇ ਰਹੇ ਉਹ ਮਿਸਾਲੀ ਵੀ ਸੀ ਅਤੇ ਹੈਰਾਨਕੁੰਨ ਵੀ। ਪਰਿਵਾਰ ਵਾਲੇ ਨੂੰਹਾਂ ਪੁੱਤਰ ਵੀ ਆਪਣੀ ਮਾਤਾ ਦੀਆਂ ਇਛਾਵਾਂ ਤੇ ਪੂਰੇ ਉਤਰੇ ਅਤੇ ਹਰ ਪ੍ਰਕਾਰ ਦੇ ਇਲਾਜ ਅਤੇ ਰੱਖ-ਰਖਾਓ ਦਾ ਪੂਰਾ ਧਿਆਨ ਰੱਖਿਆ। ਬੀਬੀ ਦਵਿੰਦਰ ਕੌਰ ਦੇ ਅਕਾਲ ਚਲਾਣੇ ਬਾਦ ਸ੍ਰੀ ਭੈਣੀ ਸਾਹਿਬ ਤੋਂ ਆਏ ਸੰਤ ਜਰਨੈਲ ਸਿੰਘ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਵਿਧਵਿਤ ਮਰਿਆਦਾ ਅਨੁਸਾਰ ਪਾਠ ਕੀਤਾ। ਹਰ ਰੋਜ਼ ਸ਼ਾਮ ਨੂੰ ਪਰਿਵਾਰ ਦੇ ਗ੍ਰਿਹ ਨਾਨਕ ਨਗਰ ਜੰਮੂ ਵਿਚ ਨਾਮ ਸਿਮਰਨ ਅਤੇ ਕਥਾ ਹੁੰਦੀ, ਜਿਸ ਵਿਚ ਠੰਡ ਅਤੇ ਮੀਂਹ ਦੀ ਪਰਵਾਹ ਨਾ ਕਰਦਿਆਂ ਭਾਰੀ ਗਿਣਤੀ ਵਿਚ ਸੰਗਤ ਪੁਜਦੀ ਅਤੇ ਅੰਤ ਉਤੇ ਸਾਂਝੇ ਤੌਰ ਤੇ ਲੰਗਰ ਛਕਾਇਆ ਜਾਂਦਾ।

ਪਾਠ ਦੇ ਭੋਗ ਵਾਲੇ ਦਿਨ ਭਾਵ ੨ ਜਨਵਰੀ ੨੦੦੫ ਨੂੰ ਨਾਮਧਾਰੀ ਧਰਮਸਾਲਾ ਜੰਮੂ ਵਿਚ ਭਾਰੀ ਮੇਲਾ ਹੋਇਆ ਅੰਮ੍ਰਿਤ ਵੇਲੇ ਤੋਂ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਆਏ ਜਥੇਦਾਰ ਇਕਬਾਲ ਸਿੰਘ ਜੌਹਲ ਅਤੇ ਮੰਡੀ ਹਿਮਾਚਲ ਤੋਂ ਆਏ ਜਥੇਦਾਰ ਸਾਧਾ ਸਿੰਘ ਜੀ ਨੇ ਢੋਲਕ ਛੈਣਿਆਂ ਨਾਲ ਆਸਾ ਦੀ ਵਾਰ ਦਾ ਜੋਰਦਾਰ ਕੀਰਤਨ ਕੀਤਾ। ਸਵੇਰ ਦੇ ਲੰਗਰ ਬਾਦ ਮੁੜ ਖੁਲ੍ਹਾ ਦੀਵਾਨ ਸ਼ੁਰੂ ਹੋਇਆ। ਜਥੇਦਾਰ ਇਕਬਾਲ ਸਿੰਘ ਜੀ ਨੇ ਆਪਣੇ ਰਸ-ਭਰੇ ਕੀਰਤਨ ਹੱਲੇ ਦੇ ਦੀਵਾਨ ਵਿਚ ਸ਼ਬਦ ਗਾਇਣ ਕੀਤੇ। ਨਾਲ ਕਵਿਤਾਵਾਂ ਦੀਆਂ ਟੂਕਾਂ ਦੇ ਕੇ ਅਤੇ ਵਖਿਆਨ ਦੁਆਰਾ ਸਮੇਂ ਅਤੇ ਕਾਲ ਚੱਕਰ, ਭਾਣੇ ਦੀ ਮਹਾਨਤਾ ਅਤੇ ਬੀਬੀ ਦਵਿੰਦਰ ਕੌਰ ਕੇ ਮਾਨਵੀ ਗੁਣਾਂ ਤੇ ਭਾਵ-ਪੂਰਨ ਪ੍ਰਵਚਨ ਕੀਤੇ। ਉਹਨਾਂ ਬਾਦ ਜਥੇਦਾਰ ਸਾਧਾ ਸਿੰਘ ਹੋਰਾਂ ਨੇ ਕਥਾ ਕਰਦਿਆਂ ਬੀਬੀ ਜੀ ਦੇ ਗੁਣਾਂ ਨੂੰ ਉਜਾਗਰ ਕੀਤਾ। ਅੰਤ ਉਤੇ ਜੰਮੂ ਦੀ ਸੰਗਤ ਨਾਲ ਵਿਸ਼ੇਸ਼ ਨੇੜਤਾ ਰੱਖਣ ਵਾਲੇ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਸ਼ਰਧਾਂਜਲੀ ਦੇਂਦਿਆ ਪਰਵਾਰ ਨੂੰ ਆਵਾਹਨ ਕਰਦਿਆਂ ਕਿਹਾ ਕਿ ਸੱਚੀ ਸ਼ਰਧਾਂਜਲੀ ਇਹ ਹੈ ਕਿ ਬੀਬੀ ਦਵਿੰਦਰ ਕੌਰ ਦੇ ਗੁਣਾਂ ਨੂੰ ਧਾਰਨ ਕੀਤਾ ਜਾਵੇ। ਬੀਬੀ ਜੀ ਦੀ ਜੀਵ-ਆਤਮਾ ਨੇ ਨਿਸਚਿਤ ਤੌਰ ਤੇ ਗੁਰੂ ਕੇ ਚਰਨਾਂ ਵਿਚ ਨਿਵਾਸ ਕੀਤਾ ਹੈ ਕਿਉਂਕਿ ਉਹ ਗੁਰੂ ਦੇ ਚਰਨਾਂ ਵਿਚ ਮਨ ਲਗਾ ਕੇ ਹਰਿ ਕੇ ਦੁਆਰ ਮਰੇ ਹਨ। ਸ਼ਰਧਾਂਜਲੀਆਂ ਉਪਰੰਤ ਨਾਵੇਂ ਮਹੱਲੇ ਦੇ ਸ਼ਲੋਕ ਪੜ੍ਹ ਕੇ ਪਾਠ ਦਾ ਭੋਗ ਪਾਇਆ ਗਿਆ। ਸੰਤ ਕਰਮ ਸਿੰਘ, ਸੂਬਾ ਸੁਖਦੇਵ ਸਿੰਘ ਅਤੇ ਪ੍ਰਧਾਨ ਕਰਤਾਰ ਸਿੰਘ ਜੀ ਨੇ ਸਾਰੇ ਪ੍ਰੋਗਰਾਮ ਦੀ ਵਿਓਂਤਬੰਦੀ ਬਹੁਤ ਪਰਬੀਨਤਾ ਨਾਲ ਕੀਤੀ। ਅੰਤ ਉਤੇ ਗੁਰੂ ਕਾ ਲੰਗਰ ਵਰਤਾਇਆ ਗਿਆ ਅਤੇ ਧਰਮ ਕਾਰਜਾਂ ਤੇ ਸਮਾਜਕ ਕਮਾਂ ਵਾਸਤੇ ਮਾਇਆ ਸਮਰਪਿਤ ਕੀਤੀ।

ਦਿੱਲੀ, ਮੰਡੀ, ਲੁਧਿਆਣਾ, ਅੰਮ੍ਰਿਤਸਰ ਜਲੰਧਰ, ਸ੍ਰੀ ਭੈਣੀ ਸਾਹਿਬ ਆਦਿਕ ਦੂਰ-ਦੂਰ ਥਾਵਾਂ ਤੋਂ ਸੰਗਤ ਰਿਸ਼ਤੇਦਾਰ ਮਿੱਤਰ ਸਨੇਹੀ ਭਾਰੀ ਗਿਣਤੀ ਵਿਚ ਆਏ ਸਨ। ਬੀਬੀ ਦਵਿੰਦਰ ਕੌਰ ਦੀਆਂ ਆਸਾਂ ਨੂੰ ਦੁਨਿਆਵੀ ਫਲ ਵੀ ਲਗਾ। ਆਪ ਜੀ ਦੇ ਵੱਡੇ ਸਪੁੱਤਰ ਹਰਵਿੰਦਰ ਸਿੰਘ ਲਹਿਰੀ ਦੇ ਘਰ ਮਿਤੀ ੨੯ ਦਸੰਬਰ ੨੦੦੪ ਬੁਧਵਾਰ ਨੂੰ ਇੱਕ ਸਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹਰਮਾ ਸਿੰਘ ਰੱਖਿਆ ਗਿਆ ਹੈ।

## ਨਾਵਲਕਾਰ ਨਾਨਕ ਸਿੰਘ ਦੀ ਧਰਮ ਪਤਨੀ ਰਾਜ ਕੌਰ ਚਲ ਵਸੇ

ਅੰਮ੍ਰਿਤਸਰ— ਪੰਜਾਬੀ ਨਾਵਲ ਦੇ ਪਿਤਾਮਾ ਸਵਰਗਵਾਸੀ ਸ. ਨਾਨਕ ਸਿੰਘ ਨਾਵਲਕਾਰ ਦੀ ਧਰਮ ਪਤਨੀ, ਮਾਤਾ ਰਾਜ ਕੌਰ ਹੁਣ ਨਹੀਂ ਰਹੇ। ਉਹ ਲਗਪਗ ੯੬ ਵਰ੍ਹਿਆਂ ਦੇ ਸਨ ਤੇ ਇਨ੍ਹੀ ਦਿਨੀਂ ਅੰਮ੍ਰਿਤਸਰ ਵਿਖੇ ਆਪਣੇ ਸਭ ਤੋਂ ਛੋਟੇ ਸਪੁੱਤਰ ਤੇ ਉਘੇ ਪੰਜਾਬੀ ਪ੍ਰਕਾਸ਼ਕ ਸ. ਕੁਲਬੀਰ ਸਿੰਘ ਸੂਰੀ ਕੋਲ ਰਹਿ ਰਹੇ ਸਨ। ੧੭ ਜਨਵਰੀ ੨੦੦੫ ਨੂੰ ਦੁਪਹਿਰ ਸਮੇਂ ਜਦੋਂ ਉਹ ਆਮ ਵਾਂਗ ਪਾਠ ਕਰ ਰਹੇ ਸਨ ਤਾਂ ਉਨ੍ਹਾਂ ਦੀ ਤਬੀਅਤ ਅਚਾਨਕ ਵਿਗੜ ਗਈ ਤੇ ਉਹ ਘੜੀਆਂ ਪਲਾਂ 'ਚ ਹੀ ਸਦਾ ਲਈ ਅੱਖਾਂ ਮੀਟ ਗਏ। ਉਹਨਾਂ ਦਾ ਸਸਕਾਰ ੧੮ ਜਨਵਰੀ ੨੦੦੫ ਮੰਗਲਵਾਰ ਨੂੰ ਕੀਤਾ ਗਿਆ। ਮਾਤਾ ਜੀ ਦੇ ਦੇਹਾਂਤ ਤੇ ਉਘੀਆਂ ਸਾਹਿਤਕ ਸ਼ਖਸੀਅਤਾਂ ਨੇ ਦੁਖ ਪ੍ਰਗਟ ਕੀਤਾ ਹੈ। ਜਲੰਧਰ ਵਿਚ ਪ੍ਰੋ. ਵਰਿਆਮ ਸਿੰਘ ਸੰਧੂ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਗੁਰਬਖ਼ਸ਼ ਸਿੰਘ ਬੇਨੋਆਣਾ, ਡਾ. ਲਖਵਿੰਦਰ ਜੌਹਲ, ਸ. ਨਰਿਜਣ ਸਿੰਘ ਸਾਥੀ ਡਾ. ਉਮਿੰਦਰ ਜੌਹਲ, ਪ੍ਰੋ ਜਾਗੀਰ ਸਿੰਘ ਕਾਹਲੋਂ, ਸ. ਜਗਦੀਸ਼ ਸਿੰਘ ਵਰਿਆਮ ਨੇ ਸੂਰੀ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ।

## ਜਨਤਕ ਪ੍ਰੈਸ ਦਿੱਲੀ ਦੇ 'ਚੰਨ' ਦੀ ਮਾਤਾ ਦਾ ਦੇਹਾਂਤ

ਜਨਤਕ ਪਰੈਸ ਦਿੱਲੀ ਦੇ ਸੰਸਥਾਪਕਰ ਸਵ. ਗਿਆਨੀ ਜਸਵੰਤ ਸਿੰਘ ਜੀ ਦੀ ਧਰਮ ਪਤਨੀ ਅਤੇ ਸ. ਚਰਨਜੀਤ ਸਿੰਘ ਚੰਨ ਖਜ਼ਾਨਚੀ ਪੰਜਾਬੀ ਸਹਿਤ ਸਭਾ ਦਿੱਲੀ ਅਤੇ ਸ. ਅਮਰਜੀਤ ਸਿੰਘ ਦੀ ਮਾਤਾ ਸਰਦਾਰਨੀ ਮਹਿੰਦਰ ਕੌਰ ੮ ਦਸੰਬਰ ੨੦੦੪ ਨੂੰ ਸਦੀਵੀਵਿਛੋੜਾ ਦੇ ਗਏ। ਉਨ੍ਹਾਂ ਦੇ ਸੰਸਕਾਰ ਸਮੇਂ ਸਾਹਿਤਕ ਜਗਤ ਦੀਆਂ ਕਈ ਸ਼ਖਸੀਅਤਾਂ ਹਾਜ਼ਰ ਸਨ ਜਿਨ੍ਹਾਂ ਵਿਚ ਕਹਾਣੀਕਾਰਾਂ ਅਜੀਤ ਕੌਰ, ਡਾ. ਰਾਜਿੰਦਰ ਕੌਰ ਤੇ ਅਨਿਮੇਸ਼ਵਰ ਕੌਰ ਡਾ. ਸੁਤਿੰਦਰ ਸਿੰਘ ਨੂਰ, ਡਾ. ਕਰਨਜੀਤ ਸਿੰਘ, ਗੁਰਬਚਨ ਸਿੰਘ ਭੁੱਲਰ, ਹਰਭਜਨ ਸਿੰਘ ਸਹਿਗਲ, ਡਾ. ਮਨਜੀਤ ਸਿੰਘ, ਸ੍ਰੀ ਬਲਦੇਵ ਸਿੰਘ ਅਤੇ ਜੋਗਿੰਦਰ ਅਮਰ ਹਾਜ਼ਰ ਸਨ। ਬੀਬੀ ਮਹਿੰਦਰ ਕੌਰ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ੧੨ ਦਸੰਬਰ ਬਾਅਦ ਦੁਪਹਿਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗ੍ਰੇਟਰ ਕੈਲਾਸ਼-1, ਪਹਾੜੀ ਵਾਲੇ ਗੁਰਦਆਰੇ ਵਿਖੇ



Namdhari Elibrary NamdhariElibrary@gmail.com

ਸੀ। ਵਿਛੜੀ ਆਤਮਾ ਨੂੰ ਜੱਥੇਦਾਰ ਮਨਜੀਤ ਸਿੰਘ ਗ੍ਰੇਟਰ ਕੈਲਾਸ਼, ਡਾ. ਮਨਜੀਤ ਸਿੰਘ, ਦਿੱਲੀ ਯੂਨੀਵਰਸਿਟੀ, ਅਤੇ ਮਹਿਰੌਲੀ ਗੁਰਦੁਆਰੇ ਦੇ ਜਨਰਲ ਸਕੱਤਰ ਸ. ਹਿਰਦੇਪਾਲ ਸਿੰਘ ਨੇ ਸ਼ਰਧਾਂਜਲੀ ਭੇਂਟ ਕੀਤੀ। ਇਸ ਅਵਸਰ 'ਤੇ ਸ਼ਾਮਲ ਹੋਣ ਵਾਲੇ ਸੱਜਣ ਸਨ, ਪ੍ਰੋ ਜਸਵੰਤ ਸਿੰਘ ਫੁੱਲ ਪ੍ਰੋ. ਗੁਰਚਰਨ ਸਿੰਘ ਅਰਸ਼ੀ, ਸ੍ਰੀ ਪ੍ਰਵੇਸ਼ ਬਹਾਦਰ ਸਿੰਘ – ਪੰਜਾਬੀ ਡਾਈਜੈਸਟ, ਇਮਰੋਜ਼ ਆਰਟਿਸਟ, ਸ੍ਰੀ ਪਿਆਰਾ ਸਿੰਘ ਐਮ. ਏ., ਡਾ. ਕਰਨਜੀਤ ਸਿੰਘ, ਪ੍ਰੋ. ਰਣਜੀਤ ਸਿੰਘ ਸ੍ਰੀ ਕ੍ਰਿਪਾਲ ਸਿੰਘ 'ਆਜ਼ਾਦ' ਪ੍ਰੋ ਤਾਰਾ ਸਿੰਘ ਅਨਜਾਣ, ਸ੍ਰੀ ਐਸ. ਸਾਕੀ, ਸ੍ਰੀ ਸੁਰਿੰਦਰ ਸਿੰਘ ਜੌਹਰ, ਡਾ. ਮਨਜੀਤ ਸਿੰਘ, ਸ. ਸ਼ਮਸ਼ੇਰ ਸਿੰਘ 'ਸ਼ੇਰ', , ਸ. ਬਲਦੇਵ ਸਿੰਘ ਗੁਜਰਾਲ, ਸ. ਮੋਹਨ ਸਿੰਘ ਬੈਰੀ, ਸ. ਹਰਭਜਨ ਸਿੰਘ ਸਹਿਗਲ, ਸ੍ਰੀ ਓ. ਪੀ. ਆਨੰਦ, ਸ੍ਰੀ ਰਣਜੀਤ ਸਿੰਘ ਭਿੰਡਰ, ਡਾ. ਰੇਣੂਕਾ ਸਿੰਘ, ਸ੍ਰੀ ਜਤਿੰਦਰ ਸਿੰਘ, ਅਣੀਮੇਸ਼ਵਰ ਕੌਰ,ਪ੍ਰੋ. ਸਵਰਨ ਸਿੰਘ, ਸ੍ਰੀ ਬਲਵੰਤ ਸਿੰਘ ਨਿਰਵੈਨ, ਸ੍ਰੀ ਅਮਰਜੀਤ ਸਿੰਘ ਅਮਰ, ਸੀ ਮਨੋਹਰ ਸਿੰਘ ਬਤਰਾ, ਸ੍ਰੀਮਤੀ ਅਰਕਮਲ ਕੌਰ, ਡਾ. ਅਮੀਆ ਕੰਵਰ, ਸੀ ਮਨਜੀਤ ਸਿੰਘ ਨਾਰੰਗ ਫਤਿਹ ਪ੍ਰੀਤਮ, ਡਾ. ਰਵੇਲ ਸਿੰਘ ਪੰਜਾਬੀ ਅਕਾਦਮੀ, ਡਾ. ਮਨਮੋਹਨ ਸ੍ਰੀ ਅਜਬ ਸਿੰਘ ਦਲੇਰ 'ਵਿਸ਼ਵ ਏਕਤਾ' ਆਦਿ।

ਮਾਤਾ ਜੀ ਨੇ ਆਪਣੇ ਪਤੀ ਨਾਲ ਮਿਲਕੇ ਜੀਵਨ ਲੋਕ ਭਲਾਈ ਨੂੰ ਸਮਰਪਿਤ ਕੀਤਾ ਅਸੀਂ 'ਚੰਨ' ਪਰਿਵਾਰ ਦੇ ਇਸ ਦੁਖ ਭਰੇ ਸਮੇਂ ਵਿਚ ਸੰਵੇਦਨਾ ਪ੍ਰਗਟ ਕਰਦੇ ਹਾਂ।

*–ਜਗਦੀਸ਼ ਸਿੰਘ ਵਰਿਆਮ*

## ਮਾਤਾ ਹਰਬੰਸ ਕੌਰ ਨਮਿਤ

ਸੰਤ ਸੰਪੂਰਨ ਸਿੰਘ ਜੀ ਪ੍ਰੀਤਨਗਰ ਜਲੰਧਰ ਨਿਵਾਸੀ ਦੀ ਜੀਵਨ ਸਾਥਨ ਮਾਤਾ ਹਰਬੰਸ ਕੌਰ ਮਿਤੀ ੮ ਜਨਵਰੀ ੨੦੦੫ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ। ਉਹਨਾਂ ਨਮਿਤ ਪਾਠ ਦਾ ਭੋਗ ੧੧ ਜਨਵਰੀ ੨੦੦੫ ਮੰਗਲਵਾਲ ਨੂੰ ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ ਪ੍ਰੀਤਨਗਰ ਜਲੰਧਰ ਵਿਚ ਪਾਇਆ ਗਿਆ। ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦੇ ਦੀਵਾਨ ਨਾਲ ਕੀਰਤਨ ਕੀਤਾ। ਇਸ ਉਪਰੰਤ ਸੰਤ ਬਲਜੀਤ ਸਿੰਘ ਗੁਰਮੀਤ ਸਿੰਘ ਜੀ ਸ਼੍ਰੋਮਣੀ ਰਾਗੀ ਜੱਥੇ ਨੇ ਕੀਰਤਨ ਕੀਤਾ ਅਤੇ ਅੰਤ ਉਤੇ ਸ. ਜਗਦੀਸ਼ ਸਿੰਘ ਵਰਿਆਮ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਮਾਤਾ ਹਰਬੰਸ ਕੌਰ ਦੇ ਪਤੀ ਸੰਪੂਰਨ ਸਿੰਘ ਅਤੇ ਪੁਤਰ ਗੁਰਦੀਪ ਸਿੰਘ, ਕੁਲਵੰਤ ਸਿੰਘ, ਮਨਜੀਤ ਸਿੰਘ ਅਤੇ ਸਪੁਤਰੀਆਂ ਸੁਖਵਿੰਦਰ ਕੌਰ, ਕੁਲਵਿੰਦਰ ਕੌਰ ਸਭ ਪਰਿਵਾਰ ਨੇ ਪ੍ਰੇਮ ਸਹਿਤ ਸੇਵਾ ਕੀਤੀ ਅਤੇ ਲੰਗਰ ਗੁਰੂ ਦਾ ਅਟੁਟ ਵਰਤਿਆ। ਸਟੇਜ ਦਾ ਸੰਚਾਲਨ ਸ. ਦੀਪ ਸਿੰਘ ਸਕੱਤਰ ਹੋਰਾਂ ਕੀਤਾ।

## ਸ. ਅਵਤਾਰ ਸਿੰਘ ਨਾਗੀ ਦਾ ਸਦੀਵੀ ਵਿਛੋੜਾ

ਸ. ਅਵਤਾਰ ਸਿੰਘ ਨਾਗੀ, ਦਿੱਲੀ ਤੋਂ ਆਕੇ ਜਲੰਧਰ ਵਿਚ ਨਿਵਾਸ ਰੱਖ ਰਹੇ ਸਨ ਅਤੇ ਕਰਤਾਰਪੁਰ ਵਿਚ ਫਰਨੀਚਰ ਦਾ ਕਾਰੋਬਾਰ ਚਲਾ ਰਹੇ ਸਨ ਮਿਤੀ ੮ ਜਨਵਰੀ ੨੦੦੫ ਨੂੰ ਆਪਨੀ ਜੀਵਨ ਯਾਤਰਾ ਪੂਰੀ ਕਰ ਗਏ। ਉਹਨਾਂ ਦੀ ਜੀਵ ਨਮਿਤ ਪਾਠ ਦਾ ਭੋਗ ਮਿਤੀ ੧੬-੧-੨੦੦੫ ਨੂੰ ਪਰਿਵਾਰ ਦੇ ਨਿਵਾਸ ਅਸਥਾਨ ੩੫੩ ਗੁਰੂ ਅਮਰਦਾਸ ਨਗਰ ਜਲੰਧਰ ਵਿਖੇ ਮਰਿਆਦਾ ਅਨੁਸਾਰ ਪਾਇਆ ਗਿਆ। ਜਥੇਦਾਰ ਇਕਬਾਲ ਸਿੰਘ ਜੀ ਨੇ ਕੀਰਤਨ ਅਤੇ ਜਨਮ ਮਰਨ ਦੇ ਫਲਸਫੇ ਤੇ ਵੀਚਾਰ ਰੱਖੇ। ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਨੇ ਸੰਯੋਗ-ਵਜੋਗ ਦੀ ਕਾਰ ਅਤੇ ਭਾਣੇ ਦੇ ਸੰਕਲਪ ਤੇ ਵੀਚਾਰ ਰੱਖੇ। ਸੋਗ ਗ੍ਰਸਤ ਪਰਿਵਾਰ ਬੀਬੀ ਬਲਵਿੰਦਰ ਕੌਰ ਪਤਨੀ, ਸ. ਕੁਲਵੰਤ ਸਿੰਘ ਨਾਗੀ ਤੇ ਸ. ਸਤਵੰਤ ਸਿੰਘ ਨਾਗੀ ਭਰਾਵਾਂ, ਸ. ਅਮਰਦੀਪ ਸਿੰਘ ਨਾਗੀ ਅਤੇ ਜਸ਼ਨ ਜੋਤ ਸਿੰਘ ਨਾਗੀ ਸਪੁੱਤਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸੂਬਾ ਜਗਤਾਰ ਸਿੰਘ ਭੱਟੀ, ਸੂਬਾ ਜੁਗਿੰਦਰ ਸਿੰਘ ਅਤੇ ਸੂਬਾ ਮਨੀ ਸਿੰਘ ਨੇ ਵਡੇ ਸਪੁੱਤਰ ਅਮਰਦੀਪ ਸਿੰਘ ਨਾਗੀ ਦੇ ਸੀਸ ਤੇ ਦਸਤਾਰ ਸਜਾਈ। ਲੰਗਰ ਗੁਰੂ ਕਾ ਅਤੁੱਟ ਵਰਤਿਆ। ਜੰਮੂ, ਜਲੰਧਰ, ਲੁਧਿਆਣਾ, ਰੋਪੜ ਦਿੱਲੀ ਆਦਿਕ ਥਾਵਾਂ ਤੋਂ ਭਾਰੀ ਗਿਣਤੀ ਵਿਚ ਰਿਸ਼ਤੇਦਾਰ ਸੰਬੰਧੀ, ਸਨੇਹੀ, ਮਿਤਰ ਅਤੇ ਸਾਧ ਸੰਗਤ ਇਸ ਸਮੇਂ ਹਾਜ਼ਰ ਸੀ। ਧਰਮ ਕਾਰਜਾਂ ਲਈ ਮਾਇਆ ਅਤੇ ਹੋਰ ਪਦਾਰਥ ਅਰਦਾਸ ਕੀਤੇ ਗਏ।

## ਸੰਤ ਗੁਰਦਿਆਲ ਸਿੰਘ ਮਿਸਤਰੀ ਦਮਦਮੇ ਵਾਲੇ ਨਮਿਤ ਭੋਗ

ਪਿਛਲੇ ਦਿਨੀਂ ੨੭ ਮੱਘਰ ਦਿਨ ਸ਼ਨੀਚਰਵਾਰ ਨੂੰ ਸੰਤ ਗੁਰਦਿਆਲ ਸਿੰਘ ਜੀ ਮਿਸਤਰੀ (ਦਮਦਮੇ ਵਾਲੇ) ਅਕਾਲ ਪੁਰਖ ਦੇ ਭਾਣੇ ਅਨੁਸਾਰ ੯੫ ਸਾਲ ਦੀ ਉਮਰ ਭੋਗ ਕੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਨਮਿਤ ਰੱਖੇ ਹੋਏ ਦੋ ਪਾਠਾਂ ਦੇ ਭੋਗ ੭ ਪੋਹ, ਦਿਨ ਮੰਗਲਵਾਰ ਨੂੰ ਪਾਏ ਗਏ। ਇਸ ਮੌਕੇ ਬਹੁਤ ਸਾਰੀਆਂ ਸੰਗਤਾਂ ਨੇ ਹਿੱਸਾ ਲਿਆ। ਗਿਆਨੀ ਆਤਮਾ ਸਿੰਘ ਜੀ ਨੇ ਕੀਰਤਨ ਕੀਤਾ। ਇਨ੍ਹਾਂ ਤੋਂ ਬਾਅਦ ਮਨਬੀਰ ਸਿੰਘ ਨਕੌੜੇ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਦੀਵਾਨ ਲਾਇਆ। ਕਰਨੈਲ ਸਿੰਘ ਅਸਪਾਲ ਹੋਰਾਂ ਨੇ ਗੁਰਬਾਣੀ ਵਿਚੋਂ "ਸਜਣ ਮੈਂਡੇ ਰੰਗਲੇ ਜਾਏ ਸੁਤੇ ਜੀਰਾਣ" ਸ਼ਬਦ ਪੜ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਅਤੇ ਆਪਣੀ ਲਿਖੀ ਹੋਈ ਇਕ ਰਚਨਾ ਸੰਤ ਗੁਰਦਿਆਲ ਸਿੰਘ ਜੀ ਬਾਰੇ ਕਹੀ।

ਇਸ ਤੋਂ ਬਾਦ ਸ਼ਰਧਾਂਜਲੀਆਂ ਦਿੱਤੀਆਂ ਗਈਆਂ, ਜਿਨ੍ਹਾਂ ਵਿਚ ਕਵੀ ਕੁਲਦੀਪ ਸਿੰਘ, ਬਹੁਜਨ ਸਮਾਜ ਪਾਰਟੀ ਦੇ ਬੇਅੰਤ ਸਿੰਘ ਅਤੇ ਕਾਮਰੇਡ ਸਵਰਨ ਸਿੰਘ ਵਿਰਕ ਸ਼ਾਮਲ ਸਨ।

ਆਖਰ ਵਿਚ ਆਈਆਂ ਸੰਗਤਾਂ ਨੂੰ ਦੇਸੀ ਘਿਓ ਨਾਲ ਤਿਆਰ ਕੀਤਾ ਹੋਇਆ ਲੰਗਰ ਵਰਤਾਇਆ ਗਿਆ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਹਰ ਵਾਰ ਵਾਂਗੂੰ ਵਰਿਆਮ ਆਪਣੇ ਵਕਤ ਸਿਰ ਪੁੱਜ ਗਿਆ ਤੇ ਸਾਰਾ ਚੰਗੀ ਤਰ੍ਹਾਂ ਪੜ੍ਹ ਭੀ ਲਿਆ। ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਬਤ ਤੁਹਾਡਾ ਪੰਘਰਾ ਦੇਣ ਵਾਲਾ ਸੰਪਾਦਕੀ ਲੇਖ ਪੜ੍ਹਿਆ ਤੇ ਸਤਿਜੁਗ ਵਿਚ ਭੀ ਚੰਗਾ ਖੋਜ ਭਰਪੂਰ ਅਜਿਹਾ ਇਕ ਲੇਖ ੩੦-੪੦ ਵਰ੍ਹੇ ਪਹਿਲੋਂ ਸੀ, ਮਹਾਰਾਜ ਬੀਰ ਸਿੰਘ ਜੀਆਂ ਵਲੋਂ ਭੀ ਸਤਿਜੁਗ ਵਿਚ ਆਇਆ। ਇਹ ਭੀ ਜ਼ਰੂਰ ਪੜਿਆ ਹੈ ਕਿ ਸ਼ਰਧਾਂਜਲੀ ਯਾਤਰਾ ਭੀ ਸ੍ਰੀ ਭੈਣੀ ਸਾਹਿਬ ਤੋਂ ਫ਼ਤਿਹਗੜ੍ਹ ਸਾਹਿਬ ਤੱਕ ਸੰਪੂਰਨ ਕੀਤੀ ਗਈ। ਵਰਿਆਮ ਜੀ! ਦੇਖੋ ਸਮਾਂ ਕਿੰਨਾ ਬਲਵਾਨ ਹੈ ਤੇ ਮਨੁੱਖ  ਕਿੰਨਾ ਕਮਜ਼ੋਰ... ਅੱਜ ਤੋਂ ਹਜ਼ਾਰ ਸਾਲ ਬਾਦ ਪਤਾ ਨਹੀਂ ਮਨੁੱਖ ਤੋਂ ਇਸ ਨੇ ਕੀ ਕੁਝ ਕਰਵਾ ਲੈਣਾ ਹੈ। ਪਤਾ ਨਹੀਂ ਕਿੰਨੀਆਂ ਕੁ ਤਸਵੀਰਾਂ ਇਸ ਨੇ ਗੁਰੂ ਗੋਬਿੰਦ ਸਿੰਘ ਦੀਆਂ, ਸੋਭਾ ਸਿੰਘ ਤੇ ਸੁਖਵੰਤ ਸਿੰਘ ਤੋਂ ਬਣਾ ਲੈਣੀਆਂ ਹਨ ਕੋਈ ਅਸਲੀ ਰੂਪ ਕਾਸੇ ਦਾ ਰਹਿ ਹੀ ਨਹੀਂ ਜਾਣਾ।

ਸ਼ਿਵ ਕੁਮਾਰ ਤੇ ਜਿਵੇਂ ਇਸ ਧਰਤੀ ਦਾ ਵਾਸੀ ਹੀ ਨਹੀਂ ਸੀ, ਜਦੋਂ ਸੀ ਭੀ ਆਪਣੇ ਸਰੀਰ ਦੀ ਗੁਫਾ ਵਿਚ। ਧੰਨ ਭਾਗ ਤੇ ਉਸ ਬੋਲੀ ਦੇ ਜਿਸ ਨੂੰ ਅਜਿਹਾ ਪਿਆਰਾ ਮਿਲਿਆ।

ਪ੍ਰੀਤਮ ਸਿੰਘ ਪੰਛੀ ਜੀ ਸ਼ਖਸੀਅਤ ਅਤੇ ਕਲਮ ਕਵੀ ਜੀਆਂ ਵਾਂਗੂੰ ਨਧੜਕਤਾ ਦਾ ਸਹੀ ਸਬੂਤ ਨਜ਼ਰ ਆਉਂਦੀਆਂ ਹਨ।

ਨੀਲਧਾਰੀ ਜੀ ਚਰਿਤ੍ਰੋ ਪਖਿਆਨ ਨੂੰ ਕਿੰਨੀਆਂ ਡੂੰਘਾਈਆਂ ਵਿੱਚ ਲਿਆ ਕੇ ਪੇਸ਼ ਕਰ ਰਹੇ ਹਨ। ਕਵਿਤਾ ਖੇਤਰ ਵਿਚ ਸਾਰੇ ਜਾਣੇ ਪਛਾਣੇ ਹੀ ਲੱਗ ਰਹੇ ਹਨ। ਪਤਾ ਨਹੀਂ ਲੱਗ ਰਿਹਾ ਧੀਰ ਜੀਆਂ ਨੇ ਇਹ ਕਵਿਤਾ ਕਦੋਂ ਲਿਖੀ ਹੋਵੇਗੀ। 'ਲਹਿਰਾਂ', 'ਪ੍ਰਦੇਸਣ', 'ਸੁਹਲੜੇ' ਦੀ ਤ੍ਰਿਵੈਣੀ ਮੇਰਾ ਅਜੇ ਪਿੱਛਾ ਨਹੀਂ ਛੱਡ ਰਹੀ ਭਾਵੇਂ ਮੇਰਾ ਬਹੁਤਾ ਸਮਾਂ ਹੁਣ 'ਸਫ਼ਰ' ਵਿਚ ਹੀ ਗੁਜ਼ਰ ਰਿਹਾ ਹੈ।

ਚੰਗਾ ਹੋਇਆ ਮਾਨ ਤੇ ਸੁਨੇਹੀ ਜੀਆਂ ਦਾ ਦੰਗਲ ਤੁਸੀਂ ਇੱਥੇ ਹੀ ਬੰਦ ਕਰਵਾ ਦਿਤਾ। ਸਭ ਤੋਂ ਵੱਡੀ ਜੰਗ ਤੇ ਆਪਣੇ ਆਪ ਨਾਲ ਲੜਨ ਦੀ ਹੈ, ਇਸ ਵੱਲ ਕੋਈ ਧਿਆਨ ਹੀ ਨਹੀਂ ਦੇ ਰਿਹਾ।

ਇੰਜ ਮਹਿਸੂਸਨਾ ਜਿਵੇਂ ਸਾਰਾ ਵਰਿਆਮ ਮੈਂ  ਇੱਕ ਵਾਰ ਫ਼ੇਰ ਪੜ ਲਿਆ ਹੈ। ਬਹੁਤਾ ਟਿਪਣੀਆਂ ਵਿਚ ਪੈਣ ਨਾਲ ਕਿਸੇ ਨੂੰ ਦੁੱਖ ਹੋ ਸਕਦਾ, ਪਰ ਗਲਤ ਨੂੰ ਬਰਦਾਸ਼ਤ ਕਰ ਲੈਣਾ ਮੈਨੂੰ ਜ਼ਹਿਰ ਪੀਣ ਵਾਂਗੂੰ ਲਗਦਾ ਹੈ।

ਆਪ ਨੇ ਜਨਵਰੀ, ੨੦੦੫ ਦੇ ਵਰਿਆਮ ਵਿਚ ਸੰਪਾਦਕੀ ਵਿਚ, ਅਤੇ ਸਭ ਤੋਂ ਪਹਿਲਾਂ ਸ਼ਿਵ ਕੁਮਾਰ ਦੀ 'ਆਰਤੀ' ਛਾਪ ਕੇ ਸੱਚੀ ਸੁੱਚੀ ਅਕੀਦਤ ਪੇਸ਼ ਕੀਤੀ ਹੈ। ਆਪ ਦੇ ਵਿਸ਼ਾਲ ਹਿਰਦੇ ਨੂੰ ਸਲਾਮ! 'ਵਰਿਆਮ' ਲਗਾਤਾਰ ਮਿਲ ਰਿਹਾ ਹੈ।

*—ਮੋਹਨ ਭੰਡਾਰੀ*
*ਮੋਹਾਲੀ*

.......

'ਵਰਿਆਮ' ਦਾ ਅਧਿਐਨ ਮੇਰੇ ਲਈ ਜ਼ਰੂਰੀ ਬਣਦਾ ਜਾ ਰਿਹਾ ਹੈ। ਬਹੁਤ ਕੁਝ ਨਵਾਂ ਅਤੇ ਸੱਜਰਾ ਪਤ੍ਰਿਕਾ ਰਾਹੀਂ ਪ੍ਰਾਪਤ ਹੁੰਦਾ ਹੈ। ਤੁਸੀਂ ਬਹੁਤ ਹੀ ਜਾਗਰੂਕ ਸੰਪਾਦਕ ਹੋ। ਨਾਮਧਾਰੀ ਲਹਿਰ ਬਾਰੇ ਤਾਂ ਬਹੁਤ ਕੁਝ ਨਿਵੇਕਲਾ ਅਤੇ ਪੱਕਾ ਜਾਨਣ ਨੂੰ ਮਿਲਦਾ ਹੈ।

ਪਤ੍ਰਿਕਾ ਦੇ ਜਨਵਰੀ ੨੦੦੫ ਵਾਲੇ ਅੰਕ 'ਚ ਸ੍. ਪ੍ਰੀਤਮ ਸਿੰਘ ਪੰਛੀ ਬਾਰੇ ਦਿੱਤੀ ਸ਼ਰਧਾਂਜਲੀ ਅਭਿਨੰਦਨ ਯੋਗ ਹੈ।

*—ਹਰਮਿੰਦਰ ਸਿੰਘ ਬੇਦੀ*
*ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*

## ਵਰਿਆਮ ਨੂੰ ਸਹਿਯੋਗ

ਬੀਬੀ ਦਵਿੰਦਰ ਕੌਰ ਜੰਮੂ ਨਮਿਤ ਮੇਲੇ ਸਮੇਂ ਪਰਿਵਾਰ ਵੱਲੋਂ ੫੦੦. ਰੁਪਏ
ਸ. ਅਮਰਜੀਤ ਸਿੰਘ ਆਗਿਆ ਸਿੰਘ ਜਲੰਧਰ ਵੱਲੋਂ ਸਮਾਗਮ ਸਮੇਂ ੫੦੦. ਰੁਪਏ
ਨਾਮਧਾਰੀ ਗੁਰਦੁਆਰਾ ਬਸਤੀ ਬੂਰੇ ਖਾਂ ਜਲੰਧਰ ਵੱਲੋਂ ਗੁਰਪੁਰਬ ਸਮੇਂ ੨੫੦. ਰੁਪਏ
ਸ. ਅਵਤਾਰ ਸਿੰਘ ਨਾਗੀ ਨਿਮਤ ਭੋਗ ਸਮੇਂ ੨੫੦ ਰੁਪਏ



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESATE,**

**JAMMU CANTT.**



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

**Namdhari Sales**

10240/54, Library Road, Azad Market, Delhi-110006





Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

Pinoneer Manufacturer in India of

- Automatic machines for producing Biscuits
- Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Bakhshish Singh Muchhal |
|---|---|---|
| *Manging Director* | *Director* | *Director* |



Namdhari Elibrary    NamdhariElibrary@gmail.com




ਹਰਬੱਲਭ ਸੰਗੀਤ ਸੰਮੇਲਨ ਜਲੰਧਰ ਵਿਖੇ ਕਲਕਾਰਾਂ, ਬਲਵੰਤ ਸਿੰਘ ਨਾਮਧਾਰੀ ਸੰਤੂਰ ਵਾਦਕ ਅਤੇ ਹਰਪ੍ਰੀਤ ਸਿੰਘ ਤਬਲਾ ਵਾਦਕ ਦਾ ਸਨਮਾਨ ਕਰਦੇ ਹੋਏ (ਖੱਬੇ ਤੋਂ) ਸ. ਸ.ਅਜੀਮਲ, ਸੰਤ ਰਛਪਾਲ ਸਿੰਘ ਜੀ ਹਜ਼ੂਰੀ ਸੇਵਕ, ਸ੍ਰੀ ਓ. ਪੀ. ਸੇਠ ਪ੍ਰਧਾਨ ਹਰਬਲੱਭ ਅਤੇ ਸ. ਜਗਦੀਸ਼ ਸਿੰਘ ਵਰਿਆਮ।




ਹਰਬੱਲਭ ਸੰਮੇਲਨ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ੧ ਲੱਖ ਰੁਪਏ ਦੀ ਸਹਾਇਤਾ ਭੇਜੀ ਗਈ। ਇਸ ਅਵਸਰ ਤੇ ਖਬਿਉਂ ਸੱਜੇ ਸ੍ਰੀ ਓ.ਪੀ. ਸੇਠ ਪ੍ਰਧਾਨ , ਸ. ਜਸਵਿੰਦਰ ਸਿੰਘ, ਸ. ਜਗਦੀਸ਼ ਸਿੰਘ , ਸੰਤ ਹਰਪਾਲ ਸਿੰਘ ਸੇਵਕ,ਸੰਤ ਅਜੀਤ ਸਿੰਘ ਲਾਇਲ, ਸ.ਅਜੀਮਲ, ਮੇਅਰ ਸੁਰਿਦਰ ਮਹੇ ਅਤੇ ਸ੍ਰੀਮਤੀ ਪੂਰਨਿਮਾ ਬੇਰੀ ਜਰਨਲ ਸਕੱਤਰ ਹਰਬੱਲਭ ਸੰਮੇਲਨ।

Namdhari Elibrary NamdhariElibrary@gmail.com

Registerd No. PB (0016) 2003 MONTHLY WARIAM Ladowali Road, Jalandhar- 144001
Regd. RNI No. 26453/75 Feb.-2005




# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S. 7455 ਅਤੇ ਅਭੀਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰਾ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 834036, 834420
ਮੋਬਾਇਲ : 98141-33109


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
ਫੋਨ - 2222543, ਨਿਵਾਸ- 2456289

Namdhari Elibrary NamdhariElibrary@gmail.com